# ਗੁਰੁਛੰਦ ਦਿਵਾਕਰ

ਭਾਸ਼ਾ ਵਿਭਾਗ, ਪੰਜਾਬ

# ਗੁਰੁਛੰਦ ਦਿਵਾਕਰ

ਅਰਥਾਤ

## ਸਿੱਖ ਕਾਵਿ ਦਾ ਛੰਦ ਸਾਸ਼ਤਰ

ਭਾਈ ਕਾਨ੍ਹ ਸਿੰਘ ਨਾਭਾ

ਭਾਸ਼ਾ ਵਿਭਾਗ, ਪੰਜਾਬ

GURUCHHAND DIWAKAR (In Punjabi)

Bhai Kahn Singh Nabha
ਗੁਰੁਛੰਦ ਦਿਵਾਕਰ
ਭਾਈ ਕਾਨ੍ਹਸਿੰਘ ਨਾਭਾ

© ਭਾਸ਼ਾ ਵਿਭਾਗ, ਪੰਜਾਬ

ਪਹਿਲਾ ਐਡੀਸ਼ਨ : 1970
ਦੂਜਾ ਐਡੀਸ਼ਨ : 1991
ਕਾਪੀਆਂ : 2000
ਮੁੱਲ ; 14 ਰੁਪਏ 40 ਪੈਸੇ

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ
ਛਾਪਕ : ਸਤਿਆਦੀਪ ਆਫਸੈਟ ਪ੍ਰਿੰਟਰਜ਼, 292, ਇੰਡਸਟਰੀਅਲ ਏਰੀਆ, ਚੰਡੀਗੜ੍ਹ
ਰਾਹੀਂ : ਕੰਟਰੋਲਰ, ਛਪਾਈ ਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ

## ਦੋ ਸ਼ਬਦ

ਭਾਈ ਕਾਨ੍ਹ ਸਿੰਘ ਜੀ ਪੰਜਾਬ ਦੇ ਮਹਾਨ ਸਪੂਤ ਤੇ ਸਰਵਸ੍ਰੇਸ਼ਟ ਵਿਦਵਾਨ ਹੋਏ ਹਨ। ਉਨ੍ਹਾਂ ਨੇ ਜੀਵਨ ਭਰ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਸੇਵਾ ਕਰਕੇ ਇਸ ਦੇ ਖ਼ਜ਼ਾਨੇ ਨੂੰ ਭਰਪੂਰ ਕੀਤਾ। ਆਪ ਦੀਆਂ ਰਚਨਾਵਾਂ ਵਿਚਸਾਹਿਤ ਤੇ ਧਰਮ ਬਾਰੇ ਡੂੰਘੇ ਅਧਿਐਨ ਅਤੇ ਖੋਜ ਦੀਆਂ ਲਖਾਇਕ ਹਨ। ਭਾਸ਼ਾ ਵਿਭਾਗ ਦੁਆਰਾ ਆਪ ਦੀਆਂ ਤਿੰਨ ਪ੍ਰਮੁਖ ਰਚਨਾਵਾਂ 'ਗੁਰੂ ਸ਼ਬਦ ਰਤਨਾਕਰ', 'ਗੁਰਮਤ ਸੁਧਾਕਾਰ' ਅਤੇ 'ਗੁਰੁਛੰਦ ਦਿਵਾਕਰ' ਪ੍ਰਕਾਸ਼ਤ ਕੀਤੇ ਜਾ ਚੁੱਕੇ ਹਨ। 'ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼' ਸਿੱਖ ਧਰਮ ਤੇ ਸਾਹਿਤ ਦਾ ਸਰਬਪੱਖੀ ਤੇ ਅਤਿ ਅਮੀਰ ਵਿਸ਼ਵਕੋਸ਼ ਦਾ ਬੀਜ ਵੀ ਤੇ ਵਿਰਾਟ ਰੂਪ ਹੈ ਅਤੇ ਇਸ ਨਾਤੇ ਵੱਡਮੁਲੇ ਹਵਾਲਾ ਗ੍ਰੰਥ ਦਾ ਦਰਜਾ ਵੀ ਰਖਦਾ ਹੈ। "ਗੁਰਮਤ ਸੁਧਾਕਰ" ਸਿੱਖੀ ਦੇ ਬੁਨਿਆਦੀ ਸਿਧਾਂਤਾ ਦੀ ਵਿਆਖਿਆ ਹੈ ਜਦ ਕਿ "ਗੁਰੁਛੰਦ ਦਿਵਾਕਰ" ਛੰਦ ਸ਼ਾਸਤਰ ਦੇ ਖੇਤਰ ਨਾਲ ਤੱਲੁਕ ਰਖਦੀ ਹੈ। ਇਸ ਪੁਸਤਕ ਵਿਚ ਸਿੱਖ ਸਾਹਿਤ ਵਿਚ ਵਰਤੇ ਗਏ ਛੰਦਾਂ ਬਾਰੇ ਵਿਸਤ੍ਰਿਤ ਅਤੇ ਪ੍ਰਮਾਣਿਕ ਗਿਆਨ ਦੇਣ ਦਾ ਸਫ਼ਲ ਯਤਨ ਕੀਤਾ ਗਿਆ ਹੈ। ਛੰਦ ਦੇ ਸਰੂਪ, ਗੁਣਾਂ, ਦੋਸ਼ਾਂ ਆਦਿ ਬਾਰੇ ਵੇਰਵੇ ਬੜੀ ਸਰਲ ਭਾਸ਼ਾ ਵਿਚ ਅੰਕਿਤ ਕੀਤੇ ਗਏ ਹਨ ਅਤੇ ਹਰੇਕ ਗੱਲ ਉਦਾਹਰਣਾਂ ਦੇ ਕੇ ਸਮਝਾਈ ਗਈ ਹੈ।

ਭਾਰਤੀ ਕਾਵਿ ਸ਼ਾਸਤਰ ਵਿਚ ਛੰਦ ਨੂੰ ਅਹਿਮ ਸਥਾਨ ਹਾਸਲ ਹੈ। ਛੰਦ ਨੂੰ ਕਾਵਿ ਦਾ ਪ੍ਰਾਣ-ਤੱਤ ਮੰਨਿਆ ਜਾਂਦਾ ਸੀ ਅਤੇ ਕੁਝ ਸਮਾਂ ਪਹਿਲਾਂ ਤਕ ਵੀ ਛੰਦ ਰਹਿਤ ਕਵਿਤਾ ਨੂੰ ਕਵਿਤਾ ਹੀ ਨਹੀਂ ਮੰਨਿਆ ਜਾਂਦਾ ਸੀ। ਛੰਦ-ਬਧ ਰਚਨਾ ਨੂੰ ਯਾਦ ਰਖਣਾ ਸਹਿਲ ਹੁੰਦਾ ਹੈ। ਇਸੇ ਲਈ ਭਾਰਤ ਵਿਚ ਮੌਖਿਕ ਸਾਹਿਤ ਦੀ ਬੜੀ ਅਮੀਰ ਪਰੰਪਰਾ ਹੈ ਅਤੇ ਜਟਿਲ ਤੇ ਗੰਭੀਰ ਵਿਸ਼ੇ ਵੀ ਛੰਦ-ਬਧ ਰੂਪ ਵਿਚ ਉਪਲਬਧ ਹਨ।

ਅਜੋਕੇ ਸਮੇਂ ਵਿਚ ਛੰਦ ਮੁਕਤ ਕਵਿਤਾ ਦੀ ਚੋਖੀ ਰਚਨਾ ਹੋ ਰਹੀ ਹੈ ਪਰ ਛੰਦ-ਬਧ ਕਵਿਤਾ ਦਾ ਅਨੰਦ ਪਹਿਲਾਂ ਵਾਂਗ ਹੀ ਮਾਣਿਆ ਜਾਂਦਾ ਹੈ। ਪੰਜਾਬੀ ਦੇ ਵਿਦਿਆਰਥੀਆਂ ਅਤੇ ਵਿਦਵਾਨਾਂ ਲਈ 'ਗੁਰੁਛੰਦ' ਦਿਵਾਕਰ ਨੂੰ ਮੁੜ ਪ੍ਰਕਾਸ਼ਿਤ ਕਰਕੇ ਇਹ ਵਿਸ਼ਾ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਵਿਸ਼ੇ ਉਤੇ ਇਹ ਇਕ ਕਲਾਸਿਕ ਰਚਨਾ ਹੈ। ਇਸ ਦਾ ਪਹਿਲੀ ਵਾਰ ਪੁਨਰ-ਪ੍ਰਕਾਸ਼ਨ ਸਾਲ 1970 ਵਿਚ ਕੀਤਾ ਗਿਆ ਸੀ ਜੋ ਜਲਦੀ ਹੀ ਖ਼ਤਮ ਹੋ ਗਿਆ। ਇਸ ਦੇ ਸਾਹਿਤਕ ਮਹੱਤਵ ਅਤੇ ਪਾਠਕਾਂ ਦੀ ਮੰਗ ਨੂੰ ਮੁਖ ਰਖਦਿਆਂ ਇਸ ਦਾ ਮੁੜ ਪ੍ਰਕਾਸ਼ਨ ਕਰਵਾਇਆ ਜਾ ਰਿਹਾ ਹੈ ਤਾਂ ਜੋ ਕਾਵਿ ਸ਼ਾਸਤਰ ਤੇ ਗੁਰਬਾਣੀ ਦੇ ਛੰਦਾਂ ਦੇ ਵਿਦਿਆਰਥੀ ਇਸ ਤੋਂ ਲਾਭ ਉਠਾ ਸਕਣ।

ਮੈਨੂੰ ਆਸ ਹੈ ਕਿ ਪੰਜਾਬੀ ਵਿਦਵਾਨ, ਖੋਜੀ, ਸਾਹਿਤ ਰਸੀਏ ਅਤੇ ਵਿਦਿਆਰਥੀ ਇਸ ਪੁਸਤਕ ਦਾ ਪਹਿਲਾਂ ਵਾਂਗ ਹੀ ਨਿੱਘਾ ਸੁਆਗਤ ਕਰਨਗੇ ।


**ਐਸ. ਐਮ. ਦੂਆ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

੧ਓ

# ਗੁਰੁਛੰਦ ਦਿਵਾਕਰ ਦਾ ਸੂਚੀਪਤ੍ਰ.

ਇਸ ਗ੍ਰੰਥ ਵਿੱਚ ਆਏ ਛੰਦਾਂ ਦਾ ਤਤਕਰਾ ਇਸ ਲਈਂ ਨਹੀਂ ਲਿਖਿਆ ਕਿ ਸਾਰੇ ਛੰਦ, ਅਖਰ ਅਤੇ ਮਾਤ੍ਰਾ ਕ੍ਰਮ ਅਨੁਸਾਰ ਕੋਸ਼ ਦੀ ਰੀਤਿ ਨਾਲ ਲਿਖੇ ਗਏ ਹਨ, ਜਿਨਾਂ ਦੇ ਲੱਭਣ ਵਿੱਚ ਥੋੜੀ ਕਠਿਨਾਈ ਭੀ ਨਹੀਂ ਹੁੰਦੀ. ਛੰਦਨਾਮਾ ਨੂੰ ਛੱਡਕੇ ਹੋਰ ਵਿਸ਼ਯਾ ਦਾ ਤਤਕਰਾ ਇਹ ਹੈ :—


| | ਪੰਨਾ |
|---|---|
| ਉਰਦੂ ਅਤੇ ਅ਼ਰਬੀ ਫ਼ਾਰਸੀ ਦੇ ਛੰਦ | 30 |
| ਅਸਮਰਥ ਦੋਸ਼ | 36 |
| ਅਸ਼ਲੀਲ ਦੋਸ | 36 |
| ਅਸ੍ਰਕ | 43 |
| ਅਸ੍ਰਪਦੀ | 43 |
| ਅਧਿਕ | 18 |
| ਅਨੁਪ੍ਰਾਸ | 27 |
| ਅਨੰਤ ਤੁਕਾ. ਦੇਖੋ, ਭਿੰਨ ਤੁਕਾਂਤ. | |
| ਅਪਾਰਥ ਦੋਸ਼ | 37 |
| ਅਭੰਗ | 57 |
| ਅਰਧਵਿੰਦੁ | 17 |
| ਅ਼ਰਬੀ ਦੇ ਛੰਦ. ਦੇਖੋ, ਉਰਦੂ ਦੇ ਛੰਦ | |
| ਅੰਧ ਦੋਸ਼. | 37 |
| ਇਜ਼ਾਫ਼ਤ | 18 |
| ਇਲਮੇ ਅਰੂਜ਼ | 31 |
| ਸ਼ੱਦ | 56 |
| ਸਬਦ | 57 |
| ਸ਼ਬਦਹੀਨ ਦੋਸ਼ | 35 |
| ਸਮ ਛੰਦ | 23 |
| ਸਮ ਪਦ | 83 |
| ਸਲੋਕ | 59 |

| | ਪੰਨਾ |
|---|---|
| ਸਾਹਿਤਯ | 34 |
| ਸਿਹਰਫ਼ੀ | 75 |
| ਸਿੰਘਾਵਲੋਕਨ ਨਯਾਯ | 51 |
| ਸੋਲਹਾ | 80 |
| ਸੰਖਯਾ (ਗਿਨਤੀ) | 32 |
| ਸੰਗੀਤ ਛੰਦ | 82 |
| ਸ਼੍ਰੁਤਯਾਨੁਪ੍ਰਾਸ | 28 |
| ਕੋਰਣਕਟੁ ਦੋਸ਼ | 36 |
| ਕਲਿਸ੍ਰ ਦੋਸ਼ | 36 |
| ਕਵੀਆਂ ਨੂੰ ਸ਼ਿਖ਼ਾ | 38 |
| ਕਾਫ਼ੀਯਹ. ਦੇਖੋ, ਅਨੁਪ੍ਰਾਸ. | |
| ਕਾਲਵਿਰੁੱਧ ਦੋਸ਼ | 38 |
| ਕਾਵਯ | 34 |
| ਕਾਵਯ ਦਾ ਪ੍ਰਧਾਨ ਨਿਯਮ | 39 |
| ਕਾਵਯ਼ਦੋਸ਼ | 35 |
| ਕਾਵਯਰਚਨਾ | 34 |
| ਗਣ. ਦੇਖੋ, ਮਾਤ੍ਰਿਕ ਅਤੇ ਵਰਣਿਕ ਗਣ. | |
| ਗਣਛੰਦ | 23 |
| ਗਦਯ | 34 |
| ਗੁਰੁ | 18 |
| ਗੁਰੁ ਗ੍ਰੰਥਸਾਹਿਬ ਅਤੇ ਛੰਦ | 25 |

| | ਪੰਨਾ |
|---|---|
| ਚਰਣ | 22 |
| ਚੰਪੂ | 34 |
| ਛੇਕਾਨੁਪ੍ਰਾਸ | 27 |
| ਛੰਦ | 21 ਅਤੇ 119 |
| ਛੰਦਸ਼ਾਤਰ ਦੇ ਅੰਗ | 17 |
| ਛੰਦਜਾਤਿ | 21 |
| ਛੰਦ ਦਾ ਪਾਠ | 39 |
| ਛੰਦ ਦਾ ਲਛਣ | 23 |
| ਛੰਦਪਰਿਛਾ | 24 |
| ਛੰਦਾਂ ਦੇ ਭੇਦ | 23 |
| ਛੰਦਾਂ ਦੇ ਨਾਮ ਲਛਣ ਅਤੇ ਉਦਾਹਰਣ | 40 |
| ਡਖਣਾ | 122 |
| ਤੁਕਾਂਤ. ਦੇਖੋ, ਅਨੁਪ੍ਰਾਸ ਅਤੇ 29 | |
| ਦਸ਼ਾਛਰ | 20 |
| ਦਗਧ ਅਛਰ | 19 |
| ਦੁੱਤ | 18 |
| ਦੇਸ਼ਵਿਰੁੱਧ ਦੋਸ਼ | 37 |
| ਦੇਵਕਾਵਜ | 19 |
| ਦੰਡਕ | 135 |
| ਦ੍ਰਿਤ੍ਰ. ਦੇਖੋ, ਦੁੱਤ. | |
| ਧ੍ਰਵਪਦ | 135 |
| ਨੰਗਨ ਦੋਸ਼ | 37 |
| ਨਰਕਾਵਜ | 19 |
| ਨਿੰਦਿਤ ਕਵੀ | 39 |
| ਨਿਰਰਥਕ ਦੋਸ਼ | 36 |
| ਪੱਟੀ | 146 |
| ਪਦ, ਦੇਖੋ, ਚਰਣ ਅਤੇ | 146 |
| ਪਦਜ | 34 |
| ਪਲੁਤ (ਵ੍ਲੁਤ) | 26 |
| ਪੜਤਾਲ | 154 |
| ਪਾਦ. ਦੇਖੋ, ਚਰਣ | |

| | ਪੰਨਾ |
|---|---|
| ਪੁਨਰੁਕ੍ਤਿ ਦੋਸ਼ | 37 |
| ਪੈਂਤੀ, ਪੈਂਤੀਸ ਅੱਖਰੀ | 156 |
| ਪੰਗੁ ਦੋਸ਼ | 36 |
| ਪ੍ਰਤਿਭਾ | 34 |
| ਪ੍ਰਤਜਯ | 33 |
| ਫ਼ਾਰਸ਼ੀ ਦੇ ਛੰਦ ਦੇਖੋ, ਉਰਦੂ ਦੇ ਛੰਦ | |
| ਬਧਿਰ ਦੋਸ਼ | 37 |
| ਬਾਰਾਂ ਮਾਹਾ | 160 |
| ਬਿਰਦ. ਦੇਖੋ, ਵਿਰਦ. | |
| ਭਿੰਨ ਤੁਕਾਂਤ (Blank Verse) | 49 |
| ਮਾਤ੍ਰਾ | 18 |
| ਮਾਤ੍ਰਿਕ ਗਣ | 20 |
| ਮਾਤ੍ਰਿਕ ਛੰਦ | 23 |
| ਮਿਸ਼੍ਰਿਤ ਛੰਦ | 23 |
| ਮ੍ਰਿਤਕ ਦੋਸ਼ | 37 |
| ਯਤਿ (ਵਿਸ਼੍ਰਾਮ) | 22 |
| ਯਤਿਭੰਗ ਦੋਸ਼. ਦੇਖੋ, ਪੰਗੁ | |
| ਰਸਵਿਰੁੱਧ ਦੋਸ਼ | 37 |
| ਰਦੀਫ਼. ਦੇਖੋ, ਅਨੁਪ੍ਰਾਸ. ਰੇਖ਼ਤਾ | 182 |
| ਲਘੁ | 18 |
| ਲਾਟਾਨੁਪ੍ਰਾਸ | 28 |
| ਵਰਣਛੰਦ | 23 |
| ਵਰਣਿਕ ਗਣ | 19 |
| ਵਿਸ਼੍ਰਾਮ. ਦੇਖੋ, ਯਤਿ | |
| ਵਿਖਮ ਛੰਦ | 23 |
| ਵਿਖਮ ਛੰਦਾਂ ਦੇ ਤਿੰਨ ਭੇਦ | 23 |
| ਵਿਖਮ ਪਦ | 88 |
| ਵਿਰਦ | 164 |
| ਵੀਪਸਾ | 37 |
| ਵ੍ਰਿੱਤ. ਦੇਖੋ, ਛੰਦ | |
| ਵ੍ਰਿਤਜਾਨੁਪ੍ਰਾਸ | 28 |

## 1 ਅਖਰ ਤੋਂ ਲ ਕੇ 34 ਅਖਰ ਤੀਕ ਦੇ ਛੰਦਾਂ ਦੀ ਸੂਚੀ

| ਅਖਰ | |
|---|---|
| 1 | ਸ਼੍ਰੀ । ਦੇਖੋ, ਏਕਾਖਰੀ । |
| 2 | ਸਾਰ 2 । ਮਹੀ । |
| 3 | ਅਨਕਾ । ਸ਼ਸ਼ੀ । ਕਮਲ । ਚਾਚਰੀ 2 । ਪ੍ਰਿਯਾ 2 । ਮ੍ਰਿਗੇਂਦ੍ਰ । ਰਮਣ । |
| 4 | ਅਕਵਾ । ਅਜਬਾ । ਅਰੂਪਾ । ਸੁਧੀ । ਹੋਹਾ । ਕਨਜਾ । ਕ੍ਰੀੜਾ । ਚਾਚਰੀ । ਤਿਲਕਾ । ਤੀਰਣਾ । ਤ੍ਰਿਗਤਾ । ਦੇਵੀ । ਨਗਸ੍ਵਰੂਪੀ ਅਰਧ । ਨਰਾਜਲਘੁ । ਮਾਧੋ । ਰਮਾ । ਰੰਗੀ 3 । |
| 5 | ਉਗਾਧ । ਉਛਲਾ । ਉਛਾਲ । ਅਰਧ ਪਾਧਰੀ । ਹੰਸਕ । ਚਰਪਟ । ਤਵੀਲ । ਤਿਲਕੜੀਆ । ਨਾਯਕ । ਪੰਕਤਿ । ਯਸ਼ੋਦਾ । |
| 6 | ਉਤਭੁਜ । ਅਕਰਾ । ਅਣਕਾ । ਅਨਹਦ । ਅਨੁਭਵ । ਅਪੂਰਬ । ਅਰਧ ਭੁਜੰਗ । ਸ਼ਸ਼ਿਵਦਨਾ । ਸੋਮਰਾਜੀ । ਸੰਖਨਾਰੀ । ਹਰਿਬੋਲਮਨਾ । ਕੁਲਕ । ਕੁਲਕਾ । ਚੰਡਰਸਾ । ਝੂਲਾ । ਤਿਲਕਾ 2 । ਤ੍ਰਿਣਣਿਣ । ਤ੍ਰਿੜਕਾ । ਬਿਰਾਜ । ਭਗਵਤੀ । ਭੜਥੂਆ । ਮਧੁਰ ਧੁਨਿ । ਮਾਲਤੀ 2 । ਮੰਥਾਨ । ਰਸਾਵਲ 1 । ਰਾਵਣ ਵਾਦ । ਰੁਣਝੁਣ । ਰੁਮਾਣਕਾ । ਵਿਜੋਹਾ । ਵਿਮੋਹਾ । ਵਿਰਾਜ । |
| 7 | ਸਬਾਸ । ਸਮਾਨਿਕਾ । ਸਵਾਸ਼ਨ । ਸੁਵਾਸ । ਕੁਮਾਰ ਲਲਿਤ 2 । ਕ੍ਰਿਪਾਨਕ੍ਰਿਤ । ਤਰਨਰਾਜ । ਬਾਨ ਤੁਰੰਗਮ । |
| 8 | ਅਜਾ । ਅਜੰਨ । ਅਨਾਦ । ਸਗੌਨਾ । ਸਮਾਨੀ । ਸੁਖਦਾਬ੍ਰਿੱਧ । ਸੁੱਧਗਾ । ਕੁਮਾਰ ਲਲਿਤ । ਚਿਤ੍ਰਪਦਾ । ਤੁੰਗ । ਤੁਰੰਗਮ । ਨਗ ਸ੍ਵਰੂਪਿਣੀ । ਨਰਹਰਿ । ਨਰਾਜ ਅਰਧ । ਨਵ ਨਾਮਕ । ਪਦਮ । ਪ੍ਰਮਾਣਿਕਾ । ਬਚਿਤ੍ਰ ਪਦ । ਭਗਵਤੀ 2 । ਮੱਲਿਕਾ । ਮਾਲਤੀ 3 । ਵਿਚਿਤ੍ਰ ਪਦਾ । ਵਿਦਜੁਨਮਾਲਾ । ਵਿਧੂਪ ਨਰਾਜ । |
| 9 | ਅਕੜਾ । ਸਾਰੰਗਿਕ । ਤੋਮਰ । ਭੁਜੰਗ । ਸ਼ਿਸ਼ੁਸੁਤਾ । |
| 10 | ਉਗਾਥਾ । ਅੜੂਹਾ । ਸਾਰਵਤੀ । ਸੰਯੁਤ । ਚੰਪਕਮਾਲਾ । ਤ੍ਵਰਿਤ ਗਤਿ । ਪ੍ਰਿਯਾ । ਬੇਲੀ ਬਿਦ੍ਰਮ 2 । ਰੁਕਮਵਤੀ । |
| 11 | ਅਨੁਕੂਲ । ਅਨੁਕੂਲਾ । ਇੰਦ੍ਰਵਜ੍ਰਾ । ਕੰਠਾਭੂਖਣ । ਦੋਧਕ । ਪਧਿਸ੍ਰਕਾ । ਬੇਲੀ ਬਿਦ੍ਰਮ । ਬੰਧੁ । ਮਾਧੋ 2 । ਮੌਕ੍ਤਿ ਮਾਲਾ । |
| 12 | ਅਸਤਰ । ਅਸਤਾ । ਅਸਤ੍ਰਾ । ਅਚਕੜਾ । ਅਲਕਾ । ਸੁੰਦਰੀ 2 । ਸੁੱਧਗਾ । ਸ੍ਰਗ੍ਵਿਣੀ । ਕਾਮਿਨੀ ਮੋਹਨਾ । ਤਿਲਕਾ । ਕੁਸੁਮ ਵਿਚਿਤ੍ਰਾ । ਤਰਲ ਨਯਨ । ਤਾਰਕ । ਤੋਟਕ । ਦ੍ਰੁਤ-ਵਿਲੰਬਤ । ਪੰਕਜ ਵਾਟਿਕਾ । ਭੁਜੰਗ ਪ੍ਰਯਾਤ । ਮਾਲਤੀ 5 । ਮੋਦਕ । ਮੋਹਣੀ 2 । ਮੋਹਨ 2 । ਮੋਤਿਯ ਦਾਮ । ਮੋਦਕ । ਯਮੁਨਾ । ਲਖਮੀ ਧਰਾ । |
| 13 | ਆਨੰਦ । ਏਕਾਵਲਿ । ਕੋਰੜਾ । ਤਾਰਕਾ । ਪੰਕਜਵਾਟਿਕਾ 2 । ਮਨੋਜ 2 । |
| 14 | ਪਯਾਰ । ਬਸੰਤ ਤਿਲਕਾ । |
| 15 | ਏਲਾ 3 । ਸਾਰੰਗੀ । ਸੋਮਵੱਲਰੀ । ਚਾਮਰ । ਤੂਣ । ਨਿਸ਼ਿਪਾਲ । ਮੋਹਨੀ 2 । |
| 16 | ਅਸ੍ਰਗਤਿ । ਅਨੁਸ੍ਰਭ । ਅਨੁਪ ਨਰਾਜ । ਅਭੰਗ (ਅ) । ਸਲੋਕ । ਚਿਤ੍ਰ । ਚੰਚਲਾ । ਨਰਾਚ । ਨਰਾਜ । ਨਾਗਰਾਜ । ਨੀਲ । ਪੰਚ-ਚਾਮਰ । ਬਿਸੇਖ । ਬਿਸ਼ੇਸ਼ਕ । ਬਿਰਾਜ 2 । ਬ੍ਰਹਮ ਰੂਪਕ । ਮਨ ਹਰਣ । ਵਿਚਿਤ੍ਰਾ । ਵਿਰਾਜ 2 । |
| 17 | ਸਾਰਸ੍ਵਤੀ । ਰੁਆਮਣ । ਰੁਆਮਲ । ਰੁਆਲ । ਰੁਆਲਾ । ਰੂਆਮਲ । ਰਆਲ । |

| ਅੱਖਰ | |
|---|---|
| 18 | ਹੀਰ 2 । ਕ੍ਰੀੜਾ ਚਕ੍ਰ । ਚਚਰੀਆ । ਚਰਚਰੀ । ਚੰਚਰੀ । ਚੰਚਲੀ । ਨਾਰਾਚ । ਮਾਲਿਕਾ । ਵਿਬੁਧ ਪ੍ਰਿਯਾ । |
| 19 | ਸ਼ਾਰਦੂਲ ਵਿਕ੍ਰੀੜਿਤ । |
| 20 | ਗੀਤਿਕਾ 3 । |
| 21 | ਸਰਸੀ 2 । ਪੰਚਕਾਵਲਿ । |
| 22 | ਉਟੰਕਣ । ਅਭੰਗ (ੳ) ਮਦਿਰਾ । |
| 23 | ਇੰਦਵ । ਸਰਵਗਾਮੀ । ਸਾਰਦਾ । ਸੁੰਦਰਿ । ਸੁਮੁਖੀ । ਚਕੋਰ । ਚਿਤ੍ਰ ਪਦਾ 2 । ਬਿਜੈ । ਮੱਤਗਯੰਦ । ਮੱਤਾ ਕ੍ਰੀੜਾ । ਮਨੋਹਰ । ਮੱਲਿਕਾ । ਮਾਨਿਨੀ । ਮਾਲਤੀ । ਮੁਕਤ ਹਰਾ । ਲਲਿਤ । |
| 24 | ਅਰਸਾਤ । ਆਭਾਰ । ਕਿਰੀਟ । ਗੰਗਾਧਰ । ਗੰਗੋਦਕ । ਚੰਦ੍ਰਕਲਾ । ਝੂਲਨਾ । ਦੁਰਮਿਲ । ਪ ਤਾਲ । ਮਹਾ ਭੁਜੰਗ-ਪ੍ਰਯਾਤ । ਮਕਰੰਦ । ਮਣਿਧਰ । ਮਾਧਵੀ । ਮੁਕ੍ਤਹਰਾ । ਮੰਜਰੀ । ਵਾਮ । |
| 25 | ਅਰਬਿੰਦ । ਸੁਖਦਾਨੀ । ਸੁੰਦਰੀ । ਕ੍ਰੌਂਚ । ਮਨ ਮੋਦਕ । ਮੱਲੀ ਰਤਨ ਮਾਲਿਕਾ । ਲਵੰਗਲਤਾ । |
| 26 | ਸਾਵਨ । ਸਖ । ਹਾਰ । ਕੁੰਦਲਤਾ । |
| 28 | ਰੰਗੀ । |
| 31 | ਕਬਿੱਤ । ਕਲਾਧਰ । ਮਨਹਰ । |
| 32 | ਅਨੰਗ ਸ਼ੇਖਰ । ਸੁਖਾਨਿਧਿ । ਕ੍ਰਿਪਾਨ । ਘਨਪਾਲ । ਘਨਾਖਰੀ । ਮਹਾਨਰਾਚ । ਮਨੋਭਵ । |
| 33 | ਦੇਵਘਨਾਖਰੀ । |
| 34 | ਤ੍ਰਿਭੰਗੀ ਦੀਰਘ । |

---

**ਵਿਖਮ ਵਰਣਿਕ ਛੰਦ :—**

8—12—18 ਕਕੁਭ ।
22—24 ਰਮਜ ।
25—23 ਸੁਰਧੁਨਿ ।
26—24 ਮਨੋਜ ।

8 ਮਾਤ੍ਰਾ ਤੋਂ ਲੈ ਕੇ 63 ਮਾਤ੍ਰਾ ਤੀਕ ਦੇ ਛੰਦ :—

| ਮਾਤ੍ਰਾ | |
|---|---|
| 8 | ਅਜੂਬਾ । ਸੁਖਦਾ । ਕੁਲਕ 2 । ਚਰਪਟ ਛੀਗਾ । ਛਕਤ । ਛਬਿ । ਜੀਵਨ । ਪਾਧਰੀ ਅਰਧ । ਪ੍ਰਸਿੱਧ । ਮਧੁਭਾਰ । ਮੋਹਣ । ਮੋਹਣਾ । |
| 11 | ਅਹੀਰ । ਅਭੀਰ । ਪਧਿਸ੍ਰਕਾ 1 । ਮਾਲਤੀ 4 । |
| 12 | ਅਮ੍ਰਿਤ ਗਤਿ । ਤੋਮਰ 2 । ਨਿਤਾ । ਮਕਰਾ । |
| 13 | ਉੱਲਾਲਾ । ਚੰਦ੍ਰਮਣਿ । |
| 14 | ਸੁਧਾਧਰ । ਹਾਕਲ । ਹਾਕਲਾ । ਕੱਜਲ । ਪਜਾਰ । |
| 15 | ਏਲਾ 3 । ਹੰਸ । ਗੁਪਾਲ । ਚਉਬੋਲਾ । ਚੌਪਈ । ਜਯਕਰੀ । ਭੁਜੰਗਿਨੀ । |
| 16 | ਉਪਚਿਤ੍ਰਾ । ਅਤਿ ਮਾਲਿਤੀ । ਅਰਿੱਲ । ਅੜਿੱਲ । ਸੁੰਦਰੀ 4 । ਸੁਪ੍ਰਿਯਾ । ਸੰਖਨੀ । ਡਿੱਲਾ । ਤਿਲੋਕੀ । ਨਵਪਦੀ । ਪੱਧਰੀ । ਪਾਦਾ ਕੁਲਕ । ਪਾਧਰੀ । ਪਾਧੜੀ । ਬਹੋੜਾ । ਮਾਧੋ 3 । ਮੋਹਨੀ । ਰੂਪ ਚੌਪਈ । |
| 18 | ਬੈਤ । |
| 19 | ਸੁਮੇਰੁ । ਧ੍ਰਵ । ਨੰਦਾ । ਬਰਵਾ । ਬੈਤ 2 । 3 । 5 । ਮਸਨਵੀ । ਮੋਹਿਨੀ । |
| 20 | ਹੰਸ ਗਤਿ । ਬੈਤ 4 । |
| 21 | ਅੜਿੱਲ 3 । ਸਿਰਖੰਡੀ 1 । ਹਰਿਹਾਂ । ਗ਼ਜ਼ਲ 2 । ਚਾਂਦ੍ਰਾਯਣ । ਤਿਲੋਕੀ 2 । ਪਉੜੀ 5 । ਪਰਿਹਾਂ । ਪਲਵੰਗਮ । ਪਵੰਗਮ । ਪੁਨਹਾ । ਫੁਨਹਾ । ਬਹੜਾ । |
| 22 | ਸਿਰਖੰਡੀ 2 । ਸੁਖਦਾ 2 । ਪਉੜੀ 10 । ਰਾਧਿਕਾ । |
| 23 | ਉਪਮਾਨ । ਅਵਤਾਰ । ਸਿਰਖੰਡੀ 3 । ਹੀਰ । ਹੀਰਕ । ਨਿਸ਼ਾਨੀ । ਪਉੜੀ 20 । 21 । ਮੋਹਨ 3 । |
| 24 | ਅਮ੍ਰਿਤਧੁਨਿ । ਏਲਾ । ਸਿੰਹਿਕਾ । ਸੁਕਾਵਜ । ਸੁਭਟੇਂਦ੍ਰ । ਸ਼ੋਭਨ । ਸੋਰਠਾ । ਕਾਵਜ । ਕੁੰਡਲੀਆ । ਚੌਪਦ । ਦਿਗਪਾਲ । ਦੋਹਰਾ । ਦੋਹਾ । ਪਉੜੀ 12 । 13 । 14 । ਬੱਥੂ । ਮਦਨ । ਮ੍ਰਿਦੁਗਤਿ । ਰਸਾਵਲ 2 । ਰੂਪਮਾਲਾ । ਰੋਲਾ । |
| 25 | ਸੁਗੀਤਾ । ਸੁਗੀਤਿਕਾ । ਗੀਤਿਕਾ 2 । ਮੁਕਤਾਮਣਿ । |
| 26 | ਉਗਾਹਾ । ਸੰਕਰ । ਗੀਤਾ । ਗੀਤਿਕਾ । ਪਉੜੀ 26 । ਬਿਸਨੁਪਦ । |
| 27 | ਸਰਸੀ । ਸੁਥਰਾ । ਗ਼ਜ਼ਲ । ਗਾਹਾ 2 । ਬਿਸਨੁਪਦ 6 । ਲਲਿਤ ਪਦ 2 । |
| 28 | ਉੱਲਾਲ । ਸਟਪਟਾ । ਸਾਰ । ਹਰਗੀਤ੍ਰਾ । ਹਰਿ ਗੀਤਿਕਾ । ਗੀਆ । ਗੀਤ ਮਾਲਿਤੀ । ਦੁਵੈਯਾ । ਦੋਵੈ । ਪੈਡੀ । ਪੈੜੀ । ਬਿਸਨੁ ਪਦ 2 । ਬਿਧਾਤਾ । ਬੈਤ 8 । ਮੋਹਨ । ਲਲਿਤ-ਪਦ । |
| 29 | ਅਮ੍ਰਿਤਘਟ । ਸੱਦ 2 । ਚੁਲਿਯਾਲਾ । ਚੂਲਕਾ । ਮਨਹਰੀ । ਮਰਹਟਾ । ਮਰਹਰੀ । ਮਾਰਹ । ਮਾਰਹਾ । |
| 30 | ਸ਼ੋਕ ਹਰ । ਕਕੁਭਾ । ਕੁਕੁਭ । ਘੱਤਾ 2 । ਦਉਬੋਲਾ 8 । ਚਤੁਸਪਦੀ । ਚਵਪੈਯਾ । ਤਾਟੰਕ । ਪਦਮਾਵਤੀ । ਪ੍ਰਮੋਦਕ । ਮੱਤ ਦੁਰਮਿਲਾ । ਮੰਜੁ । ਲਾਉਨੀ । ਲਾਵਨੀ । |
| 31 | ਸੌਮਜ । ਬਾਣ । ਬੀਰ ! |
| 32 | ਅਤਿਗੀਤਾ । ਸਮਾਨ । ਸੁੰਦਰ । ਕਮਲਾਵਤੀ । ਕਮੰਦ । ਘੱਤਾ । ਤ੍ਰਿਭੰਗੀ । ਦੁਰਮਿਲ ਮਾਤ੍ਰਿਕ । ਦੰਡਕਲਾ । ਨਿਸਾਕਰ । ਪਦਮਾਵਤੀ 2 । ਮਲਿਦ । ਰੰਗੀ 2 । ਲੀਲਾਵਤੀ । |
| 36 | ਡਿਉਢਾ 2 । |
| 37 | ਕਰਖਾ । ਕੜਖਾ । ਝੂਲਨਾ 3 । ਰਣ ਉੱਧਿਤ । |

| ਮਾਤ੍ਰਾ | |
|---|---|
| 40 | ਡਿਉਢਾ । ਦੁਭੰਗੀ । ਬੈਤ 6 । ਮਦਨਹਰ । ਵਿਜਯਾ । |
| 42 | ਫਣੀਸ਼ । |
| 46 | ਹਰਿਪ੍ਰਿਯਾ । ਚੰਚਰੀ । |
| 47 | ਪੰਚ ਵਦਨ । |
| 48 | ਇੰਦੁਮਣੀ । ਪੰਚਾਨਨ । ਰੇਖ਼ਤਾ 2 । |
| 61 | ਘਨਕਲਾ 3 । |
| 62 | ਘਨਕਲਾ 2 । |
| 63 | ਘਨਕਲਾ । |

---

## ਵਿਖਮ ਮਾਤ੍ਰਿਕ ਛੰਦ, ਜਿਨ੍ਹਾਂ ਦੇ ਚਰਣਾਂ ਵਿਚ ਵੱਧ ਘੱਟ ਮਾਤ੍ਰਾ ਹੈਨ :

14—24 ਪਦ 5 ।
14—26 ਬਿਸ਼ਨੁ ਪਦ 5 ।
14—28 ਪਦ 2 ।
15—26 ਪਦ 7 ।
15—27 ਪਦ 6 ।
ਬਿਸਨੁ ਪਦ---3 । 4 ।
15—31 ਪਦ 8 ।
16—28 ਪਦ 1 । 4 ।
ਬਿਸਨੁ ਪਦ 8 ।
16—32 ਪਦ 9 । ਹੁੱਲਾਸ । ਕਲਸ ।
18—28 ਬਿਸਨ ਪਦ 7 ।
19—46 ਪਦ 3 ।
21—27 ਪਉੜੀ 7 ।
21—41 —46 ਝੂਲਨਾ
22 19—20 ਰੁਬਾਈ ।
23—25—28 ਸੱਦ ।
24—16—32 ਘੱਤਾ 3 ।
24—26 ਛੱਪਯ 16 ।
24 27 ਗ਼ਜ਼ਲ 3 ।
24—28 ਛੱਪਯ ।
25—24 ਪਉੜੀ 25 ।
25—28 ਅਮ੍ਰਿਤ ਕੁੰਡਲੀ ।
27—15 ਪਉੜੀ 16 ।
27—26 ਗ਼ਜ਼ਲ 4 ।
28—15 ਪਉੜੀ 18 ।
28—17 ਪਉੜੀ 17 ।
29—16 ਪਉੜੀ 19 ।
30—16 ਪਉੜੀ 22 । 23 ।
30—27 ਆਰਯਾ । ਗਾਹਾ ।
31—40 ਪਉੜੀ 27 ।
32 16 ਪਉੜੀ 29 ।
41—26 —24 ਰੱਡ ।
46—30—75 —59 ਪਉੜੀ 30 ।

# ਸੂਚਨਾ

ਪਾਠਕਾਂ ਨੂੰ ਮਾਲੂਮ ਰਹੇ ਕਿ ਗੁਰੁਛੰਦ ਦਿਵਾਕਰ ਵਿਚ ਹੇਠ ਲਿਖੇ ਨਵੇਂ ਅੱਖਰ ਵਰਤੇ ਗਏ ਹੈਨ :—

**ਸ** ਇਹ ਸੰਸਕ੍ਰਿਤ ਦਾ ष ਹੈ, ਜੋ ਦੋ**ਸ**—ਭੂ**ਸ**ਣ—ਵਿ**ਸ**ਯ—ਵਿਸ਼ੇ**ਸ** ਆਦਿ ਸ਼ਬਦਾਂ ਵਿੱਚ ਵਰਤਿਆ ਜਾਂਦਾ ਹੈ.

**ਕ** ਇਹ ਸੰਸਕ੍ਰਿਤ ਦਾ क्ष ਹੈ, ਜੋ ਅ**ਕ**ਰ—ਪਰਿ**ਕ**ਾ—ਲ**ਕ**ਣ ਆਦਿ ਸ਼ਬਦਾਂ ਵਿਖੇ ਵਰਤੀਦਾ ਹੈ।

੨ ਇਹ ਸਿਰ ਪਰ ਲਗਨੇ ਵਾਲਾ ਰਾਰਾ ਹੈ, ਜੋ ਅੱਧੇ ਰਾਰੇ ਦੀ ਦੂਜੇ ਅੱਖਰ ਨਾਲ ਮਿਲਕੇ ਆਵਾਜ਼ ਦਿੰਦਾ ਹੈ, ਯਥਾ—ਸਵੰ ਕਮੰ—ਗਵੰ ਚਚੰ ਆਦਿ.

ਇਹ ਅਧੰਵਿੰਦੁ ਦਾ ਚਿੰਨ੍ਹ ਹੈ. ਇਸ ਦਾ ਉਚਾਰਣ ਨੂਨ ਗ਼ੁੰਨੇ ਵਾਂਙ ਹੁੰਦਾ ਹੈ, ਯਥਾ "ਰਣ ਬਾਲ ਬੀਰ ਮੱਂਡੇ ਜਹਾਂ."

ਇਹ ਇਜ਼ਾਫ਼ਤ ਦਾ ਨਿਸ਼ਾਨ ਹੈ. ਇਸ ਮਾਤ੍ਰਾ ਦਾ ਉੱਚਾਰਣ ਸਿਆਰੀ ਅਰੁ ਏਲਾਂ ਦੇ ਮਧਯ ਹੈ, ਯਥਾ—ਰੁਖ਼ਸਾਰੇ ਮਾ ਅਤੇ ਯਾਰੇ ਮਾ ਆਦਿ ਪਦਾਂ ਵਿੱਚ. ਦੇਖੋ ਗ਼ਜ਼ਲ ਦਾ ਪਾਠ.

੧ੴ ਵਾਹਿਗੁਰੂ ਜੀ ਕੀ ਫ਼ਤਹ.

# ਭੂਮਿਕਾ

## ਘਨਾਖ਼ਰੀ

ਜਲਦ ਨਿਰਸ ਫੀਕੋ, ਕੰਜ ਬਿਨ ਤਾਲ ਫੀਕੋ,
ਮਧੁਪ ਕੇ ਲੇਖੇ ਫੂਲ ਫੀਕੋ ਮਕਰੰਦ ਬਿਨ,
ਮਿਤ੍ਰ ਬਿਨ ਪ੍ਰੇਮ ਫੀਕੋ, ਨੇਮ ਭਾਵ ਹੀਨ ਫੀਕੋ,
ਗ੍ਰਿਹ ਅਤਿ ਫੀਕੋ ਬਿਨ ਹੇਮ ਅਰੁ ਨੰਦ ਬਿਨ,
ਦਾਨ ਬਿਨ ਮਾਨ ਫੀਕੋ, ਗਾਨ ਬਿਨ ਤਾਨ ਫੀਕੋ,
ਵ੍ਯਾਖ੍ਯਾ ਬਿਨਾ ਅ੍ਰਮਲ ਔ ਰੈਨ ਸੈਨ ਚੰਨ ਬਿਨ,
ਨ੍ਯਾਯ ਬਿਨ ਰਾਜ, ਕਵਿ ਬਿਨ ਹੈ ਸਮਾਜ ਫੀਕੋ,
ਤਜੇਂ ਹਰਿ ਵ੍ਰਿਜੇਸ਼ ਪਾਠ ਫੀਕੋ ਗ੍ਯਾਨ ਛੰਦ ਬਿਨ.

ਛੰਦਸ਼ਾਸ੍ਤ੍ਰ ਦੀ ਉੱਤਮਤਾ ਸਾਨੂੰ ਦੱਸਣ ਦੀ ਲੋੜ ਨਹੀਂ, ਕ੍ਯੋਂਕਿ ਆਦਿਕਾਲ ਤੋਂ ਹੀ ਇਸ ਦੀ ਮਹਿਮਾ ਚਲੀ ਆਈ ਹੈ. ਵੈਦਿਕ ਰਿਸ਼ੀਆਂ ਨੇ ਇਸ ਨੂੰ "ਵੇਦਾਂਗ" ਮੰਨਿਆ ਹੈ, ਅਰੁ ਜਗਤਗੁਰੂ ਨਾਨਕ ਦੇਵ ਅਤੇ ਉਸ ਦੇ ਸਰੂਪ ਸਤਗੁਰਾਂ ਨੇ ਸ਼ਾਂਤ ਅਰੁ ਵੀਰ ਆਦਿ ਰਸ ਭਰੀ ਅਕਾਲੀ ਬਾਣੀ ਛੰਦਾਂ ਵਿਖੇ ਰਚੀ ਹੈ.ਲੋਕਪ੍ਰਸਿੱਧ ਅਨੰਤ ਭਾਸ਼ਾ ਦੇ ਕਵੀਆਂ ਨੇ ਭੀ ਇਸੇ ਦਾ ਆਸ਼੍ਰਯ ਲੈਕੇ ਜਗਤ ਵਿੱਚ ਮਾਨ ਪਾਯਾ, ਅਰੁ ਆਪਣੇ ਗੁਣ ਦਾ ਸਿੱਕਾ ਗੁਣਗ੍ਰਾਹਕਾਂ ਦੇ ਚਿੱਤ ਪਰ ਜਮਾਯਾ ਹੈ. ਛੰਦ (ਪਦ੍ਯ) ਕਾਵ੍ਯ ਵਿੱਚ ਵਰਣਨ ਕੀਤਾ ਪਦਾਰਥ ਕੰਠ ਕੀਤਾ ਜਾ ਸਕਦਾ ਹੈ, ਅਰੁ ਥੋੜੇ ਅੱਖਰਾਂ ਵਿਖੇ ਬਹੁਤ ਭਾਵ ਆ ਜਾਂਦਾ ਹੈ. ਪਦਰਚਨਾ, ਵਿਦ੍ਵਾਨ ਕਵੀਆਂ ਦੇ ਗੁਣਰਤਨ ਅਰੁ ਉਦਾਰਾਤਮਾ ਗੁਣਗ੍ਰਾਹੀ ਪੁਰੁਸ਼ਾਂ ਦੇ ਯਸ਼ ਰੂਪ ਧਨ ਨੂੰ ਅਖ੍ਯ ਰੱਖਣ ਲਈ ਅਦਭੁਤ ਖ਼ਜ਼ਾਨਾ ਹੈ.

ਚਾਹੋ ਪਿੰਗਲ* ਰਿਸ਼ੀ ਦੇ ਸੂਤ੍ਰਾਂ ਦਾ ਆਧਾਰ ਲੈਕੇ ਅਨੇਕ ਕਵੀਆਂ ਨੇ ਅਨੰਤ ਛੰਦਗ੍ਰੰਥ ਲਿਖੇ ਹਨ, ਜਿਨ੍ਹਾਂ ਤੋਂ ਕਾਵ੍ਯਪ੍ਰੇਮੀਆਂ ਨੂੰ ਅਪਾਰ ਲਾਭ ਪਹੁੰਚਿਆ ਹੈ, ਪਰੰਤੂ ਸ਼੍ਰੀ ਗੁਰੁ ਗ੍ਰੰਥ ਸਾਹਿਬ ਦਸ਼ਮ ਗ੍ਰੰਥ, ਭਾਈ ਗੁਰੁਦਾਸ, ਭਾਈ ਨੰਦਲਾਲ, ਭਾਈ ਸੰਤੋਖ ਸਿੰਘ ਅਤੇ ਹੋਰ ਬਹੁਤ ਸਿੱਖ ਕਵੀਆਂ ਦੇ ਰਚੇ ਕਾਵ੍ਯਗ੍ਰੰਥਾਂ ਦੇ ਅਨੇਕ ਛੰਦ ਉਨ੍ਹਾਂ ਪੁਸ੍ਤਕਾਂ ਵਿਖੇ ਨਹੀਂ ਪਾਏ ਜਾਂਦੇ, ਅਰੁ ਜੋ

*ਪਿੰਗਲ ਰਿਸ਼ੀ ਦਾ ਰਚਿਆ ਛੰਦਸ਼ਾਸਤ੍ਰ ਭੀ "ਪਿੰਗਲ" ਨਾਮ ਤੋਂ ਪ੍ਰਸਿੱਧ ਹੋ ਗਯਾ ਹੈ. ਕਵੀਆਂ ਨੇ ਪਿੰਗਲ ਨੂੰ ਸ਼ੇਸ਼ਨਾਗ ਦਾ ਅਵਤਾਰ ਮੰਨਿਆ ਹੈ, ਇਸੇ ਲਈ ਸਰਪ, ਸ਼ੇਸ਼ ਨਾਗ, ਫਣਿ ਆਦਿ ਨਾਮ ਪਿੰਗਲ ਵਾਸਤੇ ਵਰਤੇ ਹਨ.

ਕੁਛ ਮਿਲਦੇ ਭੀ ਹੈਨ, ਉਨ੍ਹਾ ਵਿੱਚੋਂ ਬਹੁੜਿਆਂ ਦਾ ਨਾਮਾਂਤਰ ਅਤੇ ਰੂਪਾਂਤਰ ਹੋਣ ਕਰਕੇ ਪਾਠਕਾਂ ਨੂੰ ਪਤਾ ਨਹੀਂ ਲਗ ਸਕਦਾ.

ਕਿਤਨੇ ਸ਼ੋਕ ਦੀ ਬਾਤ ਹੈ ਕਿ ਸਿੱਖਾਂ ਨੂੰ ਆਪਣੇ ਧਰਮਪੁਸ੍ਤਕ ਅਰੁ ਕਾਵ੍ਯ ਗ੍ਰੰਥਾਂ ਦੇ ਛੰਦ ਨਾ ਮਾਲੂਮ ਹੋਣ, ਅਰੁ ਇਸ ਪਰ ਭੀ ਹੋਰ ਆਸ਼ਚਰਯ ਹੈ ਕਿ ਪੰਜਾਬੀ ਦੇ ਇਮਤਹਾਨਾਂ ਵਿੱਚ ਰੱਖੇ ਹੋਏ ਗ੍ਰੰਥਾਂ ਦੇ ਛੰਦਾਂ ਦਾ ਵਿਦ੍ਯਾਰਥੀਆਂ ਨੂੰ ਗ੍ਯਾਨ ਨਾ ਹੋਣ ਪਰ ਭੀ, ਉਨ੍ਹਾਂ ਨੂੰ ਪਰਿਕ੍ਸ਼ਾ ਵਿੱਚ ਉੱਤੀਰਣ ਸਮਝਿਆ ਜਾਵੇ ! ਇਸ ਭਾਰੀ ਘਾਟੇ ਨੂੰ ਅਨੁਭਵ ਕਰਕੇ ਮੈਂ ਏਹ ਛੰਦਸ਼ਾਸ੍ਤ੍ਰ ਰਚਿਆ ਹੈ, ਜਿਸ ਤੋਂ ਸਿੱਖਕਾਵ੍ਯ ਦੇ ਛੰਦਾਂ ਦਾ ਪੂਰਣ ਗ੍ਯਾਨ ਹੋਵੇਗਾ.

ਇਸ ਪੁਸ੍ਤਕ ਵਿੱਚ ਮਾਤ੍ਰਿਕ ਅਰੁ ਵਰਣਿਕ ਛੰਦਾਂ ਦੇ ਜੁਦੇ ਜੁਦੇ ਪ੍ਰਕਰਣ ਨਹੀਂ ਰੱਖੇ, ਕਿੰਤੁ ਅਕ੍ਸ਼ਰ ਅਤੇ ਮਾਤ੍ਰਾ ਕ੍ਰਮ ਅਨੁਸਾਰ ਕੋਸ਼ ਦੀ ਰੀਤਿ ਪਰ ਛੰਦਾਂ ਦੇ ਨਾਮ, ਲਕ੍ਸ਼ਣ* ਅਤੇ ਉਦਾਹਰਣਾਂ ਸਮੇਤ ਲਿਖੇ ਹਨ, ਜਿਸ ਤੋਂ ਵਾਂਛਿਤ ਛੰਦ ਲੱਭਣ ਵਿਚ ਜ਼ਰਾ ਭੀ ਕਠਿਨਾਈ ਨਾ ਹੋਵੇ. ਅਰੁ ਗ੍ਰੰਥ ਦੇ ਆਦਿ ਇੱਕ ਅਜੇਹੀ ਸੂਚੀ ਭੀ ਲਾ ਦਿੱਤੀ ਹੈ, ਜਿਸ ਕਰਕੇ ਇੱਕ ਅੱਖਰ ਤੋਂ ਲੈਕੇ ਚੌਤੀ ਅਖਰ ਤੀਕ ਦੇ ਵਰਣਿਕ ਛੰਦ, ਅਤੇ ਅੱਠ ਮਾਤ੍ਰਾ ਤੋਂ ਲੈਕੇ ਤੇਹਠ ਮਾਤ੍ਰਾ ਤੀਕ ਦੇ ਮਾਤ੍ਰਿਕ ਛੰਦ ਸਿਲਸਿਲੇ ਵਾਰ ਮਾਲੂਮ ਹੋ ਜਾਣ.

ਛੰਦਾਂ ਦੇ ਉਦਾਹਰਣ, ਜਿੱਥੋਂ ਤੀਕ ਹੋ ਸਕਿਆ ਹੈ ਗੁਰੁਬਾਣੀ ਅਤੇ ਸਿੱਖ ਧਰਮ ਸੰਬੰਧੀ ਗ੍ਰੰਥਾਂ ਤੋਂ ਲਏ ਗਏ ਹਨ, ਅਰੁ ਪਾਠ ਦੇ ਅੰਤ ਉਨ੍ਹਾਂ ਦਾ ਪੂਰਾ ਪਤਾ ਲਿਖ ਦਿੱਤਾ ਹੈ. ਜਿਨ੍ਹਾਂ ਉਦਾਹਰਣਾਂ ਦੇ ਅੰਤ ਕਿਸੇ ਪੁਸ੍ਤਕ ਜਾਂ ਕਵੀ ਦਾ ਨਾਮ ਨਹੀਂ, ਅਥਵਾ "ਵ੍ਰਿਜੇਸ਼" ਛਾਪ ਹੈ, ਉਹ ਮੇਰੀ ਰਚਨਾ ਜਾਣਨੇ ਚਾਹੀਯੇ.

ਗੁਣਗ੍ਰਾਹੀ ਪ੍ਰੇਮੀ ਪਾਠਕ ਸ਼੍ਰੀ ਮੁਖਵਾਕ੍ਯ ਰਚਨਾ ਦੇ ਅਨੇਕ ਉਦਾਹਰਣ ਦੇਖਕੇ ਨਿਰਸੰਦੇਹ ਜਾਣਨਗੇ ਕਿ ਗੁਰੁਬਾਣੀ ਕੈਸਾ ਮਨੋਹਰ ਕਾਵ੍ਯ ਹੈ. ਬਹੁਤ ਜਗਾ ਉਦਾਹਰਣਾਂ ਦੇ ਛੰਦ ਦੀ ਇੱਕ ਜਾਂ ਦੋ ਤੁਕਾਂ ਲਿਖਕੇ ਅੰਤ ਐਸਾ × × × ਚਿੰਨ੍ਹ ਲਾ ਦਿੱਤਾ ਹੈ, ਇਸ ਦਾ ਭਾਵ ਇਹ ਹੈ ਕਿ ਵਿਸ੍ਤਾਰ ਭਯ ਕਰਕੇ ਬਾਕੀ ਪਾਠ ਛੱਡ ਦਿੱਤਾ ਹੈ, ਪਰੰਤੁ ਲਕ੍ਸ਼ਣ ਵਿੱਚ ਨਿਰਣਯ ਕੀਤਾ ਗਯਾ ਹੈ ਕਿ ਇਸ ਛੰਦ ਦੇ ਇਤਨੇ ਚਰਣ ਹੈਨ.

ਉਦਾਹਰਣ ਦੇ ਕਠਿਨ ਪਦਾਂ ਦੇ ਅਰਥ ਅਰੁ ਪ੍ਰਕਰਣ ਦਾ ਪਤਾ, ਫੁਟਨੋਟਾਂ ਵਿਖੇ ਦੇਕੇ ਪਾਠਕਾਂ ਲਈਂ ਹੋਰ ਭੀ ਸੁਗਮਤਾ ਕਰ ਦਿੱਤੀ ਹੈ. ਨਿਸ਼ਚਯ ਹੈ ਕਿ ਵਿਦ੍ਯਾਪ੍ਰੇਮੀ ਮੇਰੀ ਇਸ ਤੁੱਛ ਸੇਵਾ ਨੂੰ ਪ੍ਰੇਮਭਾਵ ਨਾਲ ਅੰਗੀਕਾਰ ਕਰਣਗੇ.

ਮੈਂ ਉਨ੍ਹਾਂ ਉਪਕਾਰੀ ਵਿਦ੍ਵਾਨਾਂ ਦਾ ਅਤਯੰਤ ਕ੍ਰਿਤਗ੍ਯ ਹਾਂ ਜਿਨ੍ਹਾ ਦੇ ਰਚੇ ਹੋਏ ਉੱਤਮ ਪੁਸ੍ਤਕ,— ਸ਼੍ਰੁਤ ਬੋਧ, ਹਦਾਯਕੁਲਬਲਾਗਤ, ਗਣਪ੍ਰਸ੍ਤਾਰ ਪ੍ਰਕਾਸ਼, ਗੁਲਜ਼ਾਰੇ ਸਖੁਨ, ਛੰਦਪ੍ਰਭਾਕਰ, ਛੰਦ ਮਾਲਾ, ਛੰਦ ਰਤਨਾਵਲੀ, ਛੰਦਬੋਧਿਨੀ, ਛੰਦਾਰਣਵ, ਛੰਦੋਨਿਧਿ, ਛੰਦੋ ਮੰਜਰੀ, ਛੰਦੋ ਬੋਧ,

*ਛੰਦਾਂ ਦੇ ਲਕ੍ਸ਼ਣ ਵਾਰਤਿਕ ਇਸ ਵਾਸਤੇ ਲਿਖੇ ਹਨ ਕਿ ਸਮਝਣ ਵਿੱਚ ਸੁਗਮਤਾ ਹੋਵੇ.

ਪਿੰਗਲ ਸਾਰ,* ਪਿੰਗਲ ਦਰਪਣ, ਪ੍ਰਸ੍ਤਾਰ ਸੰਗ੍ਰਹ, ਰੂਪ ਦੀਪ, ਵਾਚਸਪਤਜ ਵ੍ਰਿਹਤ ਅਭਿਧਾਨ, ਵ੍ਰਿੱਤ ਦੀਪਿਕਾ, ਅਤੇ ਵ੍ਰਿੱਤ ਰਤਨਾਕਾਰ—ਆਦਿ ਮੇਰੇ ਇਸ ਪੁਰੁਸ਼ਾਰਥ ਵਿਖੇ ਸਹਾਯਕ ਹੋਏ ਹਨ.

ਅੰਤ ਵਿੱਚ ਦਰਬਾਰ ਨਾਭਾ ਦਾ ਅਤਯੰਤ ਧਨਯਵਾਦ ਹੈ ਕਿ ਜਿਸ ਨੇ ਆਪਣੀ ਲਾਗਤ ਨਾਲ ਇਹ ਪੁਸ੍ਤਕ ਵਿਦਯਾ ਪ੍ਰਚਾਰ ਹਿਤ ਛਪਵਾਯਾ ਹੈ.

ਗੁਰੁਪੰਥ ਦਾ ਸੇਵਕ
**ਕਾਨ੍ਹ ਸਿੰਘ**

ਨਾਭਾ
ਪੋਹ ਸੁਦੀ 7 ਸਾਲ ਨਾ: 455
ਸਨ ਈਸਵੀ 1924

---

*ਇਹ ਗ੍ਰੰਥ ਆਗਰਾ ਨਿਵਾਸੀ ਗਿਰਿਧਾਰੀ ਲਾਲ ਕਵਿ ਨੇ ਰਚਿਆ ਹੈ, ਜੋ ਸ਼੍ਰੀ ਦਸ਼ਮੇਸ਼ ਦੀ ਸੇਵਾ ਵਿਖੇ ਬਹੁਤ ਕਾਲ ਆਨੰਦ ਪੁਰ ਰਹਿਆ ਹੈ, ਯਥਾ—

"ਸ਼੍ਰੀ ਸਤਗੁਰੂ ਗੁਬਿੰਦ ਸਿੰਘ ਮੀਰ ਪੀਰ ਸੁਖ ਮੰਡ,
ਰਾਜ ਮਧਯ ਗਿਰਿਧਰ ਕਰਯ ਪਿੰਗਲ ਸਾਰ ਅਖੰਡ,"

ੴ ਸਤਿਗੁਰ ਪ੍ਰਸਾਦਿ.

# ਅਥ ਗੁਰੁਛੰਦ ਦਿਵਾਕਰ

## ਮਨਹਰ

ਕਮਰ ਕ੍ਰਿਪਾਨ ਅਰੁ ਕਰ ਮੇ ਕਲਮ ਗਹੇ
ਸਿੰਘ ਕਵਿਗਨ ਕੇ ਸਮਾਜ ਮੇ ਸੁਹਾਵਤੇ,
ਭਾਰਤ ਕੀ ਮ੍ਰਿਤਕਦਸ਼ਾ ਕੋ ਬਾਰ ਬਾਰ ਸੋਚ
ਜੀਵਨ ਕੇ ਜਤਨ ਹੈ ਸਿੱਖਨ ਬਤਾਵਤੇ,
ਕੁਵਰੇਸ ਹੰਸਰਾਮ ਮੰਗਲ ਕੀ ਰਚਨਾ ਕੋ
ਸੋਧ, ਸੇਨਾਪਤਿ ਸੇ ਜੋ ਨਕਲ ਕਰਾਵਤੇ,
ਏਸੇ ਦਸ਼ਮੇਸ਼ ਕੋ ਬਸਾਯ ਮਨ ਰਸਨਾ ਪੈ
ਛੰਦਗ੍ਰੰਥ ਸੇਵਕ ਵ੍ਰਿਜੇਸ਼ ਹੈ ਬਨਾਵਤੇ.

# ਛੰਦ ਸ਼ਾਸਤ੍ਰ ਦੇ ਅੰਗਾਂ ਦਾ ਨਿਰਣਯ

## ਮਾਤ੍ਰਾ

ਅਕ਼ਰ ਦੇ ਉੱਚਾਰਣ ਵਿੱਚ ਜੋ ਸਮਾਂ ਲੱਗਦਾ ਹੈ, ਉਸ ਨੂੰ "ਮਾਤ੍ਰਾ" ਆਖਦੇ ਹਨ. ਪਿੰਗਲ ਗ੍ਰੰਥਾਂ ਵਿਖੇ—ਕਲ, ਕਲਾ, ਮੱਤ, ਮੱਤਾ ਆਦਿਕ ਮਾਤ੍ਰਾਂ ਦੇ ਨਾਮ ਹੈਨ.

## ਲਘੁ

ਜਿਸ ਅਕ਼ਰ ਦੇ ਉੱਚਾਰਣ ਲਈ ਥੋੜਾ ਸਮਾ ਲਗੇ* ਅਰਥਾਤ ਗੁਰੁ ਨਾਲੋਂ ਅੱਧਾ ਵੇਲਾ ਖ਼ਰਚ ਹੋਵੇ. ਉਹ "ਲਘੁ" ਹੈ. ਮੁਕਤਾ, ਉੱਕੜ, ਸਿਆਰੀ ਅਤੇ ਅਰਧਵਿੰਦੁ† ਵਾਲੇ ਅਕ਼ਰ ਦੀ ਲਘੁ ਸੰਗ੍ਯਾ ਹੈ. ਲਘੁ ਦੀ ਇੱਕ ਮਾਤ੍ਰਾ ਗਿਣੀ ਜਾਂਦੀ ਹੈ, ਅਰ ਲ, ਲਾ, ਲਹੁ, ਰੁਸ੍ਵ ਆਦਿਕ ਸ਼ਬਦ ਇਸਦੇ ਬੋਧਕ ਹੈਨ. ਲਘੁ ਦੇ ਲਿਖਣ ਦਾ ਸੰਕੇਤ ਇਹ '।' ਹੈ. ਕਦੇ ਕਦੇ ਛੰਦ ਦੇ ਸ਼ੁੱਧ ਪਾਠ ਵਾਸਤੇ ਗੁਰੁ ਨੂੰ ਲਘੁ ਮੰਨਿਆ ਜਾਂਦਾ ਹੈ, ਯਥਾ— "ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖ ਫਿਰ੍ਯੋ

*ਜਿਤਨਾ ਵੇਲਾ ਚੁਟਕੀ ਬਜਾਂਉਣ ਲਈ ਲਗਦਾ ਹੈ.

†ਅਰਧਵਿੰਦੁ ਲਿਖਣ ਦਾ ਇਹ ˋ ਚਿੰਨ੍ਹ ਹੈ. ਇਸ ਦਾ ਉੱਚਾਰਣ ਅੱਧੀ ਬਿੰਦੀ (ਟਿੱਪੀ) ਵਾਂਙ ਹੈ, ਜੈਸੇ ਨੂਨ ਗ਼ੁੰਨਾ ਬੋਲਦਾ ਹੈ, ਯਥਾ

"ਰਣ ਬਾਲ ਬੀਰ ਮੰਡੇ ਜਹਾਂ, ਬਹੁ ਭਾਂਤ ਬੀਰ ਸੰਘਾਰਹੀ."

ਇਸ ਛੰਦ ਦੇ ਪਦ ਜੇ "ਮੰਡੇ" ਅਤੇ "ਸੰਘਾਰ" ਪੜ੍ਹੀਏ, ਤਦ ਗਣਭੰਗ ਹੋ ਜਾਂਦਾ ਹੈ, ਇਸ ਵਾਸਤੇ ਬਿੰਦੀ ਦੀ ਥਾਂ ਅਰਧਵਿੰਦੁ ਵਰਤਣੀ ਚਾਹੀਯੇ.

ਸ਼੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਅਰਧਵਿੰਦੁ ਦੀ ਥਾਂ ਅਧਿਕ ਦਾ ਚਿੰਨ੍ਹ ਵਰਤਿਆ ਹੈ, ਯਥਾ—

"ਤਿਸੁ ਗੁਰੁ ਕਉ ਹੱਉ ਸਦਾ ਨਮਸਕਾਰੀ." [ਵਾਰ ਵਡਹੰਸ]

ਅਰੁ "ਹੱਉ ਸਦ ਕੁਰਬਾਨੈ ਜਾਉ." [ਤਿਲੰਗ ਮ: ੧]

ਘਰ ਜੋਗ ਜਤੀਕੇ.''* ਇਸ ਸਵੈਯੇ ਵਿੱਚ ''ਸਿਧਾਨ ਕੇ'' ਪਦ ਦੀ ''ਕੇ'' ਨੂੰ ''ਕਿ'' ਅਥਵਾ ''ਕ'' ਤੁਲਯ ਲਘੁ ਪੜ੍ਹਨਾ ਚਾਹੀਯੇ, ਕਿਯੋਂਕਿ ''ਕੇ'' ਪੜ੍ਹਨ ਤੋਂ ਭਗਣ ਗਣ ਵਿਗੜਦਾ ਹੈ.

## ਗੁਰੁ

ਲਘੁ ਨਾਲੋਂ ਦੂਣਾ ਸਮਾ ਜਿਸ ਦੇ ਉੱਚਾਰਣ ਵਾਸਤੇ ਲਗੇ, ਉਹ ''ਗੁਰੁ'' ਹੈ. ਕੰਨਾ, ਬਿਹਾਰੀ, ਦੋਲੈਂਕੇ, ਏਲਾਂ, ਦੁਲਾਈਆਂ, ਹੋੜਾ ਕਨੌੜਾ, ਬਿੰਦੀ (ਅਨੁਸ੍ਵਾਰ ਅਥਵਾ ਟਿੱਪੀ) ਵਿਸਰਗ, ਇਜ਼ਾਫ਼ਤ† ਅਤੇ ਅਧਿਕ‡ ਵਾਲਾ ਅੱਖਰ ਗੁਰੁ ਹੁੰਦਾ ਹੈ. ਪਦ ਵਿੱਚ ਦੁੱਤ (ਦ੍ਵਿਤ੍ਵ) ਅੱਖਰ ਦੇ ਆਦਿ ਦਾ ਲਘੁ ਭੀ ਗੁਰੁ ਮੰਨਿਆ ਜਾਂਦਾ ਹੈ. ਜੈਸੇ ''ਸ਼ਤ੍ਰ, ਮਿਤ੍ਰ'' ਪਦ ਵਿਖੇ ਸ ਅਤੇ ਮਿ ਗੁਰੂ ਹੈਨ. × ਜੇ ਸੰਯੋਗੀ ਅੱਖਰ ਤੋਂ ਪਹਿਲੇ ਲਘੁ ਉੱਪਰ, ਉਚਾਰਣ ਸਮੇ, ਦਬਾਉ ਨਾ ਪਵੇ, ਤਦ ਗੁਰੁ ਨਹੀਂ

---

* ਅਕਾਲ ਉਸਤਤਿ.

† ਇਜ਼ਾਫ਼ਤ ਦਾ ਉੱਚਾਰਣ ਸਿਆਰੀ ਅਰ ਏਲਾਂ ਦੇ ਮਧ੍ਯ ਹੈ, ਅਰ ਇਸ ਦੇ ਲਿਖਣ ਦਾ ਚਿੰਨ੍ਹ ` ਇਹ ਹੈ. ਦੇਖੋ, ਬੈਤ ਅਤੇ ਗ਼ਜ਼ਲ ਦਾ ਪਾਠ. ਛੰਦਗਤਿ ਅਨੁਸਾਰ ਕਦੇ ਇਜ਼ਾਫ਼ਤ ਵਾਲਾ ਅੱਖਰ ਲਘੁ ਭੀ ਮੰਨਿਆ ਜਾਂਦਾ ਹੈ.

‡ ਅਧਿਕ ਦਾ ਅਰਥ ਹੈ ਵਿਸ਼ੇਸ਼, ਅਰਥਾਤ ਦ੍ਵਿਤ੍ਵ. ਪੰਜਾਬੀ ਵਿੱਚ ਦੁੱਤ ਬਹੁਤ ਘੱਟ ਲਿਖੇ ਜਾਂਦੇ ਹਨ, ਇਸ ਲਈ ਅਧਿਕ ਦਾ ਪ੍ਰਯੋਗ ਹੁੰਦਾ ਹੈ. ਇਸ ਦਾ ਚਿੰਨ੍ਹ ਦੂਜ ਦੇ ਚੰਦ੍ਰਮਾਂ ਤੁੱਲ ਹੈ. ਜੇ ਸੰਸਕ੍ਰਿਤ ਦੇ ਕਾਯਦੇ ਨਾਲ ''ਅੱਤਾ'' ਪਦ ਲਿਖੀਏ ਤਦ 'ਤ' ਦੁੱਤ ਕਰਨਾ ਪੈਂਦਾ ਹੈ, ਯਥਾ ''**अत्ता**'' ਪਰੰਤੂ ਅਧਿਕ ਲਗਾਕੇ ''ਤ'' ਨੂੰ ਦੁੱਤ ਕਰਨ ਦੀ ਲੋੜ ਨਹੀਂ. ਜੈਸੇ ਅ਼ਰਬੀ ਫ਼ਾਰਸੀ ਦੀ ਕਿਤਾਬਾਂ ਵਿੱਚ ''ਤਸ਼ਦੀਦ'' ਦਾ ਨਿਸ਼ਾਨ ਅਸੀਂ ਅਕਸਰ ਨਹੀਂ ਦੇਖਦੇ, ਤੈਸੇ ਹੀ ਸ਼੍ਰੀ ਗੁਰੁ ਗ੍ਰੰਥ ਸਾਹਿਬ ਅਤੇ ਭਾਈ ਗੁਰੁਦਾਸ ਜੀ ਦੀ ਬਾਣੀ ਵਿਖੇ ਅਧਿਕ ਦਾ ਪ੍ਰਯੋਗ ਦਿਖਾਈ ਨਹੀਂ ਦਿੰਦਾ, ਪਰੰਤੂ ਵਿਦ੍ਵਾਨ ਗਯਾਨੀ ਪਾਠ ਕਰਨ ਵੇਲੇ ਛੰਦ ਦੀ ਚਾਲ ਨੂੰ ਸਹੀ ਰੱਖਣ ਵਾਸਤੇ ਅਧਿਕ ਸਹਿਤ ਉੱਚਾਰਣ ਕਰਦੇ ਹਨ, ਯਥਾ

''ਸੁਪਨਿ ਇੱਕ ਪਰਤਖ ਇੱਕ ਇੱਕਸ ਮਹਿੰ ਲੀਣਉਂ.'' [ਸਵੈਯੇ ਮ: 3 ਕੇ]
''ਸੱਜਾ ਖੱਬਾ ਸੌਣ ਨ ਮੰਨ ਵਸਾਇਆ.''
[ਭਾਈ ਗੁਰੁਦਾਸ ਜੀ ਦੀਆਂ ਵਾਰਾਂ]

ਕਈ ਥਾਂਈ ਅਧਿਕ ਲਾਏ ਬਿਨਾ ਪਾਠ ਦਾ ਅਨਰਥ ਹੋ ਜਾਂਦਾ ਹੈ, ਯਥਾ—

''ਮਲ ਲਥੇ ਲੈਂਦੇ ਫੇਰੀਆਂ'' [ਸ੍ਰੀ ਰਾਗ ਮਹਲਾ 5]

ਜੇ ਅਸੀਂ ਇਸਨੂੰ ਮੱਲ ਨਹੀਂ ਪੜ੍ਹਦੇ, ਤਾਂ ਅਰਥ ਮੈਲ ਬੋਧਕ ਹੋ ਜਾਂਦਾ ਹੈ, ਅਰ

''ਕੰਨ੍ਹ ਮੁਸਲਾ ਸੂਫ ਗਲ ਦਿਲ ਕਾਤੀ ਗੁੜ ਵਾਤ.'' [ਸਲੋਕ ਫ਼ਰੀਦ ਜੀ]

ਇਸ ਥਾਂ ''ਮੁਸਲਾ'' ਨੂੰ ਅਧਿਕ ਬਿਨਾਂ ਪੜ੍ਹਨ ਤੋਂ ਯਤਿ ਭੰਗ ਹੀ ਨਹੀਂ, ਬਲਕਿ ਅਰਥ ਭੀ ਬਿਗੜਦਾ ਹੈ.

× ਜੇ ਸੰਯੋਗੀ ਅੱਖਰ ਦੂਜੇ ਪਦ ਵਿਖੇ ਹੋਵੇ, ਤਦ ਪਹਿਲੇ ਪਦ ਦੇ ਲਘੁ ਨੂੰ ਸੰਧਿ ਬਿਨਾ ਗੁਰੁ ਨਹੀਂ ਬਣਾਉਂਦਾ, ਜੈਸੇ ''ਗਯਾਨ ਧ੍ਯਾਨ'' ਦਾ ''ਧ੍ਯ'', ਗਯਾਨ ਦੇ ''ਨ'' ਨੂੰ ਦੁੱਤ ਨਹੀਂ ਕਰਦਾ.

ਹੁੰਦਾ, ਕਿੰਤੂ ਲਘੁ ਹੀ ਰਹਿੰਦਾ ਹੈ, ਜੈਸੇ—ਅਨ੍ਰਿਤ ਅਤੇ ਕਨ੍ਹੇਯਾ ਪਦ ਦਾ 'ਅ' ਅਤੇ 'ਕ' ਗੁਰੁ ਨਹੀਂ.

ਕਦੇ ਕਦੇ ਛੰਦ ਦੇ ਪਾਠ ਨੂੰ ਸਹੀ ਰੱਖਣ ਵਾਸਤੇ ਲਘੁ ਨੂੰ ਗੁਰੁ ਕਰਕੇ ਪੜ੍ਹੀ ਅਰੁ ਲਿਖੀ ਦਾ ਹੈ, ਜੈਸੇ—"ਨਾਥ ਨਿਰੰਜਨ ਤੂ ਸਰਨ"* ਇਸ ਵਾਕ ਵਿੱਚ "ਤੂ" ਲਘੁ ਹੈ, ਪਰੰਤੁ ਛੱਪਯ ਦੀ ਮਾਤ੍ਰਾ ਪੂਰਨ ਕਰਨ ਲਈ "ਤੂੰ" ਪੜ੍ਹੀਦਾ ਹੈ ਅਰੁ—"ਰੱਛਾ ਹੋਇ ਤਾਂਹਿ ਸਭ ਕਾਲਾ, ਦੁਸ਼੍ਟ ਅਰਿਸ਼੍ਟ ਟਰਹਿੰ ਤਤਕਾਲਾ."† ਇਸ ਥਾਂ ਕਾਲ ਅਤੇ ਤਤਕਾਲ ਦਾ "ਲ" ਦੀਰਘ ਲਿਖਿਆ ਹੈ.

ਗੁਰੁ ਦੇ ਨਾਮ ਗ, ਗੁ, ਗੋ, ਦੀਹ ਅਤੇ ਦੀਰਘ ਹੈਨ, ਇਸ ਦੀਆਂ ਮਾਤ੍ਰਾ ਦੋ ਗਿਣੀਆਂ ਜਾਂਦੀਆਂ ਹਨ, ਅਰ ਲਿਖਣ ਦਾ ਸੰਕੇਤ ਇਹ "ऽ" ਹੈ.

## ਦਗਧ ਅੱਖਰ

ਛੰਦਗ੍ਰੰਥਾਂ ਵਿਖੇ ਸ ਹ ਝ ਭ ਰ ਇਹ ਪੰਜ, ਕਿਤੇ ਘ ਧ ਨ ਨਾਲ ਮਿਲਾਕੇ ਅੱਠ ਦਗਧ ਅੱਖਰ ਮੰਨੇ ਹਨ. ਕਈਆਂ ਨੇ ਏਦੂੰ ਵਧਕੇ ਭੀ ਗਿਣਤੀ ਕਰ ਦਿੱਤੀ ਹੈ, ਅਰੁ ਇਨ੍ਹਾਂ ਦਾ ਛੰਦ ਦੇ ਆਦਿ ਦੇਣਾ ਵਰਜਿਆ ਹੈ, ਪਰ ਸਾਥ ਹੀ ਇਹ ਭੀ ਦੱਸਿਆ ਹੈ ਕਿ ਦਗਧ ਅੱਖਰ ਦਾ ਦੋਸ਼ ਨਰਕਾਵ੍ਯ‡ ਵਿੱਚ ਹੈ, ਦੇਵਕਾਵ੍ਯ× ਵਿਖੇ ਨਹੀਂ. ਅਰੁ ਜੇ ਦਗਧ ਅੱਖਰ ਨੂੰ ਦੀਰਘ ਕਰ ਦਿੱਤਾ ਜਾਵੇ, ਤਦ ਭੀ ਬੁਰਾ ਅਸਰ ਨਹੀਂ ਹੁੰਦਾ.

ਵਾਸਤਵ ਵਿੱਚ ਕੋਈ ਦਗਧ ਅੱਖਰ ਨਹੀਂ, ਅਰੁ ਖ਼ਾਸ ਕਰਕੇ ਸਿੱਖਕਾਵ੍ਯ ਵਿਖੇ ਦਗਧ ਅੱਖਰਾਂ ਦਾ ਕੋਈ ਵਿਸ਼੍ਵਾਸ ਨਹੀਂ ਹੈ. ਅਰੁ ਜਿਨ੍ਹਾਂ ਅੱਖਰਾਂ (ਙ ਞ ਣ ੜ) ਨੂੰ ਪਦ ਦੇ ਆਦਿ ਰੱਖਣ ਤੋਂ ਵਾਕ੍ਯਰਚਨਾ ਸੁੰਦਰ ਨਾ ਹੋ ਸਕੇ, ਉਨ੍ਹਾਂ ਨੂੰ ਕਵੀ ਸੁਤੇ ਹੀ ਤ੍ਯਾਗ ਦਿੰਦੇ ਹਨ, ਭਾਵੇਂ ਕੋਈ ਸੀਤਲ ਅੱਖਰ ਸਿੱਧ ਕਰਣ ਦਾ ਯਤਨ ਕਜੋਂ ਨਾ ਕਰੇ.

## ਵਰਣਿਕ ਗਣ

ਤਿੰਨ ਅੱਖਰਾਂ ਦੇ ਸਮੁਦਾਯ ਦਾ ਨਾਮ "ਗਣ" ਹੈ, ਵਰਣਿਕ ਗਣ ਅੱਠ ਹੈਨ, ਜਿਨ੍ਹਾਂ ਦੇ ਨਾਮ ਲੱਛਣ ਅਤੇ ਸੁਰੂਪ ਇਹ ਹੈਨ—

| | | | |
|---|---|---|---|
| 1 | ਮਗਣ ऽऽऽ | ਸਰਵ ਗੁਰੁ | ਬਾਬਾ ਜੀ |
| 2 | ਭਗਣ ऽ।। | ਆਦਿ ਗੁਰੁ | ਨਾਨਕ |
| 3 | ਜਗਣ ।ऽ। | ਮਧ੍ਯ ਗੁਰੁ | ਅਨੰਤ |
| 4 | ਸਗਣ ।।ऽ | ਅੰਤ੍ਯ ਗੁਰੁ | ਗੁਰੁ ਜੀ |
| 5 | ਨਗਣ ।।। | ਸਰਵ ਲਘੁ | ਅਮਰ |
| 6 | ਯਗਣ ।ऽऽ | ਆਦਿ ਲਘੁ | ਅਨਾਦੀ |
| 7 | ਰਗਣ ऽ।ऽ | ਮਧ੍ਯ ਲਘੁ | ਸਾਧਨਾ |
| 8 | ਤਗਣ ऽऽ। | ਅੰਤ ਲਘੁ | ਆਨੰਦ |

*ਗ੍ਯਾਨ ਪ੍ਰਬੋਧ.

†ਬੇਨਤੀ, ਚੌਪਈ.

‡ਮਨੁੱਖ ਦੀ ਮਹਿਮਾ ਵਿਖੇ ਕਥਨ ਕਰੀ ਕਵਿਤਾ.

×ਦੇਵਤਾ ਦੀ ਮਹਿਮਾ ਦਾ ਕਾਵ੍ਯ.

ਜੈਸੇ ਗਾਯਕਾਂ ਨੇ ਸੱਤ ਸੁਰਾਂ ਦੇ ਨਾਮ ਦਾ ਆਦਿ ਅਛਰ ਲੈਕੇ "ਸ ਰ ਗ ਮ ਪ ਧ ਨ" ਸੁਰ ਸੰਕੇਤ ਠਹਿਰਾਯਾ ਹੈ, ਤੈਸੇ ਹੀ ਕਵੀਆਂ ਨੇ ਅੱਠ ਗਣਾ ਦੇ ਮੁੱਢ ਦੇ ਅਛਰ ਲੈਕੇ "ਮ ਭ ਜ ਸ ਨ ਯ ਰ ਤ" ਗਣ ਨਾਮ ਦਾ ਸੰਛੇਪ ਕੀਤਾ ਹੈ, ਅਰੁ ਲਘੁ ਗੁਰੁ ਦੇ ਆਦਿ ਦਾ "ਲ" ਅਤੇ "ਗ" ਸਾਥ ਮਿਲਾਕੇ ਕਾਵ੍ਯ ਦਾ ਮੂਲ "ਦਸ਼ਾਛਰ ਥਾਪੇ ਹਨ. ਪਾਠਕਾਂ ਨੂੰ ਖ਼ਯਾਲ ਰਹੇ ਕਿ ਛੰਦਲਛਣ ਵਿੱਚ "ਮ" ਤੋਂ ਮਗਣ "ਨ" ਤੋਂ ਨਗਣ, "ਲ" ਤੋਂ ਲਘੁ ਅਰੁ "ਗ" ਤੋਂ ਗੁਰੁ ਦਾ ਬੋਧ ਹੁੰਦਾ ਹੈ.

ਛੰਦਗ੍ਰੰਥਾਂ ਦੇ ਮਤ ਅਨੁਸਾਰ ਮਗਣ, ਭਗਣ, ਨਗਣ ਅਤੇ ਯਗਣ ਸ਼ੁਭ, ਅਰੁ ਜਗਣ, ਸਗਣ, ਰਗਣ ਅਤੇ ਤਗਣ ਅਸ਼ੁਭ ਹੈਨ,* ਪਰੰਤੁ ਸਿੱਖਕਾਵ੍ਯ ਵਿੱਚ ਇਹ ਭ੍ਰਮ ਨਹੀਂ ਹੈ. ਹਾਂ, ਜਿਸ ਥਾਂ ਦੋ ਗਣ ਮਿਲਕੇ ਛੰਦ ਦੀ ਗਤਿ ਨੂੰ ਵਿਗਾੜ ਦੇਣ, ਉਹ ਜ਼ਰੂਰ ਅਸ਼ੁਭ ਹੈਨ, ਜੈਸੇ—ਕਬਿੱਤ ਦੇ ਮੁੱਢ ਜਗਣ ਤਗਣ ਰੱਖਣ ਤੋਂ ਚਾਲ ਠੀਕ ਨਹੀਂ ਰਹਿੰਦੀ.

## ਮਾਤ੍ਰਿਕ ਗਣ

### ਛੰਦਸ਼ਾਸਤ੍ਰ ਵਿੱਚ ਪੰਜ ਮਾਤ੍ਰਿਕ ਗਣ ਕਲਪੇ ਹਨ—

1. ਟਗਣ, ਛੀ ਮਾਤ੍ਰਾ ਦਾ. 2. ਠਗਣ, ਪੰਜ ਮਾਤ੍ਰਾ ਦਾ. 3. ਡਗਣ, ਚਾਰ ਮਾਤ੍ਰਾ ਦਾ. 4. ਢਗਣ, ਤਿੰਨ ਮਾਤ੍ਰਾ ਦਾ. 5. ਣਗਣ, ਦੋ ਮਾਤ੍ਰਾ ਦਾ. ਇਸੇ ਹਿਸਾਬ ਨੂੰ ਧ੍ਯਾਨ ਵਿੱਚ ਰੱਖਕੇ—ਛੈਕਲ, ਪੰਚਕਲ, ਚੌਕਲ, ਤ੍ਰਿੱਕਲ ਅਤੇ ਦੁੱਕਲ, ਯਥਾ ਕ੍ਰਮ ਮਾਤ੍ਰਿਕ ਗਣਾ ਦੇ ਨਾਮ ਹੈਨ. ਇਨ੍ਹਾਂ ਗਣਾ ਦੇ ਅਨੇਕ ਰੂਪ ਛੰਦਾਂ ਵਿਖੇ ਵਰਤੇ ਜਾਂਦੇ ਹਨ, ਯਥਾ—

1. ਟਗਣ ਦੇ ਰੂਪ—SSS, IISS, ISIS, SIIS, IIIIS, ISSI, SISI, IIISI, SSII, IISII, ISIII, SIII, IIIIII.

2. ਠਗਣ ਦੇ ਰੂਪ— ISS, SIS, IIIS, SSI, IISI, ISI, SIII, IIIII.

3. ਡਗਣ ਦੇ ਰੂਪ— SS, IIS, ISI, SII, IIII.

4. ਢਗਣ ਦੇ ਰੂਪ —IS, SI, III.

5. ਣਗਣ ਦੇ ਰੂਪ—S, II.

ਇਨ੍ਹਾਂ ਗਣਾ ਦੇ ਕਲਪਨ ਦਾ ਭਾਵ ਇਹ ਹੈ ਕਿ ਮਾਤ੍ਰਿਕ ਛੰਦਾਂ ਦੇ ਅਨੇਕ ਰੂਪ ਰਚੇ ਜਾ ਸਕਣ, ਅਰੁ ਇਤਨੀ ਇਤਨੀ ਮਾਤ੍ਰਾਂ ਦੇ ਪਦ ਵਰਤਣ ਕਰਕੇ ਛੰਦ ਦੀ ਸੁੰਦਰਤਾ ਹੋਵੇ. ਉਦਾਹਰਣ ਦੇ ਤੌਰ ਕੁਛ ਸੁਰੂਪ ਇਸ ਥਾਂ ਦਿਖਾਉਂਦੇ ਹਾਂ.

(ੳ) ਮਧੁਭਾਰ ਛੰਦ ਦਾ ਲਛਣ ਹੈ ਕਿ ਚਾਰ ਮਾਤ੍ਰਾ ਪਿੱਛੋਂ ਇੱਕ ਜਗਣ ਪ੍ਰਤਿਚਰਣ ਹੋਵੇ, ਅਥਵਾ ਇਉਂ ਕਹੋ ਕਿ ਇੱਕ ਡਗਣ ਅਤੇ ਇੱਕ ਜਗਣ ਹੋਵੇ. ਯਥਾ—

---

*ਪਿੰਗਲਾਂ ਵਿੱਚ ਇਨ੍ਹਾਂ ਗਣਾਂ ਦੇ ਦੇਵਤਾ, ਵਰਣ ਅਤੇ ਲੋਕ ਆਦਿਕ ਅਨੇਕ ਕਲਪੇ ਹਨ, ਜਿਨ੍ਹਾਂ ਦਾ ਲਿਖਣਾ ਅਸੀਂ ਨਿਸਫਲ ਸਮਝਿਆ ਹੈ, ਕਯੋਂਕਿ ਗਣ ਕਵਿ ਸੰਕੇਤ ਹੈ, ਨਾਕਿ ਖ਼ਾਸ ਲੋਕ ਵਿਖੇ ਰਹਿਣ ਵਾਲਾ ਦੇਵਤਾ.

1. ਸਤਿਗੁਰੁ ਕ੍ਰਿਪਾਲੁ.

2. ਸ੍ਰੀ ਗੁਰ ਕ੍ਰਿਪਾਲੁ.

3. ਮਾਨੋ ਕ੍ਰਿਪਾਲੁ.

ਦੇਖੋ, ਤਿੰਨਾਂ ਉਦਾਹਰਣਾ ਵਿੱਚ ਡਗਣ ਦੇ ਤਿੰਨ ਸੁਰੂਪ ਬਣਕੇ ਛੰਦ ਦੀਆਂ ਤਿੰਨ ਸ਼ਕਲਾਂ ਹੋ ਗਈਆਂ. ਪਹਿਲੇ ਉਦਾਹਰਣ ਵਿੱਚ ਡਗਣ ਦਾ ਰੂਪ ਹੈ ||||. ਦੂਜੇ ਵਿਖੇ ਹੈ ऽ|| ਅਤੇ ਤੀਜੇ ਵਿੱਚ ਹੈ ऽऽ.

(ਅ) ਦੋਹੇ ਦਾ ਲੱਛਣ ਹੈ ਪ੍ਰਤਿਚਰਣ 24 ਮਾਤ੍ਰਾ. ਪਹਿਲੇ ਵਿਸ਼੍ਰਾਮ 13 ਪਰ, ਦੂਜਾ 11 ਪਰ, ਅੰਤ ਗੁਰੁ ਲਘੁ, ਯਥਾ—

1. ਕਲਗੀਧਰ ਗੁਣਖਾਨਿ ਕੋ ਧਯਾਯ ਸਦਾ ਵ੍ਰਿਜਏਸ਼,

2. ਖੜਗਧਾਰਿ ਰਿਪੁਹਰਣ ਮਨ ਧਰੋ ਚਿੱਤ ਵ੍ਰਿਜਏਸ਼.

3. ਘਾਲਕ ਰਿਪੁ ਕੋਦੰਡ ਧਰ ਹਰਤ ਅਰਿਨ ਦਸ਼ਮੇਸ਼.

ਦੇਖੋ, ਇਨ੍ਹਾ ਤਿੰਨਾਂ ਹੀ ਉਦਾਹਰਣਾਂ ਵਿੱਚ ਟਗਣ ਠਗਣ ਣਗਣ ਦੋ ਢਗਣ ਅਤੇ ਅੰਤ ਠਗਣ ਹੈ. ਅੰਤਿਮ ਠਗਣ ਨੂੰ ਛੱਡਕੇ ਤੇਹਾਂ ਉਦਾਹਰਣਾਂ ਵਿਖੇ ਮਾਤ੍ਰਿਮ ਗਣਾਂ ਦੇ ਭਿੰਨ ਭਿੰਨ ਰੂਪ ਹੋਣ ਕਰਕੇ ਦੋਹੇ ਦੇ ਤਿੰਨ ਰੂਪ ਹੋ ਗਏ. ਐਸੇ ਹੀ ਅਨੰਤ ਰੂਪਾਂ ਛੰਦਾਂ ਦੇ ਮਾਤ੍ਰਿਕ ਗਣਾਂ ਦੇ ਭੇਦ ਕਰਕੇ ਜਾਣ ਲੈਣੇ ਚਾਹੀਜੇ.

## ਛੰਦ ਅਥਵਾ ਵ੍ਰਿੱਤ*

ਜਿਸ ਕਾਵ੍ਯ ਵਿੱਚ ਮਾਤ੍ਰਾ ਅਛਰ, ਗਣ, ਵਿਸ਼੍ਰਾਮ ਅਤੇ ਅਨੁਪ੍ਰਾਸ ਆਦਿਕ ਨਿਯਮਾਂ ਦੀ ਪਾਬੰਦੀ ਹੋਵੇ, ਉਹ "ਛੰਦ" ਹੈ. ਪਾਠਕਾਂ ਨੂੰ ਮਲੂਮ ਰਹੇ ਕਿ ਛੰਦ, ਰਾਗਾਂ ਦੀ ਤਰਾਂ ਸਦਾ ਨਵੇਂ ਬਣਦੇ ਰਹਿੰਦੇ ਹਨ. ਜੇ ਵੇਦ ਪੁਰਾਣ, ਰਾਮਾਯਣ ਕਾਲਿਦਾਸ ਦੇ ਛੰਦਾਂ ਦਾ ਮੁਕਾਬਲਾ ਕਰੀਏ, ਤਦ ਰਾਤ ਦਿਨ ਦਾ ਅੰਤਰ ਭਾਸਦਾ ਹੈ. ਅਰੁ ਵਰਤਮਾਨ ਕਾਲ ਦੇ ਅਨੇਕ ਛੰਦਾਂ ਦਾ ਸਰੂਪ ਪੁਰਾਣੇ ਗ੍ਰੰਥਾਂ ਵਿਚ ਨਹੀਂ ਪਾਯਾ ਜਾਂਦਾ. ਇਸ ਲਈਂ ਛੰਦਾਂ ਦੇ ਨਵੇਂ ਨਾਮ ਅਰੁ ਰੂਪ ਵੇਖਕੇ ਆਸ਼ਚਰਯ ਨਹੀਂ ਹੋਣਾ ਚਾਹੀਏ.†

---

*ਕਈ ਛੰਦਗ੍ਰੰਥਾਂ ਵਿੱਚ ਐਸਾ ਭੀ ਲਿਖਿਆ ਹੈ ਕਿ ਮਾਤ੍ਰਿਕ ਕਾਵ੍ਯ 'ਛੰਦ' ਅਤੇ ਵਰਣਿਕ 'ਵ੍ਰਿੱਤ' ਹੈ.

† ਸਭ ਤੋਂ ਪਹਿਲਾਂ ਜਦ ਛੰਦਵਿਦ੍ਯਾ ਦਾ ਵਿਕਾਸ਼ ਹੋਯਾ, ਤਦ ਗਣ ਅਰੁ ਮਾਤ੍ਰਾ ਦਾ ਕੋਈ ਨਿਯਮ ਨਹੀਂ ਸੀ, ਕੇਵਲ ਅਛਰਾਂ ਦੀ ਗਿਣਤੀ ਹੋਯਾ ਕਰਦੀ ਸੀ. ਪ੍ਰਤਿਚਰਣ ਇੱਕ ਅਛਰ ਤੋਂ ਲੈਕੇ ਛੱਬੀ ਅੱਛਰ ਤੀਕ ਦੇ ਛੰਦ ਹੁੰਦੇ ਸੇ, ਅਰ ਉਨ੍ਹਾਂ ਦੇ ਨਾਮ ਸਨ 1 ਉਕ੍ਤਾ 2 ਅਤ੍ਯੁਕ੍ਤਾ, 3 ਮਧ੍ਯਾ, 4 ਪ੍ਰਤਿਸ਼੍ਠਾ, 5 ਸੁਪ੍ਰਤਿਸ਼੍ਠਾ 6 ਗਾਯਤ੍ਰੀ, 7 ਉਸ਼ਣਗ, 8 ਅਨੁਸ਼੍ਟੁਭ, 9 ਬ੍ਰਿਹਤੀ. 10 ਪੰਕ੍ਤਿ, 11 ਤ੍ਰਿਸ਼੍ਟੁਪ, 12 ਜਗਤੀ, 13 ਅਤਿ ਜਗਤੀ, 14 ਸ਼ਕ੍ਵਰੀ, 15 ਅਤਿ ਸ਼ਕ੍ਵਰੀ. 16 ਅਸ਼੍ਟੀ, 17 ਅਤ੍ਯਸ਼੍ਟੀ,

—ਚਲਦਾ

ਕਦੇ ਐਸਾ ਭੀ ਹੁੰਦਾ ਹੈ ਕਿ ਛੰਦ ਇੱਕ ਹੀ ਹੈ, ਪਰ ਅਨੇਕ ਗ੍ਰੰਥਕਤਾ ਵਿਦ੍ਵਾਨਾਂ ਨੇ ਉਸ ਦੇ ਨਾਮ ਭਿੰਨ ਭਿੰਨ ਲਿਖੇ ਹਨ, ਯਥਾ—"ਉਤਭੁਜ" ਛੰਦ ਦੇ ਨਾਮ—ਅਰਧ ਭੁਜੰਗ, ਸੋਮਰਾਜੀ ਅਤੇ ਸ਼ੰਖਨਾਰੀ ਦੇਖੀਦੇ ਹਨ. ਅਰੁ ਕਈ ਲੇਖਕਾਂ ਨੇ ਅਨੰਗਸ਼ੇਖਰ ਨੂੰ ਮਦਨਸ਼ੇਖਰ; ਸਾਰੰਗੀ ਨੂੰ ਹਰਿਣੀ; ਕਮਲ ਨੂੰ ਪਦਮ ਅਤੇ ਭੁਜੰਗਪ੍ਰਯਾਤ ਨੂੰ ਉਰਗਪ੍ਰਯਾਤ ਆਦਿਕ ਪ੍ਰਯਾਯ ਰੂਪ ਸੰਗ੍ਯਾ ਦੇਕੇ ਅਨੇਕ ਨਾਮ ਬਣਾ ਦਿਤੇ ਹਨ.

## ਚਰਣ

**ਛੰਦ ਦੀ ਤੁਕ ਦਾ ਨਾਮ "ਚਰਣ" ਹੈ. ਇਸ ਨੂੰ ਪਦ, ਪਾਦ ਅਤੇ ਕਲੀ ਭੀ ਆਖਦੇ ਹਨ.***

## ਯਤਿ ਅਥਵਾ ਵਿਸ਼੍ਰਾਮ

ਛੰਦ ਦੇ ਚਰਣਾ ਵਿਖੇ ਜੋ ਠਹਿਰਣ ਦਾ ਥਾਂ ਹੈ, ਉਸ ਦੀ "ਯਤਿ" ਸੰਗ੍ਯਾ ਹੈ, ਜੈਸੇ— ਦੋਹਾ ਛੰਦ ਦਾ ਪਹਿਲਾ ਵਿਸ਼੍ਰਾਮ ਤੇਰਾਂ ਮਾਤ੍ਰਾਂ ਪਰ ਹੈ; ਤ੍ਰਿਭੰਗੀ ਦੀ ਤੁਕ ਦਾ ਪਹਿਲਾ ਵਿਸ਼੍ਰਾਮ ਦਸ਼ ਮਾਤ੍ਰਾ ਪਰ ਹੈ, ਅਰੁ ਘਨਾਖਰੀ ਦੀ ਤੁਕ ਦਾ ਪਹਿਲਾ ਅਤੇ ਚੌਥਾ ਵਿਸ਼੍ਰਾਮ ਅਠ ਅਠ ਅਖਰਾਂ ਪਰ ਹੈ. ਐਸੇ ਹੀ ਹੋਰ ਛੰਦਾ ਦੇ ਵਿਸ਼੍ਰਾਮ ਜਾਣੋ. ਯਤਿ ਦਾ ਹਿਸਾਬ ਰੱਖਣ ਤੋਂ ਛੰਦ ਦੀ ਚਾਲ ਸੁੰਦਰ, ਅਰੁ ਅਰਥ ਦਾ ਬੋਧ ਉੱਤਮ ਹੁੰਦਾ ਹੈ.

---

18. ਧ੍ਰਿਤੀ, 19 ਅਤਿਧ੍ਰਿਤੀ, 20 ਕ੍ਰਿਤਿ, 21 ਪ੍ਰਕ੍ਰਿਤੀ, 22 ਅਕ੍ਰਿਤੀ, 23 ਵਿਕ੍ਰਿਤਿ, 24 ਸਕ੍ਰਿਤਿ, 25 ਅਤਿਕ੍ਰਿਤਿ, 26 ਉਤਕ੍ਰਿਤਿ, ਉਕ੍ਤਾ ਪ੍ਰਤਿ ਚਰਣ ਇੱਕ ਅੱਖਰ ਦਾ ਅਤੇ ਉਤਕ੍ਰਿਤ ਛੱਬੀ ਅੱਖਰਾਂ ਦਾ ਯਥਾ ਕ੍ਰਮ ਸਮਝ ਲੈਣਾ ਚਾਹੀਏ. ਛੰਦ ਦੀ ਤੁਕਾਂ ਦੇ ਅੰਤਿਮ ਵਰਣਾ ਦਾ ਮੇਲ ਅਤੇ ਗੁਰੁ ਲਘੁ ਦਾ ਕੋਈ ਵਿਚਾਰ ਨਹੀਂ ਸੀ. ਫਿਰ ਕੁਛ ਕਾਲ ਪਿੱਛੋਂ ਛੰਦਸ਼ਾਸਤ੍ਰ ਦੀ ਉੱਨਤੀ ਹੋਈ, ਅਖਰ ਅਰੁ ਮਾਤ੍ਰਾ ਦੇ ਵਿਸ਼੍ਰਾਮ ਥਾਪੇ ਗਏ, ਤਥਾ ਛੰਦਾਂ ਦੇ ਚਰਣਾਂ ਦੀ ਗਿਣਤੀ ਮੁਕੱਰਰ ਕੀਤੀ ਗਈ, ਅਰੁ ਪ੍ਰਾਚੀਨ ਆਚਾਰਯਾਂ ਦੇ ਕਲਪੇ ਹੋਏ ਛੱਬੀ ਛੰਦ, ਛੰਦ ਜਾਤਿ ਮੰਨੇ ਗਏ, ਅਰਥਾਤ ਜੋ ਚਾਰ ਅਖਰ ਦੇ ਛੰਦ ਹੋਣ ਓਹ ਸਭ "ਉਕ੍ਤਾ", ਬੱਤੀ ਅਖਰ ਦੇ "ਅਨੁਸ਼੍ਟੁਭ ਅਤੇ 104 ਅਖਰ ਦੇ "ਉਤਕ੍ਰਿਤਿ" ਸੰਗ੍ਯਾ ਵਾਲੇ ਹੋਏ ਇਸ ਨਿਯਮੋ ਅਨੁਸਾਰ ਇਸ ਗ੍ਰੰਥ ਦਾ "ਉਗਾਥਾ" ਛੰਦ ਪੰਕ੍ਤਿ ਜਾਤਿ ਦਾ, ਅਤੇ "ਉਗਾਧ" ਸੁਪ੍ਰਤਿਸ਼੍ਠਾ ਜਾਤਿ ਦਾ ਹੈ. ਇਸ ਪਿੱਛੋਂ ਵਿਦ੍ਵਾਨ ਕਵੀਆਂ ਨੇ ਮਾਤ੍ਰਿਕ ਅਤੇ ਵਰਣਿਕ ਗਣ ਕਲਪ ਕੇ ਛੰਦਸ਼ਾਸਤ੍ਰ ਦੀ ਸ਼ਨੇ ਸ਼ਨੇ ਕਾਯਾਂ ਪਲਟੀ, ਜਿਸ ਦਾ ਗ੍ਯਾਨ, ਰਾਮਾਯਣ, ਨਾਟਕ, ਇਤਿਹਾਸ ਅਤੇ ਚੰਪੂ ਆਦਿਕ ਦੇਖਣ ਤੋਂ ਚੰਗੀ ਤਰ੍ਹਾਂ ਹੋ ਸਕਦਾ ਹੈ, ਅਰੁ ਵਰਤਮਾਨ ਕਾਲ ਵਿੱਚ ਜੋ ਸੁਰੂਪ ਛੰਦਸ਼ਾਸਤ੍ਰ ਦਾ ਹੈ, ਉਸ ਦਾ ਇਹ ਕੁਛ ਨਮੂਨਾ "ਗੁਰੁਛੰਦ ਦਿਵਾਕਰ" ਆਪਦੇ ਸਮੁਖ ਹੈ.

*ਕਦੇ ਕਦੇ ਯਤਿ ਵਾਸਤੇ ਭੀ ਪਦ ਅਥਵਾ ਪਾਦ ਆਦਿਕ ਪਦ ਆ ਜਾਂਦੇ ਹਨ.

# ਛੰਦਾਂ ਦੇ ਭੇਦ

ਛੰਦ ਚਾਰ ਪ੍ਰਕਾਰ ਦੇ ਹਨ—ਮਾਤ੍ਰਿਕ ਛੰਦ, ਵਰਣਿਕ ਛੰਦ, ਗਣ ਛੰਦ* ਅਤੇ ਮਿਸ਼੍ਰਿਤ ਛੰਦ.

(1) ਮਾਤ੍ਰਿਕ ਛੰਦ ਉਹ ਹੈਨ, ਜਿਨ੍ਹਾਂ ਵਿੱਚ ਕੇਵਲ ਮਾਤ੍ਰਾ ਦਾ ਹਿਸਾਬ ਰੱਖੀਦਾ ਹੈ, ਅੱਖਰ ਅਤੇ ਗਣ ਦਾ ਕੋਈ ਨਿਯਮ ਨਹੀਂ, ਜੈਸੇ—ਦੋਹਾ ਅਰ ਛੱਪਯ ਆਦਿਕ.

(2) ਵਰਣ ਛੰਦ ਉਹ ਹੈਨ, ਜਿਨ੍ਹਾਂ ਵਿਖੇ ਮਾਤ੍ਰਾ ਅਰੁ ਗਣ ਦਾ ਕੋਈ ਨਿਯਮ ਨਹੀਂ, ਕੇਵਲ ਅੱਖਰਾਂ ਦੀ ਗਿਣਤੀ ਪੂਰੀ ਰੱਖੀ ਜਾਂਦੀ ਹੈ, ਜੈਸੇ- ਕਬਿੱਤ ਅਰੁ ਕੋਰੜਾ ਆਦਿਕ.

(3) ਗਣ ਛੰਦ ਉਹ ਹੈਨ, ਜਿਨਾਂ ਵਿਖੇ ਕੇਵਲ ਗਣਾਂ ਦਾ ਹਿਸਾਬ ਵਰਤੀਦਾ ਹੈ, ਜੈਸੇ— ਸ਼ਸ਼ਿਵਦਨਾ ਅਰੁ ਭੁਜੰਗ-ਪ੍ਰਯਾਤ ਆਦਿਕ.

(4) ਮਿਸ਼੍ਰਿਤ ਛੰਦ ਉਹ ਹੈਨ, ਜਿਨ੍ਹਾਂ ਵਿਖੇ ਮਾਤ੍ਰਾ ਅਤੇ ਗਣ, ਅਥਵਾ ਵਰਣ ਅਤੇ ਗਣ, ਦੋਹਾਂ ਦਾ ਹਿਸਾਬ ਸਹੀ ਰੱਖੀਦਾ ਹੈ,† ਜੈਸੇ—ਉਗਾਥਾ, ਸ਼ੋਭਨ ਅਤੇ ਤਾਟੰਕ ਆਦਿਕ.

ਇਨ੍ਹਾਂ ਛੰਦਾ ਦੇ ਅੱਗੇ ਦੋ ਭੇਦ ਹਨ—"ਸਮ" ਅਤੇ "ਵਿਖਮ" (विषम). ਸਮ ਉਹ ਹੈਨ, ਜਿਨ੍ਹਾਂ ਦੇ ਚਰਣ ਜਿਸਤ ਅਤੇ ਇੱਕ ਵਜ਼ਨ ਦੇ ਹੈਨ, ਜੈਸੇ—ਸਵੈਯਾ, ਤ੍ਰਿਭੰਗੀ ਆਦਿਕ. ਵਿਖਮ ਛੰਦ ਉਹ ਹੈਨ, ਜਿਨ੍ਹਾਂ ਦੇ ਚਰਣ ਸਮਾਨ ਵਜ਼ਨ ਦੇ ਨਹੀਂ, ਜੈਸੇ – ਕੁੰਡਲੀਆ, ਘੱਤਾ ਅਰੁ ਛੱਪਯ ਆਦਿਕ‡ ਅਥਵਾ ਸਮਾਨ ਵਜ਼ਨ ਦੇ ਹੋਣ ਪਰ ਭੀ ਟੌਂਕ ਸੰਖਯਾ ਦੇ ਹੋਣ, ਯਥਾ—ਏਲਾ ਛੰਦ.

## ਛੰਦ ਦਾ ਲਛਣ ਦੱਸਣ ਦੀ ਰੀਤਿ

ਬਹੁਤ ਛੰਦਗ੍ਰੰਥਕਾਰਾਂ ਨੇ ਛੰਦ ਦਾ ਲਛਣ ਕਰਦੇ ਹੋਏ, ਨਿਰਰਥਕ ਪਦ ਲਿਖਕੇ ਪਾਠਕਾਂ

---

*ਬਹੁਤ ਛੰਦਗ੍ਰੰਥਾਂ ਨੇ ਗਣ ਅਤੇ ਵਰਣ ਛੰਦ ਇੱਕ ਜਾਤਿ ਦੇ ਹੀ ਦੱਸੇ ਹਨ, ਪਰੰਤੂ ਦੋਹਾਂ ਦਾ ਪਰਸਪਰ ਭਾਰੀ ਭੇਦ ਹੈ.

†ਉਨ੍ਹਾ ਛੰਦਾਂ ਦੀ ਭੀ "ਮਿਸ਼੍ਰਿਤ" ਸੰਗ੍ਯਾ ਹੈ ਜੋ ਦੋ ਛੰਦਾਂ ਦੇ ਮਿਲਾਪ ਤੋਂ ਬਣਦੇ ਹਨ, ਯਥਾ ਕਲਸ਼, ਕੁੰਡਲੀਆ ਅਤੇ ਛੱਪਯ ਆਦਿਕ.

‡ਵਿਖਮ ਛੰਦ ਤਿਨ ਭੇਦਾਂ ਵਿਚ ਵੰਡੇ ਗਏ ਹਨ—ਵਿਖਮ, ਵਿਖਮਤਰ, ਵਿਖਮਤਮ.

(ੳ) ਵਿਖਮ ਉਹ ਹੈਨ, ਜਿਨ੍ਹਾਂ ਦੇ ਚਰਣ ਚਾਰ ਤੋਂ ਵੱਧ, ਪਰ ਜਿਸਤ ਸੰਖਯਾ ਦੇ ਹੈਨ, ਅਰੁ ਵਜ਼ਨ ਵਿੱਚ ਸਮਤਾ ਨਹੀਂ. ਜੈਸੇ ਛੱਪਯ ਦੇ ਚਾਰ ਚਰਣ ਚੌਬੀਹ ਚੌਬੀਹ ਮਾਤ੍ਰਾ ਦੇ, ਅਰੁ ਦੋ ਚਰਣ ਅਠਾਈ ਅਠਾਈ ਮਾਤ੍ਰਾ ਦੇ ਹਨ.

(ਅ) ਵਿਖਮਤਰ ਉਹ ਕਹੀਦੇ ਹਨ, ਜਿਨ੍ਹਾਂ ਦੇ ਚਰਣ ਟੌਂਕ ਸੰਖਯਾ ਦੇ ਹੋਣ. ਦੇਖੋ, ਪੌੜੀ ਦਾ ਰੂਪ 11 ਅਤੇ 12.

(ੲ) ਵਿਖਮਤਮ ਉਹ ਹੈਨ, ਜਿਨ੍ਹਾਂ ਦੇ ਚਰਣ ਭੀ ਟੌਂਕ ਅਰੁ ਪਰਸਪਰ ਵਜ਼ਨ ਵਿੱਚ ਭੀ ਭੇਦ ਰਖਦੇ ਹਨ. ਦੇਖੋ, ਕਕੁਭ ਅਤੇ ਘੱਤਾ ਦਾ ਰੂਪ 2.

ਨੂੰ ਭ੍ਰਮਜਾਲ ਵਿੱਚ ਪਾ ਦਿੱਤਾ ਹੈ,ਯਥਾ—ਭੁਜੰਗ-ਪ੍ਰਯਾਤ ਦਾ ਲਛਣ ਕਰਦੇ ਹੋਏ ਦੱਸਿਆ ਹੈ ਕਿ—ਪ੍ਰਤਿ ਚਰਣ ਚਾਰ ਯਗਣ ਹੋਣ, ਬਾਰਾਂ ਅੱਖਰ ਹੋਣ, ਅਤੇ 20 ਮਾਤ੍ਰਾਂ ਹੋਣ. ਜਦ ਇਹ ਦੱਸ ਦਿੱਤਾ ਕਿ ਚਾਰ ਯਗਣ ।ऽऽ ਹੋਣ, ਫੇਰ 12 ਅਛਰ ਅਤੇ 20 ਮਾਤ੍ਰਾ ਦੱਸਣੀਆਂ ਭਾਰੀ ਭੁੱਲ ਹੈ, ਕਯੋਂ ਕਿ ਚਾਰ ਯਗਣਾਂ ਦੇ 12 ਅਛਰ ਅਤੇ 20 ਮਾਤ੍ਰਾਂ ਬਿਨਾਂ ਸੰਸੇ ਹਨ, ਕਿਸੇ ਤਰਾਂ ਭੀ ਇਸ ਹਿਸਾਬ ਵਿੱਚ ਵਾਧਾ ਘਾਟਾ ਨਹੀਂ ਹੋ ਸਕਦਾ. ਐਸੇ ਹੀ ਨਰਾਜ ਛੰਦ ਦਾ ਲਛਣ ਕਰਦੇ ਹੋਏ ਲਿਖਿਆ ਹੈ ਕਿ ਲਘੁ ਗੁਰੁ ਕ੍ਰਮ ਨਾਲ ਸੋਲਾਂ ਅਛਰ ਅਤੇ 24 ਮਾਤ੍ਰਾ ਹੋਣ. ਜਦ ਅੱਠ ਲਘੁ ਅਤੇ ਅੱਠ ਗੁਰੁ ਹੈਨ, ਫੇਰ 24 ਮਾਤ੍ਰਾ ਦਾ ਜ਼ਿਕਰ ਕਰਨਾ, ਬਿਨਾਂ ਅਗਜਾਨ ਹੋਰ ਕੀ ਹੋ ਸਕਦਾ ਹੈ ?

ਇਸੇ ਤਰਾਂ ਸਭ ਛੰਦਾ ਬਾਬਤ ਸਮਝ ਲੈਣਾ ਚਾਹੀਏ. ਭਾਵ ਇਹ ਹੈ ਕਿ ਗਣਛੰਦ ਦਾ ਲਛਣ ਗਣਾਂ ਵਿਚ, ਵਰਣਛੰਦ ਦਾ ਅੱਖਰਾਂ ਵਿੱਚ ਅਤੇ ਮਾਤ੍ਰਾ ਦੇ ਛੰਦ ਦਾ ਮਾਤ੍ਰਾਗਿਣਤੀ ਨਾਲ ਕਰਣਾ ਚਾਹੀਏ.

## ਛੰਦਪਰਿਛਾ

ਜਦ ਅਸੀਂ ਛੰਦ ਨੂੰ ਪਰਖਣਾ ਹੋਵੇ ਕਿ ਏਹ ਕਿਸ ਸ਼੍ਰੇਣੀ ਦਾ ਹੈ, ਤਦ ਉਸ ਦੇ ਅੱਖਰ ਮਾਤ੍ਰਾ ਅਰੁ ਗਣ ਗਿਣਕੇ ਛੰਦ ਦਾ ਭੇਦ ਨਿਸ਼ਚਯ ਕਰਣਾ ਚਾਹੀਏ, ਯਥਾ—

(ੳ) ਪ੍ਰਭੂ ਹੈਂ,
ਅਜੂ ਹੈਂ,
ਅਜੈ ਹੈਂ,
ਅਭੈ ਹੈਂ.

ਇਸ ਛੰਦ ਦੇ ਚਾਰੇ ਚਰਣਾਂ ਵਿਖੇ ਤਿੰਨ ਤਿੰਨ ਅੱਖਰ, ਇੱਕ ਲਘੁ ਦੋ ਗੁਰੁ ਕ੍ਰਮ ਨਾਲ ਹੈਨ, ਇਸ ਲਈ ਨਿਰਸੰਦੇਹ ਯਗਣ ।ऽऽ ਗਣ ਵਾਲਾ "ਗਣਛੰਦ" ਹੈ.

(ਅ) ਹਮਰੀ ਕਰੋ ਹਾਥ ਦੈ ਰੱਛਾ,
ਪੂਰਣ ਹੋਏ ਚਿੱਤ ਕੀ ਇੱਛਾ,
ਤਵ ਚਰਨਨ ਮਨ ਰਹੈ ਹਮਾਰਾ,
ਅਪਨਾ ਜਾਨ ਕਰੋ ਪ੍ਰਤਿਪਾਰਾ.

ਇਸ ਦੇ ਪਹਿਲੇ ਚਰਣ ਦੇ 10, ਤੀਜੇ ਦੇ 13, ਚੌਥੇ ਦੇ 11 ਅੱਖਰ ਹੈਨ, ਇਸ ਲਈ ਵਰਣਛੰਦ ਨਹੀਂ. ਅਰੁ ਪਹਿਲੇ ਚਰਣ ਦੇ ਮੁੱਢ ਲਘੁ, ਦੂਜੇ ਦੇ ਆਦਿ ਗੁਰੁ ਹੈ, ਤਥਾ ਪਹਿਲੇ ਚਰਣ ਦੇ ਅੰਤ 3 ਗੁਰੁ, ਤੀਜੇ ਦੇ ਇੱਕ ਲਘੁ ਦੋ ਗੁਰੁ ਹੈਨ, ਇਸ ਕਾਰਣ ਇਹ ਗਣਛੰਦ ਨਹੀਂ. ਇਸ ਦੇ ਚੌਹਾਂ ਚਰਣਾਂ ਦੀ ਮਾਤ੍ਰਾ-ਗਿਣਤੀ ਠੀਕ ਸੋਲਾਂ ਸੋਲਾਂ ਹੈ, ਇਸ ਵਾਸਤੇ ਬਿਨਾਂ ਸੰਸੇ "ਮਾਤ੍ਰਿਕਛੰਦ" ਹੈ.

(ੲ) ਕਿ ਨਾਗਨੀ ਕੇ ਏਸ ਹੈਂ,
ਕਿ ਮ੍ਰਿਗੀ ਕੇ ਨਰੇਸ ਹੈਂ,

ਕਿ ਰਾਜਾ ਛਤ੍ਰਧਾਰੀ ਹੈਂ,
ਕਿ ਕਾਲੀ ਕੇ ਭਿਖਾਰੀ ਛੈ.

ਇਸ ਦੇ ਪਹਿਲੇ ਚਰਣ ਦੀਆਂ 13, ਦੂਜੇ ਦੀਆਂ 12, ਤੀਜੇ ਦੀਆਂ 14 ਮਾਤ੍ਰਾ ਹੈਨ, ਇਸ ਲਈਂ ਮਾਤ੍ਰਿਕ ਨਹੀਂ, ਇਸ ਦੇ ਪਹਿਲੇ ਚਰਣ ਦੇ ਆਦਿ ਲਘੁ ਗੁਰੁ ਲਘੁ, ਤੀਜੇ ਦੇ ਆਦਿ ਲਘੁ ਗੁਰੁ ਗੁਰੁ ਹੈਨ, ਅਰੁ ਪਹਿਲੇ ਚਰਣ ਦੇ ਅੰਤ ਗੁਰੁ ਲਘੁ ਗੁਰੁ, ਤੀਜੇ ਦੇ ਅੰਤ ਤਿੰਨੇ ਗੁਰੁ ਹੈਨ, ਇਸ ਵਾਸਤੇ ਗਣਛੰਦ ਨਹੀਂ. ਇਸ ਦੇ ਚੌਹਾਂ ਚਰਣਾਂ ਦੇ ਅੱਖਰ ਪੂਰੇ ਅਠ ਅਠ ਹੈਨ, ਇਸ ਕਾਰਣ "ਵਰਣਛੰਦ ਹੈ.

(ਸ) ਗੁਨਗਨ ਉਦਾਰ,
ਮਹਿਮਾ ਅਪਾਰ,
ਆਸਨ ਅਭੰਗ,
ਉਪਮਾ ਅਨੰਗ.

ਇਸ ਛੰਦ ਦੇ ਪਹਿਲੇ ਚਰਣ ਦੇ ਸੱਤ, ਦੂਜੇ ਦੇ ਛੀ ਅੱਖਰ ਹੈਨ, ਇਸ ਲਈਂ ਵਰਣ-ਛੰਦ ਨਹੀਂ. ਇਸ ਦੇ ਚਾਰੇ ਚਰਣਾਂ ਦੀ ਮਾਤ੍ਰਾ-ਸੰਖਯਾ ਅਠ ਅਠ ਹੈ, ਇਸ ਵਾਸਤੇ ਮਾਤ੍ਰਿਕ ਹੈ. ਪਰੰਤੁ ਚੌਹਾਂ ਚਰਣਾਂ ਦੇ ਅੰਤ ਜਗਣ ।ऽ। ਦੇਖੀਦਾ ਹੈ, ਇਸ ਕਾਰਣ ਮਿਸ਼੍ਰਿਤ ਛੰਦ ਹੈ.

(ਹ) ਬਹੁਤ ਛੰਦ ਐਸੇ ਹਨ ਜਿਨ੍ਹਾਂ ਵਿੱਚ ਤਿੰਨੇ ਲੱਛਣ ਘਟ ਜਾਂਦੇ ਹਨ, ਯਥਾ—

ਅਗੰਜ ਆਦਿ ਦੇਵ ਹੈਂ ਅਭੰਜ ਭੰਜ ਜਾਨਿਐ,
ਅਭੂਤ ਭੂਤ ਹੈਂ ਸਦਾ ਅਗੰਜ ਗੰਜ ਮਾਨਿਐ,
ਅਦੇਵ ਦੇਵ ਦੇਵ ਹੈਂ ਸਦਾ ਅਭੇਵ ਨਾਥ ਹੈਂ;
ਸਮਸ੍ਤ ਸਿੱਧਿ ਬ੍ਰਿੱਧਿਦਾ ਸਦੀਵ ਸਰਬ ਸਾਥ ਹੈਂ.

ਇਸ ਦੇ ਪ੍ਰਤਿ ਚਰਣ 24 ਮਾਤ੍ਰਾ ਹੈਨ, ਪ੍ਰਤਿ ਚਰਣ 16 ਅੱਖਰ ਹਨ, ਅਰੁ ਪ੍ਰਤਿ ਚਰਣ, ਜਗਣ, ਰਗਣ, ਜਗਣ, ਰਗਣ, ਜਗਣ, ਅਤੇ ਗੁਰੁ ਹੈਨ. ।ऽ।, ऽ।ऽ, ।ऽ।, ऽ।ऽ, ।ऽ।, ऽ.

ਇਸ ਸੂਰਤ ਵਿੱਚ ਕੀ ਫੈਸਲਾ ਕਰਣਾ ਚਾਹੀਏ ? ਵਿਚਾਰਣ ਤੋਂ ਨਿਸਚਾ ਹੋਵੇਗਾ ਕਿ ਇਹ "ਵਰਣਛੰਦ" ਹੈ, ਅਰੁ ਲਘੁ ਗੁਰੁ ਕ੍ਰਮ ਨਾਲ ਅੱਖਰ ਹੋਣ ਕਰਕੇ ਗਣ ਸੁਭਾਵਿਕ ਬਣ ਗਏ ਹੈਨ. ਅਰੁ ਉਸ ਦੇ ਨਾਲ ਹੀ ਮਾਤ੍ਰਾ ਦੀ ਗਿਣਤੀ ਪੂਰੀ ਹੋਣੀ ਸੁਤੇ ਹੀ ਜਰੂਰੀ ਸੀ. ਇਸ ਰੀਤਿ ਅਨੁਸਾਰ ਪਾਠਕਾਂ ਨੂੰ ਸਭ ਛੰਦਾਂ ਦਾ ਨਿਰਣਯ ਕਰ ਲੈਣਾ ਚਾਹੀਯੇ.

## ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਛੰਦ

ਜੈਸੇ ਵੇਦ, ਪੁਰਾਣ, ਰਾਮਾਯਣ ਅਤੇ ਹੋਰ ਕਾਵ੍ਯਗ੍ਰੰਥਾਂ ਵਿਚ ਛੰਦਾਂ ਦੇ ਨਾਮ ਲਿਖੇ ਨਹੀਂ ਦੇਖੇ ਜਾਂਦੇ, ਕਿੰਤੂ ਵਿਦ੍ਵਾਨ ਪਾਠਕ ਛੰਦ ਦੀ ਚਾਲ ਤੋਂ ਸਮਝ ਲੈਂਦੇ ਹਨ ਕਿ ਇਹ ਅਮੁਕ ਜਾਤਿ ਦਾ ਛੰਦ ਹੈ, ਤੈਸੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਛੰਦਾਂ ਦੇ ਨਾਮ (ਖ਼ਾਸ ਦੋ ਚਾਰ ਥਾਂ ਛੱਡਕੇ, ਹੋਰ ਕਿਤੇ) ਲਿਖੇ ਨਹੀਂ ਪਾਈਦੇ. ਸਾਨੂੰ ਚਾਹੀਯੇ ਕਿ ਛੰਦਸ਼ਾਸਤ੍ਰ ਦੇ ਪੂਰੇ ਗ੍ਯਾਤਾ ਹੋ ਕੇ ਛੰਦਗਤਿ ਅਨੁਸਾਰ ਪਾਠ ਕਰੀਯੇ, ਜਿਸ ਤੋਂ ਗੁਰੁਬਾਣੀ ਦਾ ਅਧਿਕ ਰਸ ਆਵੇ.

ਕਈ ਗ੍ਯਾਨੀ ਆਖਦੇ ਅਤੇ ਲਿਖਦੇ ਹਨ ਕਿ ਗੁਰੁਬਾਣੀ ਛੰਦਨਿਯਮਾਂ ਤੋਂ ਬਾਹਰ ਹੈ, ਪਰੰਤੂ

ਇਹ ਉਨ੍ਹਾਂ ਦੀ ਭੁੱਲ ਹੈ. ਹਾਂ, ਅਸੀਂ ਇਹ ਆਖ ਸਕਦੇ ਹਾਂ ਕਿ ਅਸੀਂ ਗੁਰਬਾਣੀ ਦੇ ਸਾਰੇ ਛੰਦਾਂ ਦੇ ਰੂਪ ਨਹੀਂ ਜਾਣਦੇ. ਅਰੁ ਜਿਨ੍ਹਾਂ ਛੰਦਾਂ ਦੇ ਲਛਣ ਅਸੀਂ ਜਾਣਦੇ ਭੀ ਹਾਂ, ਉਨ੍ਹਾਂ ਦੇ ਸਾਰੇ ਰੂਪਾਂ ਦਾ ਗਯਾਨ ਨਹੀਂ ਰਖਦੇ, ਖ਼ਾਸ ਕਰਕੇ ਮੁਕ੍ਤਦੰਡਕ* ਦੇ ਰੂਪਾਂ ਤੋਂ ਅਸੀਂ ਪੂਰੇ ਅਣਜਾਣ ਹਾਂ.

ਗਯਾਨੀਆਂ ਦੇ ਭ੍ਰਮਚਿੱਤ ਹੋਣ ਦਾ ਇਕ ਹੋਰ ਕਾਰਣ ਭੀ ਹੈ ਕਿ ਉਹ ਸੰਗੀਤ ਦੇ ਨਿਯਮਾਂ ਨੂੰ ਚੰਗੀ ਤਰਾਂ ਨਹੀਂ ਸਮਝਦੇ. ਗੁਰੁਬਾਣੀ ਵਿਚ ਜੋ "ਰਹਾਉ" (ਟੇਕ) ਦੇ ਪਦ ਹੈਨ, ਉਹ ਤਾਲ ਸੁਰ ਲਯ ਅਨੁਸਾਰ ਛੰਦ ਦੇ ਵਜ਼ਨ ਤੋਂ ਨਿਰਾਲੇ ਹੋਯਾ ਕਰਦੇ ਹਨ, ਜੈਸੇ "ਮੋਤੀ ਤ ਮੰਦਰ ਊਸਰਹਿ" ਸ਼੍ਰੀ ਰਾਗ ਦਾ ਸ਼ਬਦ "ਗੀਤਿਕਾ" ਛੰਦ ਹੈ, ਪਰੰਤੁ "ਹਰਿ ਬਿਨ ਜੀਉ ਜਲਿ ਬਲਿ ਜਾਉ" ਰਹਾਉ ਦੀ ਤੁਕ ਅਸਥਾਈ ਹੈ. ਅਰ ਮਾਰੂ ਰਾਗ ਵਿੱਚ "ਚੰਦ ਸਤ ਭੇਦਿਆ ਨਾਦ ਸਤ ਪੂਰਿਆ"—ਜੈਦੇਵ ਦਾ ਪਦ "ਝੂਲਨਾ" ਛੰਦ ਹੈ, ਪਰੰਤੁ "ਮਨ ਆਦਿ ਗੁਣ ਆਦਿ ਵਖਾਣਿਆ" ਰਹਾਉ ਦੀ ਤੁਕਾਂ ਭਿੰਨ ਹੈਨ. ਇਹ ਨਿਯਮ ਕੇਵਲ ਗੁਰੁਬਾਣੀ ਵਿੱਚ ਹੀ ਨਹੀਂ, ਕਿੰਤੂ ਸੂਰਸਾਗਰ ਆਦਿਕ ਗ੍ਰੰਥਾਂ ਦੇ ਪਦਾਂ ਵਿਖੇ ਅਸਥਾਈ ਦਾ ਪਦ ਛੰਦ ਦੀ ਤੁਕਾਂ ਤੋਂ ਭਿੰਨ ਵਜ਼ਨ ਦਾ ਹੋਯਾ ਕਰਦਾ ਹੈ.

ਐਸੇ ਹੀ "ਰਾਮ ਰਾਜੇ"—"ਵਣਜਾਰਿਆ ਮਿਤ੍ਰਾ"—"ਮੇਰੀ ਜਿੰਦੁੜੀਏ" ਆਦਿਕ ਪਦ ਭੀ ਸੰਗੀਤ ਸੰਬੰਧੀ ਹੈਨ, ਜਿਨ੍ਹਾਂ ਦੀ ਛੰਦ ਵਿੱਚ ਗਿਣਤੀ ਨਹੀਂ ਹੁੰਦੀ.

ਗੁਰੁਬਾਣੀ ਦੇ ਛੰਦਾਂ ਦੀ ਤੁਕਾਂ ਕਈ ਥਾਈਂ ਵੱਧ ਘੱਟ ਹੋਣ ਦਾ ਇਹ ਕਾਰਣ ਹੈ, ਕਿ ਰਾਗ ਦਾ ਅਲਾਪ, ਟੇਕ, ਅੰਤਰਾ, ਭੋਗ ਆਦਿਕ ਦਾ ਨਿਯਮ ਮੁੱਖ ਰੱਖਕੇ ਸ਼ਬਦ ਰਚੇ ਗਏ ਹਨ.

ਸ਼੍ਰੀ ਗੁਰੂ ਗ੍ਰੰਥਸਾਹਿਬ ਦੇ ਛੰਦਾਂ ਦੀ ਮਾਤ੍ਰਾ ਗਿਣਨ ਸਮੇਂ ਖ਼ਾਸ ਕਰਕੇ ਇਸ ਗੱਲ ਦਾ ਧਯਾਨ ਰੱਖਣਾ ਚਾਹੀਏ ਕਿ ਜਿਸ ਤਰਾਂ ਅਸੀਂ ਸਾਧਾਰਣ ਪਾਠ ਕਰਦੇ ਹੋਏ ਛੰਦਗਤਿ ਅਨੁਸਾਰ ਪਦ ਮੂਹੋਂ ਉੱਚਾਰਣ ਕਰਦੇ ਹਾਂ, ਮਾਤ੍ਰਾ ਉਸੇ ਹਿਸਾਬ ਗਿਣਨ ਤੋਂ ਪੂਰੀਆਂ ਹੁੰਦੀਆਂ ਹਨ, ਗਾਯਨ ਸਮੇਂ ਜਿਸ ਤਰਾਂ ਲਯ ਤਾਰ ਦੀ ਗਤਿ ਅਨੁਸਾਰ ਪਾਠ ਹੁੰਦਾ ਹੈ, ਅਰ ਜਿਹਾ ਕਿ ਲਿਖਿਆ ਦੇਖੀ ਦਾ ਹੈ, ਉਸ ਤੋਂ ਗਿਣਤੀ ਵੱਧ ਘੱਟ ਹੋ ਜਾਂਦੀ ਹੈ. ਜੈਸੇ—ਗਿਆਨੀ, ਧਿਆਨੀ, ਭਇਆ ਆਦਿਕ.

ਇਸ ਪੁਸਤਕ ਵਿੱਚ ਜੋ ਗੁਰੁਸ਼ਬਦਾਂ ਦੇ ਉਦਾਹਰਣ ਲਿਖੇ ਹਨ, ਉਨਾਂ ਵਿੱਚ ਮਾਤ੍ਰਾ ਦਾ ਹਿਸਾਬ ਸਮਝਾਉਂਣ ਲਈ ਪਦਾਂ ਦੀ ਸ਼ਕਲ ਉੱਚਾਰਣ ਅਨੁਸਾਰ ਹੈ, ਕੋਈ ਅਗਯਾਨੀ ਅਥਵਾ ਛਿੱਦ੍ਰਦਰਸ਼ੀ ਇਹ ਨਾ ਸਮਝ ਲਵੇ ਕਿ ਗੁਰੁਬਾਣੀ ਦੇ ਲੇਖ ਨੂੰ ਅਸ਼ੁੱਧ ਦਸਣ ਦਾ ਯਤਨ ਕੀਤਾ ਗਯਾ ਹੈ, ਅਥਵਾ ਗੁਰੁਬਾਣੀ ਦੇ ਸ਼ਬਦਾਂ ਨੂੰ ਨਵੀਨ ਰੀਤਿ ਨਾਲ ਲਿਖਣ ਦਾ ਉਪਦੇਸ਼ ਹੈ.

ਬਹੁਤ ਜਗਾ-ਜਨ, ਦਾਸ, ਕਹੁ, ਕਹੈ, ਨਾਨਕ, ਕਬੀਰ, ਫ਼ਰੀਦ-ਆਦਿਕ ਪਦ, ਛੰਦ ਦੇ ਵਜ਼ਨ ਤੋਂ ਬਾਹਰ ਹੋਯਾ ਕਰਦੇ ਹਨ, ਜੈਸੇ ਅੜਿੱਲ, ਪੁਨਹਾ ਆਦਿਕ ਛੰਦਾਂ ਵਿੱਚ ਸੰਬੋਧਕ ਪਦ ਗਿਣਤੀ ਤੋਂ ਬਾਹਰ ਹੁੰਦੇ ਹਨ.

ਅਨੇਕ ਸ਼ਬਦਾਂ ਵਿਚ ਗਾਯਨ ਦਾ ਲਯ ਤਾਰ ਅਨੁਸਾਰ, ਦੀਰਘ ਵਰਣ ਪਲੁਤ (ਲ੍ਹੁਤ)

---

*ਲੰਬੀ ਤੁਕਾਂ ਦੇ ਛੰਦ, ਜਿਨ੍ਹਾਂ ਵਿਖੇ ਗੁਣ ਆਦਿਕ ਦਾ ਬੰਧਨ ਨਹੀਂ.

ਕੀਤੇ ਜਾਂਦੇ ਹਨ, ਅਰ ਉਨ੍ਹਾਂ ਦੀ ਮਾਤ੍ਰਾ ਤਿਨ ਤੋਂ ਪੰਜ ਤੀਕ ਹੋਯਾ ਕਰਦੀ ਹੈ,* ਜੈਸੇ —

ਹਲਤ ਸੁਖ ਪਲਤ ਸੁਖ, ਨਿੱਤ ਸੁਖ ਸਿਮਰਨੋ,
ਨਾਮ ਗੋਬਿੰਦ ਕਾ, ਸਦਾ ਲੀਜੈ,
ਮਿਟਹਿਂ ਕਮਾ - - ਣੇ, ਪਾਪ ਚਿਰਾ - - ਣੇ,
ਸਾ - ਧ ਸੰਗਤਿ ਮਿਲ, ਮੁਆ ਜੀਜੈ.

[ਧਨਾਸਰੀ ਪੜਤਾਲ ਮਹਲਾ 5]

ਇਸ ਝੂਲਨਾ ਛੰਦ ਦੀ ਦੂਜੀ ਤੁਕ ਵਿੱਚ "ਮਾ" ਅਤੇ "ਰਾ" ਦੀਆਂ ਚਾਰ ਚਾਰ, ਅਰੁ ਸਾ ਦੀਆਂ ਤਿੰਨ ਮਾਤ੍ਰਾ ਹੈਨ, ਸਿੱਧਾਂਤ ਇਹ ਹੈ ਕਿ ਜਦ ਤੀਕ ਸੰਗੀਤ ਅਤੇ ਛੰਦਸ਼ਾਸਤ੍ਰ ਦੀ ਪੂਰੀ ਸਮਝ ਨਾ ਹੋਵੇ, ਤਦ ਤੀਕ ਗੁਰਬਾਣੀ ਦੇ ਪਦ ਸਹੀ ਪੜ੍ਹਨੇ ਅਰੁ ਗਾਉਣੇ ਅਤਿ ਕਠਿਨ ਹੈਨ.

## ਅਨੁਪ੍ਰਾਸ ਅਤੇ ਤੁਕਾਂਤ

## [ਰਦੀਫ਼†--ਕ਼ਾਫ਼ੀਯਹ قافیہ ۔ ردیف ]

ਅਨੁਪ੍ਰਾਸ ਸ਼ਬਦਾਲੰਕਾਰ ਹੈ, ਜਿਸ ਦਾ ਵਰਣਨ ਅਸੀਂ "ਗੁਰੁਸ਼ਬਦਾਲੰਕਾਰ" ਵਿਖੇ ਕੀਤਾ ਹੈ, ਪਰ ਇਸ ਗ੍ਰੰਥ ਨਾਲ ਅਨੁਪ੍ਰਾਸ ਅਲੰਕਾਰ ਦਾ ਖ਼ਾਸ ਸੰਬੰਧ ਹੈ, ਇਸ ਲਈਂ ਪਾਠਕਾਂ ਦੇ ਗਜਾਨ ਹਿਤ ਇਸ ਥਾਂ ਭੀ ਲਿਖਦੇ ਹਾਂ.

"ਅਨੁਪ੍ਰਾਸ" ਉਸ ਵਰਣਰਚਨਾ ਦਾ ਨਾਮ ਹੈ, ਜਿਸ ਵਿੱਚ ਕੋਈ ਅੱਖਰ ਅਥਵਾ ਪਦ, ਕਈ ਵਾਰ ਆਕੇ ਕਾਵਯ ਦੀ ਸੁੰਦਰਤਾ ਵਧਾਵੇ. ਇਸ ਅਲੰਕਾਰ ਦੇ ਪੰਜ ਭੇਦ ਹਨ—

ਛੇਕ, ਵ੍ਰਿੱਤਿ, ਸ਼੍ਰੁਤਿ, ਲਾਟ ਅਤੇ ਅੰਤਯ.

(1) ਜੇ ਇੱਕੋ ਅੱਖਰ ਪਦਾਂ ਦੇ ਆਦਿ ਅਤੇ ਮਧਯ ਅਨੇਕ ਵਾਰ ਆਵੇ ਤਦ "ਛੇਕਾਨੁਪ੍ਰਾਸ" ਹੈ,‡ ਯਥਾ—

---

*ਵਯਾਕਰਣ ਅਨੁਸਾਰ ਪਲੁਤ ਦੀ 3 ਮਾਤ੍ਰਾ ਹੁੰਦੀਆਂ ਹਨ, ਪਰ ਸੰਗੀਤ ਮਤ ਅਨੁਸਾਰ ਤਿੰਨ ਤੋਂ ਲੈਕੇ ਪੰਜ ਤੀਕ ਗਿਣਤੀ ਹੋਯਾ ਕਰਦੀ ਹੈ.

†ਫ਼ਾਰਸੀ ਅਤੇ ਉਰਦੂ ਕਾਵਯ ਵਿਖੇ ਅੰਤਿਮ ਪਦ "ਰਦੀਫ਼" ਅਤੇ ਉਸ ਤੋਂ ਪਹਿਲਾ ਸਮਵਜ਼ਨ ਦਾ ਪਦ "ਕ਼ਾਫ਼ੀਯਹ" ਹੈ. ਯਥਾ—

"ਅਲੇਖ ਹੈ, ਅਭੇਖ ਹੈ, ਅਨਾਮ ਹੈ, ਅਕਾਮ ਹੈ."

ਇਸ ਰਚਨਾ ਵਿੱਚ ਹੈ—ਹੈ ਅੰਤਿਮ ਅਖਰ ਰਦੀਫ਼ ਹੈ ਅਤੇ ਲੇਖ—ਭੇਖ—ਨਾਮ—ਕਾਮ ਕ਼ਾਫ਼ੀਯਹ ਹੈ.

‡ਕਈ ਵਿਦ੍ਵਾਨਾਂ ਦਾ ਲੇਖ ਹੈ ਕਿ ਇਕ ਅੱਖਰ ਜੇ ਦੋ ਵਾਰ ਆਵੇ, ਤਦ "ਛੇਕਾਨੁਪ੍ਰਾਸ" ਹੁੰਦਾ ਹੈ, ਯਥਾ—

"ਚਕ੍ਰ ਚਿਹਨ ਅਰ ਬਰਨ."

[ਜਾਪੁ]

ਕੁਚਿਲ ਕਠੋਰ ਕਪਟਿ ਕਾਮੀ.

[ਕਾਨੜਾ ਮਹਲਾ 5]

ਪਰਮ ਪੁਰਖ ਪਰਮੇਸੁਰ ਸ੍ਵਾਮੀ.*

[ਹਜ਼ਾਰੇ ਸ਼ਬਦ ਪਾ: 10]

(2) ਇੱਕੋ ਅੱਖਰ ਜੇ ਅਨੇਕ ਵਾਰ ਪਦਾਂ ਦੇ ਅੰਤ ਆਵੇ, ਅਰੁ ਪਦਾਂ ਦਾ ਵਜ਼ਨ ਸਮਾਨ ਹੋਵੇ ਤਦ "ਵ੍ਰਿਤਜਾਨੁਪ੍ਰਾਸ" ਹੈ, ਯਥਾ—

ਨਾਮ ਕਾਮ ਬਿਹੀਨ ਪੇਖਤ ਧਾਮ ਹੂ ਨਹਿ ਜਾਹਿ.

[ਜਾਪੁ]

ਕਹੂੰ ਦੇਵਤਾਨ ਕੇ ਦਿਵਾਨ ਮੇ ਬਿਰਾਜਮਾਨ,
ਕਹੂੰ ਦਾਨਵਾਨ ਕੋ ਗੁਮਾਨ ਮਤਿ ਦੇਤ ਹੋ.

[ਅਕਾਲ ਉਸਤਤਿ]

(3) ਸਮ ਸਥਾਨ ਦੇ ਵਰਣਾਂ ਦਾ ਸੰਯੋਗ ਹੋਣ ਕਰਕੇ "ਸ਼੍ਰੁਤ੍ਯਾਨੁਪ੍ਰਾਸ" ਹੁੰਦਾ ਹੈ. ਅਰਥਾਤ ਕੰਠ ਵਿੱਚ ਬੋਲਣ ਵਾਲੇ ਅੱਖਰ ਨਾਲ ਕੰਠਸਥਾਨੀ ਦਾ ਮੇਲ, ਅਰੁ ਹੋਠਾਂ ਵਿੱਚ ਬੋਲਣ ਵਾਲੇ ਨਾਲ ਹੋਠਸਥਾਨੀ ਦਾ ਮੇਲ, ਯਥਾ—

ਜਯ ਜਯ ਯਸ਼ ਸੰਤਤਿ ਦਾਤਾ.

ਇਸ ਪਦ ਵਿੱਚ ਜ ਯ ਸ਼ ਤਾਲੂ ਵਿਖੇ ਬੋਲਦੇ ਹਨ, ਅਰ—ਸ ਤ ਦ ਦੰਦਾਂ ਵਿੱਚ ਬੋਲਣ ਵਾਲੇ ਹਨ.†

(4) ਪਦ ਉਹੀ ਹੋਣ, ਪਰ ਅਨ੍ਵਯ ਕਰਣ ਤੋਂ ਭਾਵ ਵਿਖੇ ਭੇਦ ਹੋਵੇ, ਇਹ "ਲਾਟਾਨੁਪ੍ਰਾਸ" ਹੈ, ਯਥਾ—

"ਗੁਰੂ ਸ਼ਰਣ ਆਯੋ ਨਹੀਂ, ਹੋਤ ਯਾਤਨਾ ਤਾਂਹਿ,
ਗੁਰੂ ਸ਼ਰਣ ਆਯੋ, ਨਹੀਂ ਹੋਤ ਯਾਤਨਾ ਤਾਂਹਿ."

---

*ਇਸ ਤੁਕ ਵਿਚ ਪਦਾਂ ਦੇ ਆਦਿ "ਪ" ਅਤੇ ਵਿਚਕਾਰ "ਰ" ਆਯਾ ਹੈ.

†ਅੱਖਰਾਂ ਦੇ ਸਥਾਨ ਇਹ ਹੈਨ—

ਅ ਹ ਵਿਸਰਗਾਂ ( : ) ਕ ਖ ਗ ਘ ਙ ਦਾ ਕੰਠ ਸਥਾਨ ਹੈ.

ੲ ਸ਼ ਚ ਛ ਜ ਝ ਞ ਯ ਦਾ ਤਾਲੂਆ ਸਥਾਨ ਹੈ.

ਸ਼ ਟ ਠ ਡ ਢ ਣ ਰ ੜ ਦਾ ਮੂੰਹ ਸਥਾਨ ਹੈ.

ਸ ਤ ਥ ਦ ਧ ਨ ਲ ਦਾ ਦੰਦਾਂ ਵਿਖੇ ਸਥਾਨ ਹੈ.

ੳ ਪ ਫ ਬ ਭ ਮ ਵ ਦਾ ਹੋਠ ਸਥਾਨ ਹੈ.

ਙ ਞ ਣ ਨ ਮ ਦਾ ਨੱਕ ਵਿਚ ਨਿਵਾਸ ਹੈ, ਏਹ ਅੱਖਰ ਆਪਣੇ ਆਪਣੇ ਵਰਗ ਦਾ ਸਥਾਨ ਭੀ ਰਖਦੇ ਹਨ.

ਆਯੋ ਪਦ ਨਾਲ ਨਹੀਂ ਦਾ ਸੰਬੰਧ ਹੋਣ ਤੋਂ ਹੋਰ ਅਰਥ ਹੈ, ਅਰ ਹੋਤ ਨਾਲ ਨਹੀਂ ਦੇ ਮੇਲ ਤੋਂ ਭਿੰਨ ਭਾਵ ਹੈ. ਐਸੇ ਹੀ—

"ਜਾਓ ਮਤ ਠਹਿਰੋ ਇਹਾਂ." ਇਸ ਵਾਕ ਦੇ "ਮਤ" ਪਦ ਦਾ ਜਾਓ, ਅਥਵਾ ਠਹਿਰੋ ਨਾਲ ਅਨ੍ਵਯ ਕਰਣ ਤੋਂ ਭਾਵ ਵਿੱਚ ਭਾਰੀ ਭੇਦ ਹੋ ਜਾਂਦਾ ਹੈ.

(5) ਛੰਦ ਦੀ ਤੁਕਾਂ ਦੇ ਅੰਤਿਮ ਅੱਖਰ ਦੀ "ਤੁਕਾਂਤ" ਸੰਗਯਾ ਹੈ, ਅਰੁ ਇਸ ਤੁਕਾਂਤ ਦਾ ਨਾਮ ਹੀ "ਅੰਤ੍ਯਾਨੁਪ੍ਰਾਸ"* ਹੈ.

ਕਵੀਆਂ ਨੇ ਅੰਤ੍ਯਾਨੁਪ੍ਰਾਸ ਛੀ ਪ੍ਰਕਾਰ ਦਾ ਕਲਪਿਆ ਹੈ—ਸਰਵਾਂਤ੍ਯ, ਸਮਾਂਤ੍ਯ ਵਿਖਮਾਂਤ੍ਯ, ਸਮਾਂਤ੍ਯ, ਵਿਖਮਾਂਤ੍ਯ, ਸਮਵਿਖਮਾਂਤ੍ਯ, ਅਰੁ ਭਿੰਨ ਤੁਕਾਂਤ੍ਯ.

(ੳ) ਸਰਵਾਂਤ੍ਯ ਅਨੁਪ੍ਰਾਸ ਉਹ ਹੈ ਕਿ ਸਾਰੇ ਚਰਣਾਂ ਦੇ ਅੰਤਿਮ ਪਦ ਇੱਕ ਹੀ ਵਜ਼ਨ ਦੇ ਹੋਣ, ਅਰੁ ਪਿਛਲਾ ਅੱਖਰ ਭੀ ਇੱਕੋ ਹੋਵੇ.

ਉਦਾਹਰਣ—

ਅਮਿਤ ਤੇਜ ਜਗ ਜੋਤਿ ਪ੍ਰਕਾਸ਼ੀ,
ਆਦ ਅਛੇਦ ਅਭੈ ਅਵਿਨਾਸ਼ੀ,
ਪਰਮ ਤੱਤ ਪਰਮਾਰਥ ਵਿਕ੍ਰਾਸ਼ੀ,
ਆਦਿ ਸਰੂਪ ਅਖੰਡ ਉਦਾਸੀ.

[ ਗਯਾਨ ਪ੍ਰਬੋਧ ]

(ਅ) ਸਮਾਂਤ੍ਯ ਵਿਖਮਾਂਤ੍ਯ ਅਨੁਪ੍ਰਾਸ ਉਹ ਹੈ ਕਿ ਟੌਂਕ ਪਦ ਨਾਲ ਟੌਂਕ ਦਾ ਅਤੇ ਜਿਸਤ ਨਾਲ ਜਿਸਤ ਦਾ ਵਜ਼ਨ ਅਤੇ ਅੱਖਰ ਮਿਲੇ.

ਉਦਾਹਰਣ—

ਗੁਣ ਮੁਦ ਮੰਗਲ ਮੂਲ, ਸਭ ਕਾਰਜ ਕੋ ਸਿਧ ਕਰਤ,
ਅਵਗੁਣ ਗਹੋ ਨ ਭੂਲ, ਸੁਖ ਸੰਪਤਿ ਕੋ ਜੋ ਹਰਤ.

(ੲ) ਜਿਸਤ ਨਾਲ ਜਿਸਤ ਦਾ ਅੰਤਿਮ ਵਜ਼ਨ ਅਤੇ ਅੱਖਰ ਮਿਲੇ. ਪਰ ਟੌਂਕ ਨਾਲ ਨਾ ਮਿਲੇ, ਇਹ ਸਮਾਂਤ੍ਯ ਅਨੁਪ੍ਰਾਸ ਹੈ.

ਉਦਾਹਰਣ—

ਇੰਦ੍ਰਾਨ ਇੰਦ੍ਰ । ਬਾਲਾਨ ਬਾਲ ।
ਰੰਕਾਨ ਰੰਕ । ਕਾਲਾਨ ਕਾਲ ॥

[ ਜਾਪੁ ]

(ਸ) ਵਿਖਮਾਂਤ੍ਯ ਅਨੁਪ੍ਰਾਸ ਵਿੱਚ ਟੌਂਕ ਪਦਾਂ ਦੇ ਅੰਤਿਮ ਵਜ਼ਨ ਅਤੇ ਅੱਖਰ ਮਿਲਦੇ ਹਨ, ਅਰੁ ਜਿਸਤ ਪਦਾਂ ਦੇ ਅਨਮੇਲ ਹੁੰਦੇ ਹਨ.

---

*Rhyme.

ਉਦਾਹਰਣ—

ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ,
ਚਿਤਵਤ ਰਹਯੋ ਠਗਾਉਰ, ਨਾਨਕ ਫਾਸੀ ਗਲ ਪਰੀ.

[ ਸਲੋਕ ਮ: 9 ]

(ਹ) ਪਹਿਲੇ ਚਰਣ ਦਾ ਦੂਜੇ ਨਾਲ ਅੰਤਿਮ ਵਜ਼ਨ ਅਤੇ ਅੱਖਰ ਮਿਲੇ, ਤਥਾ ਤੀਜੇ ਨਾਲ ਚੌਥੇ ਚਰਣ ਦਾ ਸਮ ਮੇਲ ਹੋਵੇ, ਇਹ ਸਮਵਿਖਮਾਂਤਜ ਅਨੁਪ੍ਰਾਸ ਹੈ. ਉਦਾਹਰਣ—

ਗੁਨ ਗਨ ਉਦਾਰ । ਮਹਿਮਾਂ ਅਪਾਰ ।
ਆਸਨ ਅਭੰਗ । ਉਪਮਾ ਅਨੰਗ ॥

[ ਜਾਪੁ ]

(ਕ) ਜੇ ਸਾਰੇ ਚਰਣਾਂ ਦੇ ਅੰਤਿਮ ਅਖਰ ਅਤੇ ਵਜ਼ਨ ਭਿੰਨ ਭਿੰਨ ਹੋਣ, ਤਦ ਭਿੰਨ ਤੁਕਾਂਤਜ ਅਨੁਪ੍ਰਾਸ* ਹੈ. ਦਸਮਗ੍ਰੰਥ ਵਿਖੇ ਇਸ ਦਾ ਨਾਮ ਅਨੰਤਤੁਕਾ† ਹੈ. ਉਦਾਹਰਣ—

ਕਿਤੋ ਕਾਲ ਬੀਤਯੋ ਭਯੋ ਰਾਮ ਰਾਜੰ,
ਸਭੈ ਸ਼ਤ੍ਰੁ ਜੀਤੇ ਮਹਾਂ ਜੁੱਧਮਾਲੀ,
ਫਿਰਯੋਂ ਚਕ੍ਰ ਚਾਰੋਂ ਦਿਸ਼ਾ ਮੱਧ ਰਾਮੰ,
ਭਯੋ ਨਾਮ ਤਾਂਤੇ ਮਹਾਂ ਚਕ੍ਰਵੰਤੀ.

[ਦਸਮ ਗ੍ਰੰਥ, ਰਾਮਾਵਤਾਰ]

## ਉਰਦੂ, ਅ਼ਰਬੀ ਅਤੇ ਫ਼ਾਰਸੀ ਦੇ ਛੰਦ

ਇਸ ਗ੍ਰੰਥ ਵਿੱਚ ਸਿੱਖਕਾਵ੍ਯ ਦੇ ਛੰਦਾਂ ਦਾ ਵਰਣਨ ਹੈ, ਇਸ ਲਈ' ਅਨੇਕ ਭਾਸ਼ਾ ਦੇ ਛੰਦਾਂ ਦਾ ਨਿਰਣਯ ਕਰਣਾ ਪ੍ਰਕਰਣ ਵਿਰੁੱਧ ਹੈ, ਪਰ ਅਸਾਡੇ ਪੁਸਤਕਾਂ ਵਿੱਚ, ਗ਼ਜ਼ਲ, ਬੈਤ, ਰੁਬਾਈ ਅਰੁ ਰੇਖ਼ਤਾ ਆਦਿਕ ਦਾ ਨਾਮ ਆਯਾ ਹੈ, ਇਸ ਲਈਂ ਉਨ੍ਹਾਂ ਛੰਦਾਂ ਦੇ ਲਖਣ ਉਦਾਹਰਣਾ ਸਮੇਤ ਦਿਖਾਏ ਗਏ ਹੈਨ, ਪਰੰਤੁ ਸਾਮਾਨਯ ਕਰਕੇ ਪਾਠਕਾਂ ਨੂੰ ਜਾਣ ਲੈਣਾ ਚਾਹੀਯੇ ਕਿ ਪਿੰਗਲ ਦੇ ਨਿਯਮਾਨਸਾਰ ਉਰਦੂ ਫ਼ਾਰਸੀ ਦੇ ਸਭ ਛੰਦ ਮਾਤ੍ਰਿਕ ਹੈਨ, ਅਰੁ ਉਨ੍ਹਾਂ ਦੇ ਬਣਾਉਣ ਦੇ ਨਿਯਮ ਉਸੇ ਬੁਨਿਯਾਦ ਪਰ ਥਾਪੇ ਗਏ ਹਨ, ਜੈਸੇ ਕਿ ਬਾਲਮੀਕਿ ਰਿਸ਼ੀ ਨੇ ਇੱਕ ਸਾਰਸ ਦਾ ਵਿਲਾਪ ਸੁਣਕੇ ਜੋ ਸ਼ਿਕਾਰੀ ਨੂੰ ਸ਼ਾਪ ਰੂਪ ਵਾਕ ਕਹੇ ਸੇ, ਉਨ੍ਹਾਂ ਤੋਂ ਅਨੁਸ਼੍ਟੁਪ (ਅਨੁਸ਼੍ਟੁਭ) ਛੰਦ ਦਾ ਰੂਪ ਕਲਪ ਲਿਆ ਸੀ.‡

---

*Blank Verse.

†ਤੁਕ ਦਾ ਅੰਤ ਅਨਮੇਲ ਹੋਵੇ ਜਿਸ ਦਾ.

‡मा निषाद प्रतिष्ठां त्वमगमः शा श्वतीः समाः
यत् क्रौंच मिथुनादेक मवधीः काम मोहितम्

[ ਵਾਲਮੀਕਿ ਰਾਮਾਯਣ, ਵਾਲਕਾਂਡ, ਸਰਗ 2, ਸ਼ਲੋਕ 15 ]

ਅਰਥ—ਹੇ ਸ਼ਿਕਾਰੀ ! ਤੂੰ ਬਹੁਤ ਵਰ੍ਹੇ ਜਿਉਂਦਾ ਨਾ ਰਹੇਂ, ਜਦਕਿ ਤੈਂ ਲੋਭ ਵਸ਼ਿ ਹੋਕੇ ਸਾਰਸ ਦੇ ਜੋੜੇ ਵਿੱਚੋਂ ਇੱਕ ਨੂੰ ਮਾਰ ਦਿੱਤਾ ਹੈ.

ਫ਼ਾਰੱਸੀ ਉਰਦੂ ਦੇ ਕਵੀਆਂ ਨੇ ਛੰਦਸ਼ਾਸਤ੍ਰ (ਇ਼ਲਮੇ ਅਰੂਜ਼) ਦਾ ਗਯਾਨ ਅ਼ਰਬ ਦੇ ਵਿਦ੍ਵਾਨਾਂ ਤੋਂ ਪਾਯਾ ਹੈ. ਸਭ ਤੋਂ ਪਹਿਲਾ ਮੱਕਾ ਨਿਵਾਸੀ ਅਹਿਮਦ ਦਾ ਪੁਤ੍ਰ ਖ਼ਲੀਲ, ਇਸ ਵਿਦ੍ਯਾ ਦਾ ਆਚਾਰਯ ਹੋਯਾ ਹੈ, ਜਿਸ ਨੇ ਇਸਦੇ ਨਿਯਮ ਥਾਪੇ. ਮੱਕੇ ਦਾ ਨਾਮ ਅਰੂਜ਼ ਹੋਣ ਕਰਕੇ ਵਿਦ੍ਯਾ ਦਾ ਨਾਮ ਭੀ "ਅਰੂਜ਼" ਪ੍ਰਸਿੱਧ ਹੋ ਗਯਾ. ਜੈਸੇ ਪਿੰਗਲ ਵਿਦ੍ਵਾਨ ਦੇ ਨਾਮ ਤੋਂ ਛੰਦ ਵਿਦ੍ਯਾ ਦੇ ਗ੍ਰੰਥ ਪਿੰਗਲ ਕਹਾਉਂਦੇ ਹਨ.

ਇ਼ਲਮੇ ਅਰੂਜ਼ ਵਿੱਚ ਵਰਣਿਕ ਅਤੇ ਮਾਤ੍ਰਿਕ ਗਣਾਂ ਦਾ ਹਿਸਾਬ ਨਹੀਂ ਕਿੰਤੂ ਅੱਠ ਅਰਕਾਨੇ ਬਹਿਰ ( ਅਰਥਾਤ ਛੰਦਗਤਿ ਦੇ ਰੁਕਨ ) ਕਲਪੇ ਹਨ, ਜਿਨ੍ਹਾਂ ਦਾ ਸਰੂਪ ਇਹ ਹੈ—

ਫ਼ਊ਼ਲਨ, ਫ਼ਾਇ਼ਲਨ, ਮਫ਼ਾਈ਼ਲਨ, ਮੁਤਫ਼ਾਇ਼ਲਨ, ਮੁਫ਼ਤਇ਼ਲਨ, ਫ਼ਾਇ਼ਲਾਤੁਨ, ਮੁਸ੍ਤਫ਼ਾਅ਼ਲਨ, ਅਤੇ ਮਫ਼ਊ਼ਲਾਤੁਨ.

ਇਨ੍ਹਾਂ ਵਜ਼ਨਾਂ ਤੋਂ ਛੰਦਾਂ ਦੇ ਅਨੰਤ ਬਹਿਰ ਬਣੇ ਹਨ, ਜੈਸੇ—

"ਫ਼ਊ਼ਲਨ ਮਫ਼ਾਈ਼ਲਨ ਫ਼ਊ਼ਲਨ ਮਫ਼ਾਈ਼ਲਨ"

ਤਵੀਲ ਦਾ ਬਹਿਰ ਹੈ. ਅਰ—

"ਫ਼ਾਇ਼ਲਾਤੁਨ ਫ਼ਾਇ਼ਲਨ ਫ਼ਾਇ਼ਲਾਤਨ ਫ਼ਾਇ਼ਲਨ."

ਮਦੀਦ ਦਾ ਬਹਿਰ ਹੈ. ਇਤਯਾਦਿ.

ਇਹ ਐਸਾ ਹੀ ਨਿਯਮ ਹੈ, ਜਿਸ ਤਰਾਂ ਅਸੀਂ ਕਿਸੇ ਨੂੰ ਦੱਸੀਏ ਕਿ ਦੋਹਾ ਛੰਦ ਇਉਂ ਬਣਾਓ—

ਮਫ਼ਊ਼ਲਾਤੁਨ ਫ਼ਾਇ਼ਲਨ ਮਫ਼ਊ਼ਲਾਤੁਨ ਫ਼ਾਲ.

ਅਰੁ ਕਬਿਤ ( ਮਨਹਰ ) ਦੀ ਰਚਨ ਇਸ ਵਜ਼ਨ ਪਰ ਕਰੋ—

ਮਫ਼ਊ਼ਲ ਮਫ਼ਾਈ਼ਲ ਮਫ਼ਊ਼ਲ ਮਫ਼ਾਈ਼ਲ,
ਮਫ਼ਊ਼ਲ ਮਫ਼ਾਈ਼ਲ ਮਫ਼ਊ਼ਲ ਫ਼ਾਇਲਾ.

ਅਤੇ ਸਵੈਯਾ ( ਮੱਤਗਯੰਦ ) ਇਉਂ ਰਚੋ—

ਫ਼ਾਇ਼ਲ ਫ਼ਾਇ਼ਲ ਫ਼ਾਇ਼ਲ ਫ਼ਾਇ਼ਲ ਫ਼ਾਇ਼ਲ,
ਫ਼ਾਇ਼ਲ ਫ਼ਾਇ਼ਲ ਫ਼ਾਇ਼ਲ ਫ਼ਾਲਾ,

## ਸੰਖ੍ਯਾ

ਛੰਦ ਗ੍ਰੰਥਾਂ ਵਿੱਚ ਮਾਤ੍ਰਾ, ਅਕ੍ਸ਼ਰ ਅਰੁ ਗਣ ਆਦਿਕ ਦੀ ਗਿਣਤੀ ਦੇ ਖ਼ਾਸ ਸੰਕੇਤ ਠਹਿਰਾਏ-ਗਏ ਹੈਨ, ਚਾਹੋ ਇਹ ਸੰਕੇਤ ਅਸੀਂ ਨਹੀਂ ਵਰਤੇ, ਪਰ ਪਾਠਕਾਂ ਦੇ ਗਯਾਨ ਹਿਤ ਸੰਖ੍ਯਾ ਦਾ ਕ੍ਰਮ ਦੱਸਣਾ ਜ਼ਰੂਰੀ ਹੈ, ਜਿਸ ਤੋਂ ਹੋਰ ਗ੍ਰੰਥਾਂ ਵਿਖੇ ਆਏ ਸੰਕੇਤਾਂ ਦੇ ਸਮਝਣ ਲਈਂ

ਅਾਸਾਨੀ ਹੋਵੇ.*

(0) ਆਕਾਸ਼, ਨਭ, ਗਗਨ.
(1) ਪ੍ਰਿਥਵੀ, ਚੰਦ੍ਰਮਾਂ, ਆਤਮਾ, ਗਣੇਸ਼ਰਦਨ, ਰਵਿਰਥਚਕ੍ਰ.
(2) ਨੇਤ੍ਰ, ਪੱਖ, ਭੁਜਾ, ਅਯਨ, ਸਰਪਰਸਨਾ.
(3) ਰਾਮ, ਕਾਲ, ਤਾਪ, ਗੁਣ, ਸ਼ਿਵਨੇਤ੍ਰ, ਅਗਨਿ.
(4) ਵੇਦ, ਯੁਗ, ਵਰਣ, ਆਸ਼੍ਰਮ, ਵਿਧਿਮੁਖ, ਹਰਿਭੁਜ, ਅਵਸਥਾ.
(5) ਪਾਂਡਵ, ਇੰਦ੍ਰਿਯ, ਮਨੋਜਬਾਣ, ਸ਼ਿਵਮੁਖ, ਪ੍ਰਾਣ, ਭੂਤ.
(6) ਰਿਤੁ, ਰਸ, ਰਾਗ, ਭ੍ਰਮਰਪਦ, ਈਤਿ, ਸ਼ਾਸਤ੍ਰ ਵੇਦਾਂਗ.
(7) ਮੁਨਿ, ਸਾਗਰ, ਸ੍ਵਰ, ਗਿਰਿ, ਲੋਕ, ਵਾਰ.
(8) ਵਸੁ, ਸਿੱਧਿ ਦਿੱਗਜ, ਯੋਗ, ਯਾਮ, ਨਾਗ.
(9) ਭੂਖੰਡ, ਅੰਕ, ਨਿਧਿ, ਗ੍ਰਹ, ਭਕ੍ਤਿ.
(10) ਦੋਸ਼, ਦਿਸ਼ਾ, ਦਸਾ ਅਵਤਾਰ.
(11) ਸ਼ਿਵ, ਰੁਦ੍ਰ.
(12) ਰਵਿ, ਭਾਨੁ, ਰਾਸ਼ਿ, ਮਾਸ.
(13) ਕਿਰਣ, ਨਦੀ.
(14) ਲੋਕ, ਰਤਨ, ਵਿਦਯਾ, ਮਨੁ.
(15) ਤਿਥਿ.
(16) ਕਲਾ, ਸ਼੍ਰਿੰਗਾਰ.

---

* "ਤਿਥਿ ਹੋਇਂ ਕਲਾ ਪ੍ਰਿਥਮੇ ਚਰਣ."
ਅਰਥਾਤ ਪਹਿਲੇ ਪਾਦ ਵਿਖੇ 15 ਮਾਤ੍ਰਾ ਹੋਣ.

"ਦਿਸ਼ਿ ਵਸੁ ਰਵਿ ਮੱਤਨ ਧਰ ਪ੍ਰਤਿ ਪਦ."
ਅਰਥਾਤ 10—8—12 ਮਾਤ੍ਰਾ ਹਰੇਕ ਚਰਣ ਵਿੱਚ ਹੋਣ.

ਗ੍ਰੰਥ ਰਚਨਾ ਆਦਿਕ ਦੇ ਸਾਲ ਭੀ ਅਕਸਰ ਕਵੀ ਇਨ੍ਹਾਂ ਸੰਕੇਤਾਂ ਵਿਖੇ ਹੀ ਲਿਖਿਆ ਕਰਦੇ ਹਨ, ਯਥਾ—

"ਸੂਨ ਸੂਨ ਗ੍ਰਹਿ ਆਤਮਾ ਸੰਬਤ ਆਦਿ ਪਚਾਨ."
ਅਰਥਾਤ ਸਾਲ 1900. ਅਰੁ—

"ਨਿਧਿ ਸਿੱਧਿ ਨਾਗ ਚੰਦ੍ਰ ਬਿਕ੍ਰਮ ਸੁ ਸੰਬਤ ਹੈ."
ਅਰਥਾਤ 1889. ਇਤਯਾਦੀ.

(17) ਦਸ਼ ਅਰ ਸੱਤ ਦਾ ਸੰਕੇਤ, ਬਾਰਾਂ ਅਰ ਪੰਜ ਦਾ, ਅੱਠ ਅਰ ਨੌ ਆਦਿਕ ਦਾ ਮਿਲਾਕੇ ਸਤਾਰਾਂ ਸੰਖਯਾ ਬਣਾਈ ਜਾਂਦੀ ਹੈ, ਯਥਾ—ਦਿਸ਼ਾ ਸ੍ਵਰ, ਨਿਧਿ ਵਸੁ, ਰਵਿ ਪ੍ਰਾਣ, ਆਦਿਕ.

(18) ਪੁਰਾਣ.

(19) ਸਤਾਰਾਂ ਵਾਂਙ ਦੋ ਸੰਕੇਤ ਮਿਲਾਕੇ, ਯਥਾਤਿਥਿ ਵੇਦ, ਰਤਨ ਪ੍ਰਾਣ, ਆਦਿਕ.*

(20) ਨਖ.

(25) ਪ੍ਰਕ੍ਰਿਤਿ.

(28) ਨਕ੍ਸ਼ਤ੍ਰ.

(30) ਮਾਸਦਿਵਸ.

(32) ਦੰਤ.

(33) ਦੇਵਤਾ.

(36) ਰਾਗਿਨੀ.

(49) ਪਵਨ.

(64) ਕਲਾ.

## ਪ੍ਰਤ੍ਯਯ

ਜਿਸ ਨਾਲ ਅਕ੍ਸ਼ਰ, ਗਣ ਅਰੁ ਮਾਤ੍ਰਾ ਦਾ ਫੈਲਾਉ ਕਰਕੇ ਛੰਦਾਂ ਦੇ ਅਨੇਕ ਰੂਪ ਕਲਪੇ ਅਰੁ ਜਾਣੇ ਜਾਣ, ਉਸ ਦਾ ਨਾਉ "ਪ੍ਰਤ੍ਯਯ" ਹੈ. ਛੰਦਸ਼ਾਸਤ੍ਰ ਨੇ 9 ਪ੍ਰਤ੍ਯਯ ਮੰਨੇ ਹਨ—ਸੂਚੀ, ਪ੍ਰਸ੍ਤਾਰ, ਨਸ਼੍ਟ, ਉਦਿਸ਼੍ਟ, ਪਾਤਾਲ, ਮੇਰੁ, ਖੰਡਮੇਰੁ, ਪਤਾਕਾ ਅਤੇ ਮਰਕਟੀ. ਇਸ ਗ੍ਰੰਥ ਵਿਖੇ ਇਨ੍ਹਾਂ ਦਾ ਨਿਰਣਯ ਇਸ ਲਈ ਨਹੀਂ ਕੀਤਾ ਕਿ ਇਹ ਹਿਸਾਬ ਕੇਵਲ ਗੋਰਖਧੰਧਾ ਅਰੁ ਸਮਯ ਦਾ ਨਾਸ਼ ਕਰਤਾ ਹੈ. ਕਿਸੇ ਵੇਲੇ ਭਾਰਤ ਦੇ ਕਵੀਆਂ ਵਿੱਚ ਪ੍ਰਸ੍ਤਾਰ ਆਦਿਕ ਦੀ ਭਾਰੀ ਚਰਚਾ ਸੀ, ਪਰ ਵਰਤਮਾਨ ਕਾਲ ਵਿਖੇ ਨਿਸ਼ਚਯ ਕੀਤਾ ਗਯਾ ਹੈ ਕਿ ਪ੍ਰਤ੍ਯਯਵਿਦ੍ਯਾ, ਕਵਿਤਾ ਦੀ ਵਸ਼ੇਸ਼ ਉਪਕਾਰੀ ਨਹੀ, ਕਿਉਂਕਿ ਕਿਤਨੇ ਹੀ ਹਿਸਾਬ ਦੇ ਫੈਲਾਉ ਕਰਕੇ ਛੰਦ ਦੇ ਰੂਪ ਕਲਪੋ, ਛੱਪਯ ਛੱਪਯ ਹੀ, ਅਰੁ ਦੋਹਾ ਦੋਹਾ ਹੀ ਰਹੇਗਾ.†

ਜੇ ਕਿਸੇ ਨੂੰ ਇਸ ਵਿਸ਼ਯ ਦੇ ਜਾਣਨ ਦਾ ਪ੍ਰੇਮ ਹੋਵੇ, ਤਦ ਪਟਿਆਲਾ ਨਿਵਾਸੀ ਬਾਵਾ ਰਾਮ ਦਾਸ ਜੀ ਕ੍ਰਿਤ "ਗਣ ਪ੍ਰਸ੍ਤਾਰ ਪ੍ਰਕਾਸ਼" ਜੋ ਨਵਲਕਿਸ਼ੋਰ ਪ੍ਰੈਸ ਲਖਨਊ ਵਿੱਚ ਸਨ 1892 ਨੂੰ ਛਪਿਆ ਹੈ, ਅਰੁ ਸੰਤ ਸੰਗਤ ਸਿੰਘ ਜੀ ਦਾ ਰਚਿਆ "ਪ੍ਰਸ੍ਤਾਰ ਸੰਗ੍ਰਹ" ਜੋ ਸਾਲ

---

*ਇਸੇ ਰੀਤਿ ਨਾਲ 21—22 ਆਦਿਕ ਗਿਣਤੀ ਸਮਝ ਲਓ.

†ਦੇਖੋ, ਛੱਪਯ ਅਰ ਦੋਹਰੇ ਦੇ ਭੇਦ.

1949 ਨੂੰ ਦੁਰਗਾ ਪ੍ਰੈਸ ਨਾਭਾ ਵਿਖੇ ਛਪਿਆ ਹੈ, ਤਥਾ ਬਾਬੂ ਜਗੰਨਾਥ ਜੀ ਕ੍ਰਿਤ "ਛੰਦ ਪ੍ਰਭਾਕਰ" ਜੋ ਜਗੰਨਾਥ ਪ੍ਰੈਸ ਬਿਲਾਸ ਪੁਰ ਸੀ. ਪੀ. ਵਿਖੇ ਸਾਲ 1976 ਨੂੰ ਪ੍ਰਕਾਸ਼ਿਤ ਹੋਯਾ ਹੈ, ਪੜ੍ਹਕੇ ਅਭਿਲਾਖਾ ਪੂਰੀ ਕਰੇ.

## ਕਾਵ੍ਯਰਚਨਾ*

ਵ੍ਯਾਕਰਣ ਅਰੁ ਪਿੰਗਲ ਸ਼ਾਸਤ੍ਰ ਦੇ ਨਿਯਮਾਨੁਸਾਰ ਜੋ ਅਲੰਕਾਰ ਸਹਿਤ ਰਸਭਰੀ ਵਰਣ-ਰਚਨਾ ਹੋਵੇ, ਉਸ ਦੀ ਕਾਵ੍ਯ ਸੰਗ੍ਯਾ ਹੈ† ਜਿਸ ਦੇ ਦੋ ਭੇਦ ਹੈਨ, ਗਦ੍ਯ ਅਤੇ ਪਦ੍ਯ, ਅਰਥਾਤ ਵਾਰਤਿਕ‡ ਅਤੇ ਛੰਦ [ نثر — نظم —PROSE-POETRY ]×

ਚਾਹੋ ਕਾਵ੍ਯਰਚਨਾ ਦੇ ਨਿਯਮ ਸਾਹਿਤ੍ਯ:: ਗ੍ਰੰਥਾਂ ਤੋਂ ਪੂਰੇ ਜਾਣ ਸਕੀਦੇ ਹਨ, ਪਰ ਕਾਵ੍ਯਕਲਾ ਦੀ ਕੁਸ਼ਲਤਾ, ਅਭ੍ਯਾਸ ਅਤੇ ਚਮਤਕਾਰੀ ਬੁੱਧਿ ਦੇ ਅਧੀਨ ਹੈ. ਜੈਸੇ ਕੇਵਲ ਇਹ ਜਾਣ ਲੈਣਾ ਕਿ ਹਿੰਡੋਲ ਰਾਗ ਨੂੰ ਪੰਜ ਸੁਰ (ਸ਼ੜਜ, ਗਾਂਧਾਰ, ਮੱਧਮ, ਧੈਵਤ, ਨਿਸ਼ਾਦ) ਲਗਦੇ ਹਨ, ਤਥਾ ਰਿਸ਼ਭ ਅਤੇ ਪੰਚਮ ਵਿਵਰਜਿਤ ਹੈਨ, ਕਿਸੇ ਨੂੰ ਪੂਰਣ ਰਾਗੀ ਨਹੀਂ ਬਣਾ ਸਕਦਾ. ਕਿਉਂਕਿ ਸੁਰਾਂ ਦੇ ਅਭ੍ਯਾਸ ਬਿਨਾ ਅਰ ਮੂਰਛਨਾ ਦੇ ਸੂਖਮ ਭੇਦ ਨਾ ਜਾਣਕੇ, ਪੰਜ ਸੁਰਾਂ ਨੂੰ ਵਰਤ ਕੇ ਭੀ ਬਸੰਤ ਅਤੇ ਸੋਹਣੀ ਨਾਲ ਹਿੰਡੋਲ ਦੀ ਖਿਚੜੀ ਬਣ ਜਾਂਦੀ ਹੈ, ਅਰੁ ਰਾਗ ਦਾ ਸ਼ੁੱਧ ਸੁਰੂਪ ਭਾਨ ਨਹੀਂ ਹੁੰਦਾ. ਤੈਸੇ ਹੀ ਛੰਦਾਂ ਦੇ ਅਖਰ ਮਾਤ੍ਰਾ ਗਣ ਆਦਿਕ ਦਾ ਗ੍ਯਾਨ ਕਾਵ੍ਯਰਚਨਾ ਵਿੱਚ ਬਿਨਾ ਸੰਸੇ ਸਹਾਈ ਹੁੰਦਾ ਹੈ, ਪਰ ਕਿਸੇ ਨੂੰ ਕਵੀ ਨਹੀਂ ਬਣਾ ਸਕਦਾ, ਇਹ ਬਾਤ ਅਭ੍ਯਾਸ ਅਰੁ ਪ੍ਰਤਿਭਾ+ ਦੇ ਅਧੀਨ ਹੈ.

ਛੰਦ ਦੀ ਸਮਤਾ ਅਰ ਉਸ ਦੀ ਚਾਲ ਸਮਝਣ ਲਈਂ ਗੀਤ ਦੀ ਲਯ ਅਰੁ ਤਾਲ ਦਾ ਦ੍ਰਿਸ਼੍ਟਾਂਤ ਸਦਾ ਧ੍ਯਾਨ ਵਿਖੇ ਰੱਖਣਾ ਚਾਹੀਯੇ, ਕੇਵਲ ਮਾਤ੍ਰਾ ਆਦਿਕ ਦਾ ਹਿਸਾਬ ਹੀ ਨਹੀ.

ਛੰਦਵੇੱਤਾ ਜਾਣਦੇ ਹਨ ਕਿ ਦੋਹਰੇ ਦਾ ਪਹਿਲਾ ਵਿਸ਼੍ਰਾਮ 13, ਅਤੇ ਦੂਜਾ 11 ਮਾਤ੍ਰਾ ਪਰ ਹੁੰਦਾ ਹੈ, ਪਰ ਇਹ ਹਿਸਾਬ ਰੱਖਕੇ ਭੀ ਦੋਹੇ ਦੀ ਚਾਲ ਸਹੀ ਨਹੀਂ ਰਹਿੰਦੀ, ਜੈਸੇ—

---

*ਕਵ (कव्) ਦਾ ਅਰਥ ਹੈ ਵਰਣਨ ਕਰਣਾ, ਜੋ ਵਰਣਨ ਕਰੇ ਸੋ ਕਵਿ, ਕਵਿ ਦਾ ਕਾਰਯ (ਰਚਨਾ) ਕਾਵ੍ਯ ਹੈ.

†रसात्मकं वाक्यं काव्यम्  [ਸਾਹਿਤ੍ਯ ਦਰਪਣ]

ਅਰਥਾਤ—ਰਸਮਯ ਵਾਕ੍ਯ ਕਾਵ੍ਯ ਹੈ.

‡ਜੋ ਵਾਰਤਿਕ ਰਚਨਾ ਅਲੰਕਾਰ ਆਦਿਕ ਗੁਣਾਂ ਤੋਂ ਖਾਲੀ ਹੈ, ਉਹ ਕਾਵ੍ਯ ਕਹਿਣ ਦੇ ਯੋਗ੍ਯ ਨਹੀਂ.

×ਗਦ੍ਯ ਅਰੁ ਪਦ੍ਯ ਕਰਕੇ ਮਿਲਵੀਂ ਕਵਿਤਾ ਦਾ ਨਾਮ 'ਚੰਪੂ' ਹੈ.

::ਸਾਹਿਤ੍ਯ ਅਰ ਕਾਵ੍ਯ ਦਾ ਭਾਵ ਇੱਕੋ ਹੈ, ਪਰ ਅੱਖਰੀਂ ਅਰਥ ਹੈ ਸੰਮੇਲਨ, ਅਰਥਾਤ ਕਵਿਤਾ ਦੇ ਜੋ ਅੰਗ ਛੰਦ, ਨਾਯਿਕਾਭੇਦ, ਰਸ, ਭਾਵ, ਅਨੁਭਾਵ, ਅਦੇ ਅਲੰਕਾਰ ਆਦਿਕ) ਹੈਨ, ਉਨ੍ਹਾਂ ਨੂੰ ਇਕੱਠੇ ਕਰਣਾ "ਸਾਹਿਤ੍ਯ" ਹੈ.

+प्रज्ञा नव नवो न्मेषशालिनी प्रतिभा.

ਜਿਸ ਸ਼ਕਿ੍ ਕਰਕੇ ਆਦਮੀ ਨੂੰ ਨਵੇਂ ਨਵੇਂ ਵਿਚਾਰ ਸੁਝਦੇ ਹਨ, ਉਸ ਦਾ ਨਾਉਂ ਪ੍ਰਤਿਭਾ ਹੈ.

ਦ੍ਵਾਰ ਕੋ ਸਗਲ ਛਾਡਕੇ, ਤਿਹਾਰੋ ਗਹਜੋ ਦ੍ਵਾਰ.

ਅਰੁ—

ਹਾਰੇ ਦੇਵਤਾ ਸੋਧ ਦਾਨੋ ਬਡੇ ਬਿਰੋਧ ਹਾਰੇ,
ਬੋਧਕ ਹਾਰੇ ਬੋਧ ਹਾਰੇ ਪ੍ਰਬੋਧ ਜਾਪਸੀ.

ਇਸ ਪਾਠ ਨੂੰ ਸੁਣਕੇ ਕਿਸ ਕਵਿ ਦੇ ਕੰਨ ਮੰਨ ਸਕਦੇ ਹਨ, ਕਿ ਇਹ ਕਬਿੱਤ ਹੈ, ਭਾਂਵੇਂ ਇਸ ਤੁਕ ਦੇ ਵਿਸ਼੍ਰਾਮ ਸੋਲਾਂ ਅਰੁ ਪੰਦ੍ਰਾਂ ਅਖਰਾਂ ਪਰ ਹੈਨ. ਐਸੇ ਹੀ ਹੋਰ ਛੰਦਾ ਬਾਬਤ ਸਮਝ ਲੈਣਾ ਚਾਹੀਜੇ. ਸਿੱਧਾਂਤ ਇਹ ਹੈ ਕਿ ਛੰਦਾਂ ਦੀ ਖ਼ਾਸ ਖ਼ਾਸ ਚਾਲ ਅਨੁਸਾਰ ਪਦ ਮਾਤ੍ਰਾ ਗਣ, ਇਸ ਸੁੰਦਰਤਾ ਨਾਲ ਰੱਖਣੇ ਲੋੜੀਏ, ਜੈਸੇ ਚਤੁਰ ਜੜੀਆ, ਸ੍ਵਰਣ ਦੇ ਗਹਿਣੇ ਵਿੱਚ ਰਤਨਾ ਨੂੰ ਯੋਗਯ ਸਥਾਨ ਜੜਦਾ ਹੈ.

## ਕਾਵ੍ਯਦੋਸ਼

ਕਵੀਆਂ ਨੂੰ ਸਾਹਿਤਯ ਵਿਖੇ ਦੱਸੇ ਹੋਏ ਦੋਸ਼ਾਂ ਤੋਂ ਭੀ ਸਦਾ ਬਚਣ ਦਾ ਧ੍ਯਾਨ ਰੱਖਣਾ ਚਾਹੀਜੇ, ਜਿਸ ਕਰਕੇ ਕਵਿਤਾ ਦੂਸ਼ਿਤ ਨਾ ਹੋਵੇ. ਚਾਹੋ ਇਹ ਵਿਸ਼ਯ ਇਸ ਗ੍ਰੰਥ ਦਾ ਨਹੀਂ ਹੈ, ਪਰ ਪਾਠਕਾਂ ਦੇ ਲਾਭ ਹਿਤ ਕੁਛ ਦੋਸ਼ ਸੰਖੇਪ ਕਰਕੇ ਲਿਖਦੇ ਹਾਂ—

(1) ਸ਼ਬਦ ਹੀਨ. ਅਰਥਾਤ ਛੰਦ ਦੀ ਚਾਲ ਸਹੀ ਰੱਖਣ ਵਾਸਤੇ ਪਦ ਦੀ ਅਸਲ ਸ਼ਕਲ ਵਿਗਾੜ ਦੇਣੀ, ਯਥਾ—

ਕਨਕ ਔ ਮਨਕ* ਪੁਨ ਲੋਸਟੰ ਜਾਨੀਜੇ.
ਕਈ ਜੁੱਗ[1] ਜਾਨੈ ਕਲੱਪੰ[2] ਵਿਤਾਯੋ.

[ਗੁਰੁ ਵਿਲਾਸ ਪਾ: 10]

ਸ੍ਰੀ ਨਾਨਕ ਅੰਗਦ ਅਮਰ, ਰਾਮਦਾਸ ਅਰਜੰਨ**.

[ਗੁਰੁ ਪ੍ਰਤਾਪ ਸੂਰਯ]

ਸੁਰ ਸੰਤ ਕੁਪੇ† ਨਾਹਿ ਪੇਸ ਜਏ‡
ਨਖੱਤ ਗੁਰੂ ਰਵਿ ਲੱਖ[3] ਲਟੇ.
ਤਾਂ ਮਧ ਏਕ ਸੁਧਾਸਰ ਸੈਹਰ::
ਲੈਹਰਦਾਰ:: ਅਪਾਰ ਹਮੇਸੇ.

(ਪੰਥ ਪ੍ਰਕਾਸ਼, ਗਯਨੀ ਗਯਾਨ ਸਿੰਘ)

ਐਸੇ ਹੀ ਅਨੇਕ ਕਵੀਆਂ ਨੇ—ਸੁੰਦਰ, ਨੂੰ ਸੁੰਦ੍ਰ, ਸਰਵ ਨੂੰ ਸ੍ਰਵ, ਤੋਪਖਾਨਾ ਨੂੰ ਤੁਪਖਾਨਾ, ਧੋਬੀ ਨੂੰ ਧੁਬੀ, ਬਬਰ ਨੂੰ ਬੱਬਰ, ਪ੍ਰਤਾਪ ਨੂੰ ਪਰਤਾਪ ਅਤੇ ਨਗਰ ਨੂੰ ਨਗ੍ਰ ਆਦਿਕ ਲਿਖਕੇ ਕਾਵ੍ਯ ਰਚਨਾ ਦੂਸ਼ਿਤ ਕਰੀ ਹੈ. ਛੰਦ ਵਿਖੇ ਪਦ ਇਸ ਰੀਤਿ ਨਾਲ ਵਰਤਣੇ ਚਾਹੀਜੇ, ਮਾਨੋਂ ਵਾਰਤਿਕ ਕਵਿਤਾ ਲਿਖੀ ਜਾ ਰਹੀ ਹੈ. ਉੱਤਮ ਕਵੀ ਉਹੀ ਹੈਨ, ਜੋ ਸ਼ਬਦਾਂ ਦੀ ਦੁਰਗਤਿ ਕਰੇ ਬਿਨਾ ਛੰਦਗਤਿ ਠੀਕ ਰਖਦੇ ਹਨ.

---

*ਮਾਣਿਕ [1]ਯੁਗ. [2]ਕਲਪ.
**ਗੁਰੁ ਅਰਜਨ. †ਕੋਪੇ. ‡ਜਾਏ. ਪੇਸ਼ ਨਹੀਂ ਜਾਂਦੀ.
[3]ਲਖ. ਦੇਖਕੇ. :: ਸ਼ਹਿਰ. :: ਲਹਿਰਦਾਰ.

(2) ਕਰਣਕਟੁ. ਅਰਥਾਤ ਐਸੇ ਅਛਰ ਅਰੁ ਪਦ ਵਰਤਣੇ, ਜੋਕੰ ਨਾ ਨੂੰ ਕੌੜੇ ਲੱਗਣ,* ਯਥਾ—

ਭਰਕੈ ਢਿੱਡ ਡਕਾਰਨ ਲੇਹੀ.

(3) ਅਸਮਰਥ. ਅਰਥਾਤ ਉਹ ਪਦ ਵਰਤਣਾ ਜੋ ਮੰਦ ਅਰਥ ਦੇ ਸਕੇ, ਯਥਾ—

ਰਾਸ ਮੱਧ ਮੋਹਨ ਜੂ ਤੀਅਨ ਸੋ ਖੇਲਹੀਂ.

ਇਸ ਦਾ ਪਾਠ ਇਹ ਭੀ ਹੋ ਸਕਦਾ ਹੈ :—

ਰਾਸ ਮੱਧ ਮੋਹਨ ਜੂਤੀਅਨ ਸੋ ਖੇਲਹੀਂ.

(4) ਨਿਰਰਥਕ. ਅਰਥਾਤ ਅਰਥ ਰਹਿਤ ਪਦ ਕੇਵਲ ਛੰਦਪੂਰਤੀ ਲਈ ਵਰਤਣ, ਯਥਾ —

ਪੂਰੀ ਊਰੀ ਰਸਭਰੀ ਕੜੀ ਕਚੌਰੀ ਸੰਗ.

(5) ਅਸ਼ਲੀਲ (ਅਸ਼ਲੀਲ) ਅਰਥਾਤ ਘ੍ਰਿਣਾ ਅਰੁ ਲੱਜਾ ਦੇਣ ਵਾਲਾ ਪਦ, ਯਥਾ—

ਆਪ ਸੋਂ ਮਿਲਾਪ ਕਹੋ ਕੈਸੇ ਹੋਯ ਮਹਾਰਾਜ,<br>
ਚੋਬਦਾਰ ਚੂਤੀਆ ਨ ਜਾਨ ਦੇਤ ਭੀਤਰੈਂ.

[ਭਗਵੰਤ ਕਵਿ]

(6) ਕਲਿਸ੍ਟ. ਅਰਥਾਤ ਅਜੇਹੇ ਔਖੇ ਪਦ, ਬੁਝਾਰਤ ਵਾਂਙ ਲਿਖਣੇ ਜਿਨ੍ਹਾਂ ਦਾ ਅਰਥ ਸਮਝਣ ਲਈਂ ਔਖ ਹੋਵੇ, ਯਥਾ—

ਨਿਸਅਰਿ ਨਿਰਖ ਘਨਜਸੁਤ ਹਰਖਜੋ†.

(7) ਪੰਗੁ ਅਥਵਾ ਯਤਿਭੰਗ.‡ ਅਰਥਾਤ ਜਿਤਨੇ ਅਛਰ ਅਰੁ ਮਾਤ੍ਰਾ ਪਰ ਛੰਦ ਦਾ ਵਿਸ਼੍ਰਾਮ ਹੋਣਾ ਚਾਹੀਜੇ, ਉਸ ਤੋਂ ਵੱਧ ਘੱਟ ਪਰ ਹੋਣਾ, ਜਾਂ ਵਰਜਿਤ ਗਣ ਰੱਖਕੇ ਚਾਲ ਵਿਗਾੜ ਦੇਣੀ, ਜੈਸੇ

ਜਗਣਾਤਮਕ ਪਦ ਦੋਹੇ ਦੇ ਆਦਿ.

---

*ਸ਼੍ਰਿੰਗਾਰ ਰਸ ਦੀ ਕਵਿਤਾ ਵਿੱਚ ਟ ਠ ਡ ਢ ਅਤੇ ਦੁੱਤ ਅੱਖਰ ਵਰਤਣੇ ਭੀ ਕਰਣਕਟੁ ਦੋਸ਼ ਹੈ

†ਸੂਰਯ ਨੂੰ ਦੇਖਕੇ ਕਮਲ ਪ੍ਰਸੰਨ ਹੋਯਾ.

‡ਕਨਕ ਤੁਲਾ ਜਜੋਂ ਸਹਿਤ ਨਾਹਿ ਤੋਲਤ ਅਧ ਤਿਲ ਅੰਗ. ਸ੍ਰਵਣ ਤੁਲਾ ਤੇ ਜਾਨੀਜੇ ਕੇਸ਼ਵ ਛੰਦੋ ਭੰਗ.

(8) ਪੁਨਰੁਕ੍ਤਿ. ਅਰਥਾਤ ਇੱਕ ਪਦ ਨੂੰ ਉਸੇ ਅਰਥ ਵਿੱਚ ਫੇਰ ਵਰਤਣਾ*, ਯਥਾ—

ਜਾਂ ਨਰ ਕੋ ਨਹਿ ਗਜਾਨ ਹੈ, ਸੋ ਨਰ ਪਸੂ ਸਮਾਨ.

(9) ਅੰਧ. ਅਰਥਾਤ ਨਿਯਮ ਅਰ ਰੀਤਿ ਵਿਰੁੱਧ ਪਦ ਵਰਤਣੇ, ਯਥਾ—

ਨਾਸਿਕਾ ਕਮਲ ਜੈਸੀ ਨੈਨ ਹੈਂ ਨਗਾਰੇ ਸੇ.

(10) ਬਧਿਰ. ਅਰਥਾਤ ਵਿਰੁੱਧ ਅਰਥ ਦੇਣ ਵਾਲੇ ਪਦਾਂ ਦਾ ਜੋੜਨਾ, ਯਥਾ –

ਜਾਯਾ ਸੋਂ ਮਿਲ ਤਾਤ ਬਖਾਨੀ†

(11) ਮ੍ਰਿਤਕ. ਅਰਥਾਤ ਐਸੇ ਪਦ ਵਰਤਣੇ ਜਿਨ੍ਹਾਂ ਤੋਂ ਸਿਵਾਯ ਅਨੁਪ੍ਰਾਸ ਅਤੇ ਤੁਕਬੰਦੀ ਦੇ ਹੋਰ ਕੁਛ ਅਰਥ ਨਾ ਨਿਕਲੇ, ਯਥਾ—

ਆਨਨ ਮਾਨਨ ਸੋਹਤੇ ਤਾਨਨ ਭਾਨਨ ਜਾਨ.

(12) ਅਪਾਰਥ. ਅਰਥਾਤ ਐਸੀ ਰਚਨਾ ਕਰਣੀ, ਜਿਸ ਤੋਂ ਕੋਈ ਚਮਤਕਾਰੀ ਅਰਥ ਨਾ ਨਿਕਲੇ ਯਥਾ—

ਜਲ ਬਰਸੈ ਘਨ ਗਗਨ ਤੇ ਸੂਰ ਹਰੈ ਅੰਧਾਰ.

ਅਰ—

ਨੇਤ੍ਰਨ ਸੇ ਜਨ ਪੇਖਤੇ ਸੁਨਤ ਕਾਨ ਸੇ ਬਾਤ.

(13) ਨਗਨ. ਅਰਥਾਤ ਅਲੰਕਾਰ ਰਹਿਤ ਕਵਿਤਾ.

(14) ਰਸਵਿਰੁੱਧ. ਵਿਰੋਧੀ ਰਸਾਂ ਨੂੰ ਮਿਲਾਕੇ ਲਿਖਣਾ, ਅਰਥਾਤ ਸ਼੍ਰਿੰਗਾਰ ਅਤੇ ਵੀਰ, ਅਥਵਾ ਹਾਸਜ ਨਾਲ ਭਯਾਨਕ ਰਸ ਨੂੰ ਮਿਲਾਉਣਾ.

(15) ਦੇਸ਼ਵਿਰੁੱਧ. ਅਰਥਾਤ ਜੋ ਵਸਤੂ ਜਿਸ ਦੇਸ਼ ਦੀ ਹੈ ਉਸ ਤੋਂ ਵਿਰੁੱਧ ਵਰਣਨ, ਯਥਾ—

ਗਿਰਿਸ਼੍ਰਿੰਗਨ ਪਰ ਕਮਲਨ ਸ਼ੋਭਾ,<br>
ਮਰੁਥਲ ਰਾਜਹੰਸ ਮਨ ਲੋਭਾ.

---

*ਜੋ ਪਦ ਅਰਥ ਦੀ ਪੁਸ਼੍ਟੀ ਲਈਂ ਬਾਰ ਬਾਰ ਵਰਤੀਦੇ ਹਨ ਅਥਵਾ ਪ੍ਰੇਮ, ਕ੍ਰੋਧ ਸ਼ੋਕਾਦਿਕ ਦੇ ਅਸਰ ਕਰਕੇ ਚਿੱਤ ਦੀ ਪ੍ਰਬਲ ਇੱਛਾ ਜਿਨ੍ਹਾਂ ਦ੍ਵਾਰਾ ਪ੍ਰਗਟ ਕਰੀਦੀ ਹੈ, ਉਹ ਪੁਨਰੁਕ੍ਤਿ ਦੋਸ਼ ਵਿੱਚ ਨਹੀਂ ਆਉਂਦੇ, ਯਥਾ—

ਪੜਿ ਪੜਿ ਗਡੀ ਲਦੀਐ ਪੜਿ ਪੜਿ ਭਰੀਐ ਖਾਤ. (ਵਾਰ ਆਸਾ)

ਅਰੁ

ਹਉ ਹਰਿ ਜਪ ਭਈ ਨਿਹਾਲ ਨਿਹਾਲ ਨਿਹਾਲ. [ਕਾਨੜਾ ਮ: 4]

ਤਥਾ

ਫੱਟ ਫੱਟ ਰਿਪੁ ਸੈਨ ਕੋ ਕੱਟ ਕੱਟ ਕਰ ਸੀਸ.

ਐਸੀ ਪਦਰਚਨਾ ਦਾ ਨਾਮ "ਵੀਪਸਾ" ਹੈ.

†ਜਾਯਾ ਦਾ ਅਰਥ ਮਾਤਾ ਅਤੇ ਭਾਰਯਾ (ਜੋਰੂ) ਹੈ, ਅਰ ਤਾਤ ਦਾ ਅਰਥ ਪਿਤਾ ਅਤੇ ਪੁਤ੍ਰ ਹੈ.

(16) ਕਾਲ ਵਿਰੁੱਧ. ਅਰਥਾਤ ਸਮਯ ਦੇ ਉਲਟ ਰਚਨਾ, ਯਥਾ—

ਹਿਮ ਰਿਤੁ ਮੇ ਫੂਲੇ ਕਮਲ ਕੋਕਿਲ ਧੁਨਿ ਚਹੁੰ ਓਰ.

ਭਾਈ ਸੰਤੋਖ ਸਿੰਘ ਜੀ ਨੇ ਆਪਣੀ ਨੰਮ੍ਰਤਾ ਪ੍ਰਗਟ ਕਰਦੇ ਹੋਏ ਨਾਨਕ ਪ੍ਰਕਾਸ਼ ਦੇ ਤੀਜੇ ਅਧਯਾਯ ਵਿੱਚ ਕਾਵਜਦੋਸ਼ਾਂ ਦਾ ਇਸ ਪ੍ਰਕਾਰ ਜ਼ਿਕਰ ਕੀਤਾ ਹੈ—

ਅੰਧ ਜੁ ਬਧਿਰ ਪੰਗ ਨਗਨ ਮ੍ਰਿਤਕ, ਪੁਨਰੁਕ੍ਤਿ,
ਅਪਾਰਥ ਕੀ ਸਮਝ ਨ ਆਵਈ,
ਵੈਰ ਦੇਸ਼* ਕਾਲ† ਗਨ ਅਗਨ‡ ਨਵੋ ਹੀ ਰਸ::
ਵਿਵਿਧਾਲੰਕਾਰ⁂ ਹੂੰ ਕੋ ਭੇਦ ਨਹਿ ਪਾਵਈ,
ਕੋਊ ਗੁਨ ਹੈ ਨ ਮੋ ਭਨਤ ਮੱਧ ਜਾਨੋ ਮਨ,
ਗੁਨੀਅਨ ਹਾਸ ਯੋਗ ਅਟਪਟੀ ਜਾਵਈ,
ਏਕ ਗੁਨ ਯਾਮੇ ਸੋ ਵਿਦਿਤ ਸ਼੍ਰੁਤ ਸੰਤ ਸੁਨੋ,
ਸਤਿਗੁਰੁ ਕੀਰਤਿ ਸੁ ਨਿਰਮਲ ਭਾਵਈ.

ਇਤਜਾਦਿਕ ਅਨੰਤ ਕਾਵਜਦੂਸ਼ਣ ਹੈਨ ਜਿਨ੍ਹਾਂ ਦਾ ਨਿਰਣਯ ਵਿਸ੍ਤਾਰ ਭਯ ਕਰਕੇ ਇਸ ਥਾਂ ਪੂਰਾ ਨਹੀਂ ਕੀਤਾ, ਪਰੰਤੂ, ਇਸ ਉੱਪਰਲੇ ਲੇਖ ਦਾ ਭਾਵ ਇਹ ਹੈ ਕਿ ਕਵੀਆਂ ਨੂੰ ਬੜੀ ਸਾਵਧਾਨੀ ਨਾਲ ਕਵਿਤਾ ਰਚਣੀ ਚਾਹੀਏ, ਕਯੋਂਕਿ ਦੂਸ਼ਿਤ ਕਵਿਤਾ ਨਾਲੋਂ ਕਾਵਜਰਚਨਾ ਦਾ ਨਾ ਕਰਣਾ ਉੱਤਮ ਹੈ.

ਇਸ ਵਿਸ਼ਯ ਸੁੰਦਰ ਦਾਸ ਜੀ ਲਿਖਦੇ ਹਨ—

ਬੋਲਿਯੇ ਤੌ ਤਬ ਜਬ ਬੋਲਬੇ ਕੀ ਸੁਧ ਹੋਯ,
ਨਾਂ ਤੌ ਮੁਖ ਮੌਨ ਗਹਿ ਚੁਪ ਹੋਯ ਰਹਿਯੇ,
ਜੋਰਿਯੇ ਤੇ ਤਬ ਜਬ ਜੋਰਬੇ ਕੀ ਜਾਨ ਪਰੈ,
ਤੁਕ ਛੰਦ ਅਰਥ ਅਨੂਪ ਜਾਂਮੇ ਲਹਿਯੇ,
ਗਾਇਯੇ ਤੌ ਤਬ ਜਬ ਗਾਇਬੇ ਕੋ ਕੰਠ ਹੋਇ,
ਸ੍ਰਵਣ ਕੇ ਸੁਨਤ ਹੀ ਮਨ ਜਾਇ ਗਹਿਯੇ,
ਤੁਕਭੰਗ ਛੰਦਭੰਗ ਅਰਥ ਮਿਲੈ ਨ ਕਛੁ,
ਸੁੰਦਰ ਕਹਿਤ ਏਸੀ ਬਾਨੀ ਨਹਿ ਕਹਿਯੇ.

---

*ਦੇਸ਼ਵਿਰੁੱਧ.

†ਕਾਲਵਿਰੁੱਧ.

‡ਸ਼ੁਭ ਅਤੇ ਅਸ਼ੁਭ ਗਣ. ਇਸ ਦਾ ਨਿਰਣਯ "ਗਣ" ਸਿਰਲੇਖ ਹੇਠ ਦੇਖੋ.

::ਪ੍ਰਥਮ ਸ਼੍ਰਿਗਾਰ ਸੁ ਹਾਸਜ ਰਸ ਕਰੁਣਾ ਰੌਦ੍ਰ ਸੁ ਵੀਰ,
ਭਯ ਬੀਭਤਸ ਬਖਾਨਿਯੇ ਅਦਭੁਤ ਸ਼ਾਂਤ ਸੁ ਧੀਰ. [ਰਸਿਕ ਪ੍ਰਿਯਾ]

⁂ਅਲੰਕਾਰਾਂ ਵਿਸ਼ਯ ਦੇਖੋ ਮੇਰਾ ਰਚਿਆ "ਗੁਰਸ਼ਬਦਾਲੰਕਾਰ"

ਕਵੀਆਂ ਨੂੰ ਇਸ ਗੱਲ ਦਾ ਭੀ ਧ੍ਯਾਨ ਰੱਖਣਾ ਚਾਹੀਏ ਕਿ ਕਵਿਤਾ ਐਸੀ ਹੋਵੇ ਜਿਸ ਤੋਂ ਦੇਸ਼ ਅਤੇ ਕੌਮ ਨੂੰ ਲਾਭ ਪਹੁੰਚੇ, ਅਰੁ ਪ੍ਰਕ੍ਰਿਤਿ ਦੇ ਨਿਯਮਾਂ ਤੋਂ ਵਿਰੁੱਧ ਨਾਂ ਹੋਵੇ, ਤਥਾ ਸਤ੍ਯ ਪੂਰਿਤ ਅਰੁ ਨਿਰਭਯਤਾ ਸਹਿਤ ਹੋਵੇ. ਜੋ ਕਵੀ ਇਨ੍ਹਾਂ ਨਿਯਮਾਂ ਤੋਂ ਵਿਰੁੱਧ ਯਤਨ ਕਰਦੇ ਹਨ, ਉਹ ਧੁਰੰਧਰ ਕਵੀ ਹੋਣ ਪਰ ਭੀ ਸਰਵਪ੍ਰਿਯ ਨਹੀਂ ਹੁੰਦੇ ਅਰੁ ਉਨ੍ਹਾਂ ਦੇ ਕਾਵ੍ਯ ਤੋਂ ਸੰਸਾਰ ਨੂੰ ਕੁਛ ਲਾਭ ਨਹੀਂ ਪਹੁੰਚਦਾ.

ਉੱਪਰ ਦੱਸੇ ਸਭ ਨਿਯਮਾਂ ਤੋਂ ਵਿਸ਼ੇਸ਼ ਕਾਵ੍ਯ ਦਾ ਪ੍ਰਾਣ ਰੂਪ ਨਿਯਮ ਇਹ ਹੈ ਕਿ ਕਵਿਤਾ ਵਿਖੇ ਯੁਕਤਿ ਚਮਤਕਾਰੀ ਅਰੁ ਨਵੀਨ ਹੋਵੇ* ਇਸ ਵਿਸ਼ਯ ਪਰ ਤੋਸ਼ਕਵਿ ਦਾ ਲੇਖ ਹੈ—

ਭੂਸ਼ਣ ਭੂਸ਼ਿਤ ਦੂਸ਼ਣ ਹੀਨ ਪ੍ਰਬੀਨ ਮਹਾਰਸ ਮੇ ਛਬਿ ਛਾਈ,
ਪੂਰਣ ਕਾਵ੍ਯ ਪਦਾਰਥ ਤੇ ਜਿਹ ਮੇ ਪਰਮਾਰਥ ਸ੍ਵਾਰਥ ਪਾਈ,
ਔ ਉਕਤੀ ਯੁਕਤੀ ਉਲਹੀ ਕਵਿ ਤੋਸ਼ ਅਨੋਖਿ ਭਰੀ ਚਤੁਰਾਈ,
ਹੋਤ ਸਬੈ ਸੁਖਕੀ ਜਨਿਤਾ ਬਨ ਆਵਤ ਜੌ ਬਨਿਤਾ ਕਵਿਤਾਈ.

## ਛੰਦ ਦਾ ਪਾਠ

ਛੰਦਾਂ ਦੇ ਪੜ੍ਹਨ ਸਮੇ ਕਵਿ, ਅਥਵਾ ਕਵਿਤਾ ਪ੍ਰੇਮੀ ਪਾਠਕ ਨੂੰ, ਹੇਠ ਲਿਖੇ ਨਿਯਮਾਂ ਦਾ ਧ੍ਯਾਨ, ਸਦਾ ਮਨ ਵਿਖੇ ਰੱਖਣਾ ਚਾਹੀਏ—

(1) ਉੱਚਾਰਣ ਸਪਸ਼੍ਟ ਹੋਵੇ.
(2) ਪਦਛੇਦ ਕਰਕੇ ਪੜ੍ਹੇ.
(3) ਛੰਦ ਦੀ ਯਤਿ (ਵਿਸ਼੍ਰਾਮ) ਦਾ ਪੂਰਾ ਧ੍ਯਾਨ ਰੱਖੇ.
(4) ਜਿਸ ਰਸ ਦਾ ਛੰਦ ਪੜ੍ਹੇ, ਉਸੇ ਅਨੁਸਾਰ ਸ੍ਵਰ ਅਰੁ ਚੇਸ਼੍ਟਾ ਹੋਵੇ, ਕ੍ਯੋਂਕਿ ਸ਼੍ਰਿੰਗਾਰ ਰਸ ਨੂੰ ਕੋਮਲ ਸ੍ਵਰ ਬਿਨਾ ਅਰੁ ਵੀਰ ਰਸ ਨੂੰ ਓਜ ਅਤੇ ਉਮੰਗ ਭਰੇ ਸ੍ਵਰ ਬਿਨਾ ਪੜ੍ਹਨ ਤੋਂ ਰਸ ਦਾ ਅਸਰ ਨਹੀਂ ਹੁੰਦਾ.
(5) ਹਰੇਕ ਛੰਦ ਨੂੰ ਦੋਵਾਰ ਪੜ੍ਹੇ, ਤਾਕਿ ਸ਼੍ਰੋਤਾ ਨੂੰ ਛੰਦ ਦਾ ਅਰਥ ਅਰੁ ਭਾਵ ਚੰਗੀ ਤਰ੍ਹਾਂ ਭਾਨ ਹੋ ਜਾਵੇ.

---

*ਕਈ ਨਿੰਦਿਤ ਕਵੀ, ਪ੍ਰਾਚੀਨ ਕਵੀਆਂ ਦੇ ਛੰਦ ਤੋੜ ਭੰਨਕੇ ਆਪਣੀ ਰਚਨਾ ਪ੍ਰਗਟ ਕਰਦੇ ਹਨ, ਅਰ ਵਿਦ੍ਵਾਨਾਂ ਦੀਆਂ ਯੁਕਤੀਆਂ ਨੂੰ ਆਪਣੀ ਕਵਿਤਾ ਦਾ ਭੱਦਾ ਲਿਬਾਸ ਪਹਿਨਾ ਕੇ ਲੋਕਾਂ ਦੇ ਪੇਸ਼ ਕਰਦੇ ਹਨ, ਐਸੇ ਕਵੀ ਮੂਰਖਮੰਡਲੀ ਵਿੱਚ ਭਾਵੇਂ ਮਾਨ ਪਾਉਣ, ਪਰ ਕਵਿਸਮਾਜ ਵਿਖੇ ਕਦੇ ਆਦਰ ਨਹੀਂ ਪਾ ਸਕਦੇ.

# ਅਖਰਕ੍ਰਮ ਅਨੁਸਾਰ ਛੰਦਾਂ ਦੇ ਨਾਮ

## ਲਛਣ ਅਤੇ ਉਦਾਹਰਣ

### ਉਗਾਹਾ

ਲਛਣ—ਦੋ ਚਰਣ, ਪ੍ਰਤਿ ਚਰਣ ਛੱਬੀਹ ਮਾਤ੍ਰਾ, ਪਹਿਲਾ ਵਿਸ਼੍ਰਾਮ 15 ਪਰ, ਦੂਜਾ 11 ਪਰ, ਅੰਤ ਗੁਰੁ ਲਘੁ. ਉਦਾਹਰਣ—

ਮੈਂ ਮਨਿ ਤਨਿ ਪ੍ਰੇਮ ਪਿਰੰਮ ਕਾ, ਅੱਠੇ ਪਹਿਰ ਲਗੰਨਿ.
ਜਨ ਨਾਨਕ ਕਿਰਪਾ ਧਾਰਿ ਪ੍ਰਭੁ, ਸਤਿਗੁਰੁ ਸੁੱਖਿ ਵਸੰਨਿ,

[ਸਲੋਕ ਮਹਲਾ 4, ਵਾਰ ਗਉੜੀ 1]

### ਉਗਾਥਾ

ਲਛਣ—ਚਾਰ ਚਰਣ, ਪ੍ਰਤਿ ਜਰਣ ਜ, ਤ, ਰ, ਗ. ।S।, SS।, S।S, S. ਪੰਜ ਪੰਜ ਅਖਰਾਂ ਪਰ ਵਿਸ਼੍ਰਾਮ. ਉਦਾਹਰਣ—

ਅਜਿੱਤ ਜਿੱਤੇ, ਅਬਾਹ* ਬਾਹੇ,
ਅਖੰਡ ਖੰਡੇ, ਅਦਾਹ ਦਾਹੇ,
ਅਭੰਡ† ਭੰਡੇ, ਅਡੰਗ‡ ਡੰਗੇ,
ਅਮੁੰਨ ਮੁੰਨੇ, ਅਭੰਗ ਭੰਗੇ**.

[ਦਸਮਗ੍ਰੰਥ ਰਾਮਾਵਤਾਰ]

### ਉਗਾਧ

ਇਸ ਦਾ ਨਾਮ "ਤਿਲਕੜੀਆ" ਅਤੇ "ਯਸ਼ੋਧਾ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਜ, ਗ, ਗ. ।S।, S, S. ਉਦਾਹਰਣ—

ਸਬਾਰਿ ਨੈਣੰ । ਉਦਾਸ ਬੈਣੰ ।
ਕਹਜੋ ਕੁਨਾਰੀ । ਕੁਵ੍ਰਿੱਤਿ ਕਾਰੀ×॥

[ਦਸਮ ਗ੍ਰੰਥ, ਰਾਮਾਵਤਾਰ]

### ਉਛਲਾ—ਉਛਾਲ

ਇਸ ਦਾ ਨਾਮ "ਹੰਸਕ" ਅਤੇ "ਪੰਕਤਿ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਭ, ਗ, ਗ. S।।, S, S. ਉਦਾਹਰਣ—

ਗਾਵਤ ਨਾਰੀ । ਬਾਜਤ ਤਾਰੀ ।
ਦੇਖਤ ਰਾਜਾ । ਦੇਵਤ ਸਾਜਾ ॥

[ਦਸਮਗ੍ਰੰਥ, ਅਜਰਾਜ]

2. ਦੇਖੋ, ਚਰਪਟ ਦਾ ਰੂਪ 1.

---

*ਜੋ ਕਿਸੇ ਤੋਂ ਚਲਾਯਾ ਨਾ ਜਾ ਸਕੇ. †ਅਨਿੰਦਿਤ.

‡ਜੋ ਡਸੇ ਨਹੀਂ ਗਏ. **ਇਸ ਛੰਦ ਵਿਚ ਭਾਰਤ ਦੀ ਮਾਤਾ ਕੇਕਈ ਦੇ ਪ੍ਰਸੰਗ ਵਿਖੇ ਇਸਤ੍ਰੀਆਂ ਦੀ ਪ੍ਰਬਲਤਾ ਦੱਸੀ ਹੈ.

×ਰਾਜਾ ਦਸ਼ਰਥ ਨੇ ਅੰਝੂ ਭਰੀ ਅੱਖਾਂ ਨਾਲ ਕੇਕਈ ਨੂੰ ਆਖਿਆ ਕਿ ਹੇ ਖੋਟੀ ਇਸਤ੍ਰੀ ! ਤੂੰ ਬੁਰਾ ਕੰਮ ਕਰਣ ਵਾਲੀ ਹੈਂ.

## ਉਟੰਕਣ

ਲਛਣ—ਚਾਰ ਚਰਣ, ਪ੍ਰਤਿ ਚਰਣ ਸੱਤ ਰਗਣ, ਇੱਕ ਗੁਰੁ. ऽ।ऽ, ऽ।ऽ, ऽ।ऽ, ऽ।ऽ, ऽ।ऽ, ऽ।ऽ, ऽ।ऽ, ऽ. ਹਰੇਕ ਚਰਣ ਵਿੱਚ ਪਹਿਲਾ ਵਿਸ਼੍ਰਾਮ 12 ਪਰ, ਅਰ ਦੂਜਾ 10 ਅਛਰਾਂ ਪਰ.*

ਉਦਾਹਰਣ—

ਸੂਰ ਬੀਰਾ ਸਜੇ ਘੋਰ ਬਾਜੇ ਬਜੇ,
ਭਾਜ ਕੰਤਾ ! ਸੁਣੇ ਰਾਮ ਆਏ,
ਬਾਲਿ ਮਾਰਜੋ ਬਲੀ ਸਿੰਧੁ ਪਾਟਜੋ ਜਿਨੈ,
ਤਾਹਿੰ ਸੋ ਬੈਰ ਕੈਸੇ ਰਚਾਏ ?
ਬਜਾਧ ਜੀਤਜੋ ਜਿਨੈ ਜੰਭ ਮਾਰਜੋ ਉਨੈ,
ਰਾਮ ਔਤਾਰ ਸੋਈ ਸੁਹਾਏ,
ਦੇ ਮਿਲੋ ਜਾਨਕੀ ਬਾਤ ਹੈ ਸਜਾਨ ਕੀ,
ਰਾਮ ਕੇ ਦਾਮ ਕਾਹੇ ਚਲਾਏ ?†

[ਦਸਮ ਗ੍ਰੰਥ, ਰਾਮਾਵਤਾਰ]

## ਉਤਭੁਜ

ਇਸ ਨੂੰ "ਅਰਧਭੁਜੰਗ"—"ਸੋਮਰਾਜੀ" ਅਤੇ "ਸ਼ੰਖਨਾਰੀ" ਭੀ ਆਖਦੇ ਹਨ.

ਲਛਣ—ਚਾਰ ਚਰਣ, ਪ੍ਰਤਿ ਚਰਣ ਦੋ ਯਗਣ. ।ऽऽ, ।ऽऽ. ਉਦਾਹਰਣ—

ਹਹਾਸੰ ਕਪਾਲੰ‡ । ਸੁਭਾਸੰ ਛਿਤਾਲੰ** ।
ਪ੍ਰਭਾਸੰ ਜੁਆਲੰ । ਅਨਾਸੰ ਕਰਾਲੰ ॥ [ਦਸਮ ਗ੍ਰੰਥ, ਕਲਕੀ]

**ਉਪਚਿਤ੍ਰਾ** ਦੇਖੋ, ਤਿਲੋਕੀ.

## ਉਪਮਾਨ

1. ਦੇਖੋ ਨਿਸ਼ਾਨੀ.

2 ਉਪਮਾਨ ਦਾ ਦੂਜਾ ਰੂਪ—ਚਾਰ ਚਰਣ, ਪ੍ਰਤਿ ਚਰਣ 23 ਮਾਤ੍ਰਾ. ਪਹਿਲਾ ਵਿਸ਼੍ਰਾਮ 13 ਪਰ, ਦੂਜਾ 10 ਪਰ. ਹਰੇਕ ਚਰਣ ਦੇ ਆਦਿ ਗੁਰੁ, ਅੰਤ ਸਗਣ ।।ऽ. ਉਦਾਹਰਣ—

ਅੱਖੀ ਬਾਝਹੁ ਵੇਖਣਾ, ਵਿਣ ਕੰਨਾ ਸੁਨਣਾ,
ਪੈਰਾ ਬਾਝਹੁ ਚੱਲਣਾ, ਵਿਣ ਹੱਥਾਂ ਕਰਣਾ,
ਜੀਭੈ ਬਾਝਹੁ ਬੋਲਣਾ, ਇਉ ਜੀਵਤ ਮਰਣਾ,
ਨਾਨਕ ਹੁਕਮ ਪਛਾਣ ਕੈ, ਤਉ ਖਸਮੈ ਮਿਲਣਾ.

[ਮਹਲਾ 2 ਵਾਰ ਮਾਝ]

**ਉੱਲਾਸ** ਦੇਖੋ, ਕਲਸ਼.

---

*ਦੇਖੋ, ਸਵੈਯਾ ਦਾ ਰੂਪ 23.

†ਇਸ ਛੰਦ ਵਿੱਚ ਮੰਦੋਦਰੀ ਨੇ ਆਪਣੇ ਪਤਿ ਰਾਵਣ ਨੂੰ ਨੇਕ ਸਲਾਹ ਦਿੱਤੀ ਹੈ.

‡ਕਪਾਲਧਾਰੀ ਸ਼ਿਵ. **ਛੇਤ੍ਰਪਾਲ.

## ਉੱਲਾਲ

ਲਛਣ – ਦੋ ਚਰਣ, ਪ੍ਰਤਿ ਚਰਣ 28 ਮਾਤ੍ਰਾ.* ਪਹਿਲਾ ਵਿਸ਼੍ਰਾਮ 15 ਪਰ, ਦੂਜਾ 13 ਪਰ. ਉਦਾਹਰਣ—

ਮਨ ਮੈ ਵਸਾਯਕੈ ਗੁਰੁਗਿਰਾ, ਇਕ ਅਕਾਲ ਕੋ ਨਿਤ ਭਜੋ,
ਛਲ ਵੈਰ ਈਰਖਾ ਕ੍ਰਿਪਣਤਾ, ਮਿਤ੍ਰਘਾਤ ਹੌਮੈ ਤਜੋ.†

## ਉੱਲਾਲਾ

ਇਸ ਦਾ ਨਾਮ "ਚੰਦ੍ਰਮਣਿ" ਭੀ ਹੈ.

ਲ਼ਛਣ—ਚਾਰ ਚਰਣ, ਪ੍ਰਤਿ ਚਰਣ 13 ਮਾਤ੍ਰਾ. ਪਹਿਲਾ ਵਿਸ਼੍ਰਾਮ ਅੱਠ ਪਰ, ਦੂਜਾ ਪੰਜ ਮਾਤ੍ਰਾ ਪਰ. ਕਈ ਕਵੀਆਂ ਨੇ ਭੁਲੇਖਾ ਖਾਕੇ "ਉੱਲਾਲ" ਇਸ ਦਾ ਨਾਮ ਲਿਖ ਦਿੱਤਾ ਹੈ. ਸ਼੍ਰੀ ਗੁਰੁ ਗ੍ਰੰਥ ਸਾਹਿਬ ਵਿਚ ਅਨੇਕ ਥਾਂ ਏਹ ਛੰਦ, "ਸਲੋਕ" ਸਿਰਲੇਖ ਹੇਠ ਆਯਾ ਹੈ. ਉਦਾਹਰਣ—

ਸਿਦਕ ਸਬੂਰੀ, ਸਾਦਕਾ,
ਸਬਰ ਤੋਸਾ ਮਲਾਇਕਾ.
ਦਿਦਾਰ ਪੂਰੇ, ਪਾਇਸਾ,
ਥਾਉ‡ ਨਾਂਹੀ, ਖਾਇਕਾ. [ਮਹਲਾ 1, ਵਾਰ ਸ੍ਰੀਰਾਗ]

**ਅਸਟਪਦੀ** ਦੇਖੋ, ਅਸ਼੍ਟਪਦੀ

## ਅਸਤਰ

ਇਸ ਦਾ ਨਾਮ "ਭੁਜੰਗਪ੍ਰਯਾਤ" ਭੀ ਹੈ.

ਲ਼ਛਣ—ਚਾਰ ਚਰਣ, ਪ੍ਰਤਿਚਰਣ ਚਾਰ ਯਗਣ. ISS, ISS, ISS, ISS. ਉਦਾਹਰਣ—

ਮਹਾ ਘੋਰ ਕੈਕੈ ਘਨੰ ਕੀ ਘਟਾ ਜ੍ਯੋਂ,
ਸੁ ਧਾਯਾ ਰਣੰ ਬਿੱਜੁਲੀ ਕੀ ਛਟਾ ਜ੍ਯੋਂ,
ਸੁਨੇ ਸਬੰ ਦਾਨੋ ਸਮੌਹੈਂ ਸਿਧਾਯੇ,
ਮਹਾਂ ਕ੍ਰੋਧ ਕੈਕੈ ਸੁ ਬਾਜੀ ਨਚਾਯੇ. [ਦਸਮਗ੍ਰੰਥ, ਮਾਂਧਾਤਾ]

## ਅਸਤਾ—ਅਸਤ੍ਰਾ

ਇਸ ਦਾ ਨਾਮ "ਕਿਲਕਾ" "ਤਾਰਕ" ਅਤੇ "ਤੋਟਕ" ਭੀ ਹੈ.

---

*ਕਈ ਕਵੀਆਂ ਨੇ "ਉੱਲਾਲ" ਦੀਆਂ 26 ਮਾਤ੍ਰਾ ਭੀ ਮੰਨੀਆਂ ਹਨ, ਅਰਥਾਤ ਤੇਰਾਂ ਤੇਰਾਂ ਮਾਤ੍ਰਾ ਪਰ ਦੋ ਵਿਸ਼੍ਰਾਮ. ਅਥਵਾ ਇਉਂ ਕਹੋ ਕਿ ਦੋਹੇ ਦੇ ਅੰਤ ਦੋ ਲਘੁ ਅਥਵਾ ਇੱਕ ਗੁਰੁ ਵੱਧ ਜੋੜਨ ਤੋਂ 26 ਮਾਤ੍ਰਾ ਦਾ ਉੱਲਾਲ ਬਣ ਜਾਂਦਾ ਹੈ.

†ਛੱਪਯ ਛੰਦ ਦੇ ਅੰਤ ਜੋ ਦੋ ਤੁਕਾਂ ਹੁੰਦੀਆਂ ਹਨ, ਉਹ ਉੱਲਾਲ ਦਾ ਸਰੂਪ ਹੈ. ਉੱਲਾਲਾ ਇਸ ਤੋਂ ਭਿੰਨ ਛੰਦ ਹੈ.

‡ਥਾਉ ਪਦ ਦਾ ਉੱਚਾਰਣ ਥਾਉ ਤੁਲ੍ਯ ਹੈ.

ਲਛਣ  ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ. ।।S, ।।S, ।।S, ।।S. ਉਦਾਹਰਣ --

ਅਸਿ ਲੈ ਕਲਕੀ ਕਰ ਕੋਪ ਭਿਰਜੋ,
ਰਣ ਰੰਗ ਸੁਰੰਗ ਬਿਖੈ ਬਿਚਰਜੋ,
ਗਹਿ ਪਾਣਿ ਕ੍ਰਿਪਾਣ ਬਿਖੈ ਨ ਡਰਜੋ,
ਰਿਸ ਸੋਂ ਰਣ ਚਿਤ੍ਰ ਵਿਚਿਤ੍ਰ ਕਰਜੋ.  [ਦਸਮ ਗ੍ਰੰਥ, ਕਲਕੀ]

## ਅਸ਼੍ਰਕ.

ਇਹ ਛੰਦ ਜਾਤਿ ਨਹੀਂ, ਕਿਤੁ ਅਠ ਛੰਦਾਂ ਦੇ ਸਮੁਦਾਯ ਦੀ ਸੰਗਯਾ ਹੈ.*

## ਅਸ਼੍ਰਪਦੀ

ਇਹ ਛੰਦ ਦੀ ਖ਼ਾਸ ਜਾਤਿ ਨਹੀਂ ਹੈ. ਜਿਸ ਪ੍ਰਬੰਧ ਵਿੱਚ ਅੱਠ ਛੰਦ (ਪਦ) ਇਕੱਠੇ ਹੋਣ, ਉਸ ਦੀ "ਅਸ਼੍ਰਪਦੀ" ਸੰਗਯਾ ਹੈ. ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਅਸ਼੍ਰਪਦੀਆਂ ਵਿਖੇ ਅਨੇਕ ਜਾਤਿ ਦੇ ਛੰਦ ਲਿਖੇ ਗਏ ਹਨ. ਸਾਰਿਆਂ ਦਾ ਨਿਰਣਯ ਕਰਣ ਤੋਂ ਬਹੁਤ ਵਿਸ੍ਤਾਰ ਹੁੰਦਾ ਹੈ, ਇਸ ਲਈ ਨਮੂਨੇ ਮਾਤ੍ਰ ਪਾਠਕਾਂ ਨੂੰ ਕੁਝ ਰੂਪ ਦਿਖਾਉਨੇ ਹਾਂ—

1. "ਉਪਮਾਨ" ਅਥਵਾ "ਨਿਸ਼ਾਨੀ" ਛੰਦ ਦਾ ਰੂਪ ਮਾਰੂ ਰਾਗ ਵਿਚ ਪਹਿਲੇ ਸਤਗੁਰੂ ਜੀ ਦੀ ਅਸ਼੍ਰਪਦੀ ਯਥਾ—

ਹੁਕਮ ਭਯਾ ਰਹਿਣਾ ਨਹੀਂ, ਧੁਰ ਫਾਟੇ ਚੀਰੈ,
ਇਹ ਮਨੁ ਅਵਗੁਣਿ ਬਾਂਧਿਆ, ਸਹੁ ਦੇਹ ਸਰੀਰੈ.  × × ×

2. "ਸਾਰ" ਛੰਦ ਦਾ ਰੂਪ ਮਲਾਰ ਰਾਗ ਵਿਖੇ ਗੁਰ ਨਾਨਕ ਦੇਵ ਜੀ ਦੀ ਅਸ਼੍ਰਪਦੀ ਹੈ—

ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਦ ਨ ਪਾਈ,
ਸੂਰ ਚਰੈ, ਪ੍ਰਿਉ ਦੇਖੈ ਨੈਨੀ, ਨਿਵਿ ਨਿਵਿ ਲਾਗੈ ਪਾਈ,
ਸਰਵਰਿ ਕਮਲੁ ਕਿਰਣਿ† ਆਕਾਸੀ, ਬਿਗਸੈ ਸਹਜ ਸੁਭਾਈ,
ਪ੍ਰੀਤਮ ਪ੍ਰੀਤਿ ਬਨੀ ਅਭਿ ਐਸੀ, ਜੋਤੀ ਜੋਤਿ ਮਿਲਾਈ.

3. ਗਉੜੀ ਰਾਗ ਵਿੱਚ ਸਤਗੁਰੁ ਨਾਨਕ ਦੇਵ ਜੀ ਦੀ ਅਸ਼੍ਰਪਦੀ "ਚੌਪਾਈ" ਦਾ ਰੂਪ ਹੈ, ਯਥਾ—

"ਨਾ ਮਨੁ ਮਰੈ ਨ ਕਾਰਜ ਹੋਇ,
ਮਨ ਵਸਿ ਦੂਤਾਂ ਦੁਰਮਤਿ ਦੋਇ".  × × ×

4. ਸੁਖਮਨੀ ਦੀ ਅਸ਼੍ਰਪਦੀਆਂ "ਰੂਪਚੌਪਈ" ਦਾ ਸੁਰੂਪ ਹੈਨ, ਯਥਾ—

"ਸਿਮਰਉ ਸਿਮਰ ਸਿਮਰ ਸੁਖ ਪਾਵਉ,
ਕਲਿ ਕਲੇਸ ਤਨ ਮਾਹਿ ਮਿਟਾਵਉ."

---

*ਇਹ ਅਸ਼੍ਰਕ ਉਚਰਜੋ ਜਬੈਂ.  [ਗੁਰੁਪ੍ਰਤਾਪ ਸੂਰਯ]

†ਸੂਰਯ.

**ਅਸ੍ਰਗਤਿ** ਦੇਖੋ, ਬਿਸ਼ੇਖ.
**ਅਹਿਵਰ** ਦੇਖੋ, ਦੋਹਰੇ ਦਾ ਰੂਪ 2.
**ਅਹੀਰ** ਦੇਖੋ, ਅਭੀਰ.

## ਅਕਰਾ

ਇਸ ਦਾ ਨਾਮ "ਅਣਕਾ"—"ਅਨਹਦ"—"ਅਨੁਭਵ"—"ਸ਼ਸਿਵਦਨਾ"—"ਚੰਡਰਸਾ" ਅਤੇ "ਮਧੁਰਧੁਨਿ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਯ. ।।।, ।ऽऽ, ਉਦਾਹਰਣ—

ਕਸ ਸਰ ਮਾਰੇ । ਸਿਸੁ ਨਹਿ ਹਾਰੇ ।
ਬਹੁ ਬਿਧਿ ਬਾਣੰ । ਅਤਿ ਧਨੁ ਤਾਣੰ* ॥

[ਦਸਮਗ੍ਰੰਥ, ਰਾਮਾਵਤਾਰ]

## ਅਕਵਾ

ਇਸ ਦਾ ਨਾਮ "ਅਜਧਾ"—ਕਨਜਾ" ਅਤੇ "ਤੀਰਣਾ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਮ, ਗ, ऽऽऽ, ऽ. ਉਦਾਹਰਣ—

ਜੁੱਟੇ ਵੀਰੰ । ਛੁੱਟੇ ਤੀਰੰ ।
ਜੁੱਝੇ ਤਾਜੀ । ਡਿੱਗੇ ਗਾਜੀ ॥ [ਦਸਮਗ੍ਰੰਥ, ਕਲਕੀ]

## ਅਕੜਾ

ਲਛਣ—ਚਾਰ ਚਰਣ, ਪ੍ਰਤਿ ਚਰਣ ਸ, ਜ, ਜ. ।।ऽ, ।ऽ।, ।ऽ।. ਉਦਾਹਰਣ—

ਮੁਨਿ ਬਾਨ ਛਾਡ ਨ ਗਬੰ,
ਮਿਲ ਆਨ ਮੋ ਹਿਯ ਸਬੰ,
ਲਯ ਜਾਂਹਿ ਰਾਘਵ ਤੀਰ,
ਤੁਹਿ ਨੈਕ ਦੈਕਰ ਚੀਰ.† (ਦਸਮਗ੍ਰੰਥ, ਰਾਮਾਵਤਾਰ]

## ਅਚਕੜਾ

ਇਸ ਦਾ ਨਾਮ "ਸ੍ਰਗ੍ਵਿਣੀ"—"ਕਾਮਿਨੀ-ਮੋਹਨਾ" ਅਤੇ "ਲਛਮੀਧਰਾ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਚਾਰ ਰਗਣ. ऽ।ऽ, ऽ।ऽ, ऽ।ऽ, ऽ।ऽ. ਉਦਾਹਰਣ—

ਅੰਬਕਾ ਤੋਤਲਾ ਸੀਤਲਾ ਸਾਕਿਨੀ,
ਸਿੰਧੁਰੀ ਸੁਪ੍ਰਭਾ ਸੁਭ੍ਰਮਾ ਡਾਕਿਨੀ,
ਸਾਵਜਾ ਸੰਭਰੀ ਸਿੰਧੁਲਾ ਦੁੱਖਰੀ,
ਸੰਮਿਲਾ ਸੰਭਲਾ ਸੁਪ੍ਰਭਾ ਦੁੱਧਰੀ.‡ [ਦਸਮਗ੍ਰੰਥ, ਪਾਰਸਨਾਥ]

---

*ਇਸ ਛੰਦ ਵਿਚ ਲਵ ਕੁਸ਼ੁ ਦਾ ਰਾਮ ਚੰਦ੍ਰ ਜੀ ਨਾਲ ਜੰਗ ਵਰਣਨ ਹੈ.

† ਮੁਨਿਵੇਸ਼ ਧਾਰੀ ਲਵ ਕੁਸ਼ ਨੂੰ ਭਰਤ ਨੇ ਆਖਿਆ ਕਿ ਜੰਗ ਛੱਡਕੇ ਮੇਰੇ ਨਾਲ ਆਓ, ਮੈਂ ਥੁਆਨੂ ਰਾਮ ਜੀ ਦੇ ਪਾਸ ਲੈਜਾਕੇ ਖਿਲ਼ਤ ਦਿਵਾਊਂਗਾ.

‡ ਇਸ ਛੰਦ ਵਿਖੇ ਦੇਵੀ ਦੇ ਨਾਮ ਹਨ.

### ਅਜਬਾ

ਇਸ ਦਾ ਨਾਮ "ਅਕਵਾ" "ਕਨਜਾ" ਅਤੇ "ਤੀਰਣਾ" ਭੀ ਹੈ.
ਲਛਣ—ਚਾਰ ਚਰਣ, ਪ੍ਰਤਿ ਚਰਣ ਮ, ਗ. SSS, S. ਉਦਾਹਰਣ—
ਲੱਗੈਂ ਤੀਰੰ । ਭੱਗੈਂ ਭੀਰੰ ।
ਰੋਸੰ ਰੁੱਝੇ । ਅੰਸ੍ਰ ਜੁੱਝੇ* ॥ [ਦਸਮਗ੍ਰੰਥ, ਰਾਮਾਵਤਾਰ]

### ਅਜਾ

ਇਸ ਦਾ ਨਾਮ "ਅਜੰਨ" ਭੀ ਹੈ.
ਲਛਣ—ਚਾਰ ਚਰਣ, ਪ੍ਰਤਿ ਚਰਣ ਯ, ਰ, ਲ, ਗ, ISS, SIS, I, S. ਉਦਾਹਰਣ—

ਅਜੀਤੇ ਜੀਤ ਜੀਤਕੈ,
ਅਭੀਰੀ† ਭਾਜ ਭੀਰ ਹ੍ਵੈ,
ਸਿਧਾਤੇ ਚੀਨਰਾਜ ਪੈ,
ਸਥੋਈ‡ ਸਬੰ ਸਾਥਕੈ, [ਦਸਮਗ੍ਰੰਥ, ਕਲਕੀ]

### ਅਜੂਬਾ

ਇਸਦਾ ਨ੍ਹਾਮ "ਜੀਵਨ" ਭੀ ਹੈ.
ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ. ਚਾਰ ਚਾਰ ਮਾਤ੍ਰਾ ਪਰ ਵਿਸ਼੍ਰਾਮ. ਅੰਤ ਗੁਰੁ. ਉਦਾਹਰਣ—

ਕ੍ਰੁਧਜੋ ਭਾਈ:: । ਸਰ ਝਰ ਲਾਈ ।
ਅੱਸਸਰ ਛੋਰੇ । ਜਨ ਨਭ ਓਰੇ ।।

[ਗੁਰੁਵਿਲਾਸ ਪਾਤਸ਼ਾਹੀ 6]

**ਅਜੰਗਮ** ਦੇਖੋ ਛੱਪਯ ਦਾ ਰੂਪ 12
**ਅਜੰਨ** ਦੇਖੋ, ਅਜਾ.

### ਅਣਕਾ

ਇਸ ਦਾ ਨਾਮ "ਅਕਰਾ" "ਅਨਹਦ" "ਅਨੁਭਵ" ਸ਼ਸ਼ਿਵਦਨਾ" "ਚੰਡਰਸਾ" ਅਤੇ "ਮਧੁਰਧੁਨਿ" ਭੀ ਹੈ.
ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਯ. III, ISS. ਉਦਾਹਰਣ—
ਜਬ ਸਰ ਲਾਗੇ§ । ਤਬ ਸਬ ਭਾਗੇ ।
ਦਲਪਤਿ ਮਾਰੇ । ਭਟ ਭਟਕਾਰੇ+ ॥ ਦਸਮਗ੍ਰੰਥ ਰਾਮਾਵਤਾਰ)

---

*ਲਛਮਨ ਦਾ ਅਤਿਕਾਯ ਨਾਲ ਯੁੱਧ ਵਰਣਨ ਹੈ.
†ਅਭੀਰੁ. ਜੋ ਕਾਯਰ ਨਹੀਂ. ‡ ਸਾਥੀ. ਸੰਗੀ.
::ਭਾਈ ਬਿਧੀਚੰਦ ਦੀ ਵੀਰਤਾ, ਹਰਿ ਗੋਬਿੰਦਪੁਰ ਦੀ ਯੁੱਧ ਭੂਮਿਕਾ ਵਿਖੇ.
§ਲਵ ਕੁਸ਼ ਦੇ ਜੰਗ ਦਾ ਵਰਣਨ ਹੈ.
+ਭੜਕ ਉੱਠੇ.

## ਅਤਿਗੀਤਾ

ਲਛਣ—ਚਾਰ ਚਰਣ, ਪ੍ਰਤਿ ਚਰਣ 32 ਮਾਤ੍ਰਾ. 15—17 ਪਰ ਵਿਸ਼੍ਰਾਮ, ਅੰਤ ਗੁਰੁ ਲਘੁ. ਉਦਾਹਰਣ—

ਜਿਨ ਹਰਿ ਹਰਿ ਨਾਮ ਨ ਚੇਤਿਓ, (ਮੇਰੀ ਜਿੰਦੁੜੀਏ)*
ਤੇ ਮਨਮੁਖ ਮੂੜ ਇਆਣੇ ਰਾਮ,
ਜੋ ਮੋਹ ਮਾਇਆ ਚਿਤ ਲਾਇਏ, (ਮੇਰੀ ਜਿੰਦੁੜੀਏ)
ਸੇ ਅੰਤ ਗਏ ਪਛਤਾਣੇ ਰਾਮ,
ਹਰਿ ਦਰਗਹਿ ਢੋਈ ਨਾ ਲਹਨਿ, (ਮੇਰੀ ਜਿੰਦੁੜੀਏ)
ਜੋ ਮਨਮੁਖ ਪਾਰ ਲੁਭਾਣੇ ਰਾਮ,
ਜਨ ਨਾਨਕ ਗੁਰੁ ਮਿਲ ਉੱਬਰੇ, (ਮੇਰੀ ਜਿੰਦੁੜੀਏ)
ਹਰਿ ਜਪ ਹਰਿ ਨਾਮ ਸਮਾਣੇ ਰਾਮ. [ਬਿਹਾਗੜਾ ਛੰਤ ਮ: 4]

2. ਜੇ ਇਸ ਦੇ ਅੰਤ ਗੁਰੁ ਲਘੁ ਦੀ ਥਾਂ ਦੋ ਗੁਰੁ ਹੋਣ, ਤਦ "ਕਮੰਦ" ਸੰਗਯਾ ਹੈ.

## ਅਤਿਮਾਲਤੀ

ਇਸ ਦਾ ਨਾਮ "ਪਾਦਾਕੁਲਕ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਚਾਰ ਚੋਕਲ, ਅਰਥਾਤ ਚਾਰ ਡਗਣ ਅੱਠ ਅੱਠ ਮਾਤ੍ਰਾ ਪਰ ਦੋ ਵਿਸ਼੍ਰਾਮ, ਅੰਤ ਦੋ ਗੁਰੁ. ਉਦਾਹਰਣ—

ਕਹੂੰ ਨ ਪੂਜਾ, ਕਹੂੰ ਨ ਅਰਚਾ,
ਕਹੂੰ ਨ ਸ਼੍ਰੁਤਿ ਧੁਨਿ, ਸਿਮ੍ਰਿਤਿਨ ਚਰਚਾ,
ਕਹੂੰ ਨ ਹੋਮੰ, ਕਹੂੰ ਨ ਦਾਨੰ,
ਕਹੂੰ ਨ ਸੰਜਮ, ਕਹੂੰ ਸਨਾਨੰ. [ਦਸਮਗ੍ਰੰਥ, ਕਲਕੀ]

## ਅਨਹਦ

ਇਸ ਦੇ ਨਾਮ "ਅਕਰਾ" "ਅਣਕਾ" "ਅਨੁਭਵ" "ਸ਼ਸ਼ਿਵਦਨਾ" "ਚੰਡਰਸਾ" ਅਤੇ "ਮਧੁਰਧੁਨਿ" ਭੀ ਹੈਨ.

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਯ. ।।।, ।ऽऽ. ਉਦਾਹਰਣ—

ਸਤਜੁਗ ਆਯੋ । ਸਭ ਸੁਨ ਪਾਯੋ ।
ਮੁਨਿ ਮਨ ਭਾਯੋ । ਗੁਨਿ ਗਨ ਗਾਯੋ ॥

[ਦਸਮਗ੍ਰੰਥ, ਕਲਕੀ]

## ਅਨਕਾ

ਇਸ ਦਾ ਨਾਮ "ਸ਼ਸ਼ੀ" ਭੀ ਹੈ.

---

* "ਮੇਰੀ ਜਿੰਦੁੜੀਏ" ਪਾਠ ਗਾਯਨ ਦੀ ਧਾਰਣਾ ਦਾ ਹੈ, ਜੋ ਛੰਦ ਦੀ ਗਿਣਤੀ ਤੋਂ ਬਾਹਰ ਹੈ.

ਲਛਣ—ਚਾਰ ਚਰਣ, ਪ੍ਰੀਤ ਚਰਣ ਇਕ ਯਗਣ ।ऽऽ. ਉਦਾਹਰਣ—

ਪ੍ਰਭੂ ਹੈ । ਅਜੂ ਹੈ । ਅਜੈ ਹੈ । ਅਭੈ ਹੈ ॥ [ਦਸਮਗ੍ਰੰਥ ਰਾਮਾਵਤਾਰ]

2. ਦੇਖੋ ਚਾਚਰੀ ਦਾ ਰੂਪ 2.

**ਅਨਭਵ** ਦੇਖੋ, ਅਨੁਭਵ.

## ਅਨਾਦ

ਇਸ ਦਾ ਨਾਮ "ਵਾਪੀ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਮ,ਯ, ਗ, ਲ.ऽऽऽ, ।ऽऽ, ऽ, ।. ਚਾਰ ਚਾਰ ਅੱਖਰਾਂ ਪਰ ਦੋ ਵਿਸ਼੍ਰਾਮ. ਉਦਾਹਰਣ—

ਚੱਲੇ ਬਾਣ, ਰੁੱਕੇ ਗੈਣ । ਮੱਤੇ ਸੂਰ, ਰੱਤੇ ਨੈਣ ।
ਢੱਕੇ ਢੋਲ, ਢੂਕੀ ਢਾਲ । ਛੁੱਟੈਂ ਬਾਣ ਉੱਠੈ ਜ੍ਵਾਲ ॥

[ਦਸਮਗ੍ਰੰਥ, ਰਾਮਾਵਤਾਰ]

**ਅਨੁਸ੍ਰਪ**—ਅਨੁਸ੍ਰਭ.

ਲਛਣ—ਸੋਲਾਂ ਸੋਲਾਂ ਅਛਰਾਂ ਦੀਆਂ ਦੋ ਤੁਕਾਂ, ਅਰ ਅੱਠ ਅੱਠ ਅਖਰਾਂ ਦੇ ਚਾਰ ਪਾਦ, ਕੁਲ 32 ਅੱਖਰ. ਹਰੇਕ ਪਾਦ ਦਾ ਪੰਜਵਾਂ ਅੱਖਰ ਲਘੁ ਅਤੇ ਛੀਵਾਂ ਗੁਰੁ. ਦੂਜੇ ਅਤੇ ਚੌਥੇ ਪਾਦ ਵਿਖੇ ਸੱਤਵਾਂ ਅੱਖਰ ਲਘੁ ਹੋਣਾ ਜ਼ਰੂਰੀ ਹੈ.

ਏਹ ਛੰਦ ਅਕਸਰ ਸੰਸਕ੍ਰਿਤ ਭਾਸ਼ਾ ਦੀ ਰਚਨਾ ਗਈ ਵਰਤੀਦਾ ਹੈ, ਇਸ ਨੂੰ "ਸ਼ਲੋਕ" ਭੀ ਆਖਦੇ ਹਨ. ਸੰਸਕ੍ਰਿਤ ਗ੍ਰੰਥਾਂ ਵਿੱਚ ਅਨੇਕ ਛੰਦ ਹੁੰਦੇ ਹਨ, ਪਰੰਤੁ ਜਦ ਸ਼ਲੋਕਸੰਖ੍ਯਾ ਪੁਸ੍ਤਕ ਦੀ ਕਰੀ ਜਾਵੇ, ਤਦ 32 ਅੱਖਰ ਦਾ ਸ਼ਲੋਕ ਮੰਨਕੇ ਹੀ ਗਿਣਤੀ ਹੋਯਾ ਕਰਦੀ ਹੈ. ਉਦਾਹਰਣ—

विज्ञानेनासिना येन त्वज्ञानं नवरंगकम् ।
हन्यते नम्यतेऽस्माभिः स गोबिन्द हरि गुंरुः ॥

[ਗੁਰੁ ਨਾਨਕ ਸਤੋਤ੍ਰ ਰਤਨਾਕਰ]

ਕੀਜੈ ਮਾਨ ਨ ਭੂਲਕੇ, ਵਿਦ੍ਯਾ ਰੂਪ ਧਨਾਦਿ ਕੋ,
ਧਾਰੋ ਪ੍ਰੇਮ ਸੁਸ਼ੀਲਤਾ, ਗੁਰੁਮਤ ਧਰੋ ਚਿਤ.

## ਅਨੁਕੂਲ—ਅਨੁਕੂਲਾ

ਇਸ ਧਾ ਨਾਮ "ਮੌਕ੍ਤਿਕਮਾਲਾ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਭ, ਤ, ਨ, ਗ, ਗ. ऽ।।, ऽऽ।, ।।।, ऽ, ऽ. ਪੰਜ ਅਤੇ ਛੀ ਅਛਰਾਂ ਪਰ ਵਿਸ਼੍ਰਾਮ. ਉਦਾਹਰਣ—

ਸ੍ਰੀ ਗੁਰੁ ਸੇਵੋ, ਜਨਮ ਸੁਧਾਰੋ,
ਕਾਂਮਰੁ ਹੌਮੈ, ਮਨ ਨਸਿ ਧਾਰੋ,
ਆਲਸ ਤਜਾਗੋ, ਕਿਰਤ ਕਮਾਓ,
ਹੈ੍ ਉਪਕਾਰੀ, ਜਗ ਸੁਖ ਪਾਓ,

## ਅਨੁਭਵ

ਇਸ ਦੇ ਨਾਮ "ਅਕਰਾ" "ਅਣਕਾ" "ਅਨਹਦ" "ਸ਼ਸ਼ਿਵਦਨਾ" "ਚੰਡਰਸਾ" ਅਤੇ "ਮਧੁਰਧੁਨਿ" ਭੀ ਹੈਨ.

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਯ. ।।।, ।SS. ਉਦਾਹਰਣ—

ਅਨਹਦ ਬੱਜੇ। ਧੁਨਿ ਘਨ ਲੱਜੇਂ।
ਘਣਹਣ ਘੋਰੰ। ਜਣੁ ਬਣ ਮੋਰੰ॥

[ਦਸਮਗ੍ਰੰਥ, ਸੂਰਯਾਵਤਾਰ]

## ਅਨੂਪ ਨਰਾਜ ਛੰਦ

ਇਸ ਦਾ ਲਛਣ ਨਰਾਜ ਛੰਦ ਤੋਂ ਭਿੰਨ ਨਹੀਂ, ਕਯੋਂਕਿ ਇਸ ਵਿੱਚ ਭੀ ਲਘੁ ਗੁਰੁ ਦੇ ਕ੍ਰਮ ਕਰਕੇ ਪ੍ਰਤਿ ਚਰਣ ਸੋਲਾਂ ਸੋਲਾਂ ਅੱਖਰ ਅਥਵਾ ਪ੍ਰਤਿ ਚਰਣ—ਜ, ਰ, ਜ, ਰ, ਜ, ਗ. ।S।, S।S, ।S।, S।S, ।S।, S. ਹੈਨ. ਦਸਮਗ੍ਰੰਥ ਵਿਖੇ ਵਰਣ ਮੈਤ੍ਰਤਾ ਦੇ ਕਾਰਣ "ਨਰਾਜ" ਦੇ ਆਦਿ "ਅਨੂਪ" ਪਦ ਡਾਯਾ ਲੱਯਾ ਹੈ. ਉਦਾਹਰਣ—

ਗਜੰ ਗਜੇ ਹਯੰ ਹਲੇ ਹਲਾਹਲੀ ਹਲੋਹਲੰ,
ਬਬੱਜ ਸਿੰਧਰੇ* ਸੁਰੰ ਛੁਟੰਤ ਬਾਣ ਕੇਵਲੰ,
ਪਪੱਕ ਪੱਖਰੇ ਤੁਰੇ ਭਭੱਕ ਘਾਯ ਨਿਮੱਲੰ,
ਪਲੁੱਥ ਲੁੱਥ ਬਿੱਥਰੀ ਅਮੱਥ ਜੁੱਥ ਉੱਥਲੰ.

[ਦਸਮਗ੍ਰੰਥ, ਰਾਮਾਵਤਾਰ]

## ਅਨੰਗਸ਼ੇਖਰ

ਇਸ ਦਾ ਨਾਮ "ਮਹਾਂਨਰਾਚ" ਭੀ ਹੈ.†

ਲਛਣ—ਚਾਰ ਚਰਣ, ਪ੍ਰੀਤ ਚਰਣ ਲਘੁ ਗੁਰੁ ਕ੍ਰਮ ਕਰਕੇ 32 ਅੱਖਰ, ਅਰ ਅੱਠ ਅੱਠ ਅੱਖਰਾਂ ਪਰ ਚਾਰ ਵਿਸ਼੍ਰਾਮ. ਅਥਵਾ ਪ੍ਰਤਿ ਚਰਣ—ਜ, ਰ, ਜ, ਰ, ਜ, ਰ, ਜ, ਰ, ਜ, ਰ, ਲ, ਗ. ।S। S।S, ।S।, S।S, ।S।, S।S, ।S।, S।S, ।S।, S।S,।, S. ਉਦਾਹਰਣ—

ਗੁਰੂ ਗੁਬਿੰਦ ਸਿੰਘ ਕੋ ਨਮੋ ਸੁ ਹਾਥ ਜੋਰ ਕੇ,
ਕੁਸਤ੍ਰ ਤੇਜ ਤੋਰ ਜਾਂਹਿ ਪਾਲਿਓ ਹਿੰਦਾਨ ਕੋ,
ਕ੍ਰਿਪਾਲੁ ਸੀਸ ਹਾਥ ਦੈ ਸੁ ਕੀਟ ਤੇ ਦਿਯੇ ਮ੍ਰਿਗੇਂਦ੍ਰ,
ਇੰਦ੍ਰਚਾਪ ਲਾਜ ਪੇਖ ਨਾਥ ਕੀ ਕਮਾਨ ਕੋ,
ਭੁਜਾ ਭੁਜੰਗਰਾਜ ਸੀ ਵਿਰਾਜ ਸੀਸ ਕੇਸ,
ਚੰਦ ਸਜਾਮਤਾ ਨ ਹੋਯ ਤੋ ਮੁਖਾਰਵਿੰਦ ਸਾਨ ਕੋ,

---

*ਸਿੰਧੜਾ ਜੁਝਾਊ ਰਾਗ.

†ਜੇ ਇਸ ਛੰਦ ਦੇ ਅਖਰਾਂ ਦਾ ਕ੍ਰਮ ਗੁਰੁ ਲਘੁ ਹੋਵੇ, ਤਦ "ਸੁਧਾਨਿਧਿ" ਸੰਗਯਾ ਹੈ.

ਅਪਾਰ ਦੁੱਖ ਟਾਰਕੈ ਨਿਵਾਰਕੈ ਕਲੇਸ਼ ਦਾਸ,
ਵਾਸ ਤੋ ਵਿਕੁੰਠ ਤੇਜ ਪੂਰਿਓ ਜਹਾਨ ਕੋ.

[ਅਧਜਾਤਮ ਰਾਮਾਯਣ ਭਾਈ ਗੁਲਾਬ ਸਿੰਘ ਕ੍ਰਿਤ]

## ਅਨੰਤਤੁਕਾ (BLANK VERSE)

ਅਰਥਾਤ ਭਿੰਨ ਤੁਕਾਂਤ ਵਾਲਾ ਛੰਦ.

ਇਹ ਛੰਦ ਦੀ ਕੋਈ ਖ਼ਾਸ ਜਾਤਿ ਨਹੀਂ, ਕਿੰਤੂ ਕਿਸੇ ਭੀ ਛੰਦ ਦਾ ਤੁਕਾਂਤ (ਰਦੀਫ਼) ਇੱਕ ਅਥਵਾ ਬਹੁਤੇ ਚਰਣਾ ਦਾ ਆਪੋ ਵਿੱਚ ਨਾ ਮਿਲੇ,ਤਦ "ਅਨੰਤਤੁਕਾ" ਸੰਗਯਾ ਹੋ ਜਾਂਦੀ ਹੈ, ਜੈਸਾ ਕਿ ਰਾਮਾਵਤਾਰ ਵਿਖੇ "ਸਵੈਯਾ" ਅਤੇ "ਭੁਜੰਗਪ੍ਰਯਾਤ" ਅਨੰਤਤੁਕਾ ਦੇਖੀਦਾ ਹੈ. ਉਦਾਹਰਣ—

ਰੋਸ ਭਰਯੋ ਤਜ ਹੋਸ਼ ਨਿਸਾਚਰ
ਸ੍ਰੀ ਰਘੁਰਾਜ ਕੋ ਘਾਇ ਪ੍ਰਹਾਰੇ
ਜੋਸ਼ ਵਡੋ ਕਰ ਕੋਸ਼ਲਿਸੰ*
ਅਧਬੀਚਹਿ ਤੇ ਸਰ ਕਾਟ ਉਤਾਰੇ,
ਫੇਰ ਬਡੋ ਕਰ ਰੋਸ ਦਿਵਾਦੰਨ†
ਧਾਇ ਪਰੇ ਕਪਿ ਪੁੰਜ ਸੰਘਾਰੇ,
ਪੱਟਿਸ ਲੋਹਹਥੀ ਪਰਸੰ ਗੜ
ਲੈ ਜੰਬੁਏ ਜਮਦਾੜ ਚਲਾਵੈਂ.

———

ਕਿਤੋ ਕਾਲ ਬੀਤਯੋ ਭਏ ਰਾਮ ਰਾਜੰ,
ਸਬੈ ਸਤ੍ਰ ਜੀਤੇ ਮਹਾਂ ਜੱਧ ਮਾਲੀ,
ਫਿਰਯੋ ਚਕ੍ਰ ਚਾਰੋਂ ਦਿਸ਼ਾ ਮੱਧ ਰਾਮੰ,
ਭਯੋ ਨਾਮ ਤਾਂਤੇ ਮਹਾਂ ਚਕ੍ਰਵਤੰ੍ਰੀ.

2. ਦੇਖੋ, ਸਿਰਖੰਡੀ.

3. ਜੇ ਸੰਸਕ੍ਰਿਤ ਭਾਸ਼ਾ ਦੇ ਛੰਦ ਦੇਖੀਏ, ਤਦ ਬਹੁਤ ਅਨੰਤਤੁਕੇ ਹਨ, ਕਯੋਂ ਕਿ ਅੰਤਯਾਨੁਪ੍ਰਾਸ ਵਿਰਲੇ ਦਾ ਹੀ ਮਿਲਦਾ ਹੈ. ਦੇਖੋ, ਹੇਠ ਲਿਖੇ ਭੁਜੰਗ ਪ੍ਰਯਾਤ ਅਤੇ ਤੋਟਕ—

कृता येन सेवा गुरो र्मोद हेतु ।
स्तत श्चैव लब्धं निजानन्द रुपम् ।
ददौ शिष्य संघाय नामोपदेशं ।
नमामि प्रसन्नं गुरुं रामदासम् ॥

[ਗੁਰੁ ਨਾਨਕ ਸਤੋਤ੍ਰ ਰਤਨਾਕਰ]

---

*ਕੋਸ਼ਲ ਦੇਸ਼ ਦੇ ਸ੍ਵਾਮੀ, ਸ੍ਰੀ ਰਾਮ.

†ਦੇਵਤਾ ਦੇ ਵੈਰੀ, ਦੈਤਯ.

अमरं गुरुदेव महं सततं ।
प्रणमामि निरंतर मेकरसं ।
गुरु पाद सरोज विशेष रतिं ।
हरिं देव कृपायतनं विमलम् ॥

[ਗੁਰੁ ਨਾਨਕ ਸਤੋਤ੍ਰ ਰਤਨਾਕਰ]

4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭੀ ਭਿੰਨ ਤੁਕਾਂਤ ਦੇ ਸ਼ਬਦ ਦੇਖੇ ਜਾਂਦੇ ਹਨ, ਜਿਨ੍ਹਾਂ ਦਾ "ਅੰਤਜਾਨੁਪ੍ਰਾਸ" ਨਹੀਂ ਮਿਲਦਾ, ਯਥਾ—

ਰੂੜੋ ਮਨ ਹਰਿ ਰੰਗੋ ਲੋੜੈ,
ਗਾਲੀ ਹਰਿ ਨੀਹੁ ਨ ਹੋਇ.
ਹਉ ਢੂਢੇਦੀ ਦਰਸਨ ਕਾਰਣ,
ਬੀਥੀ ਬੀਥੀ ਪੇਖਾ.
ਗੁਰੁ ਮਿਲ ਭਰਮ ਗਵਾਇਆ ਹੇ,
ਇਹੁ ਬੁਧਿ ਪਾਈ ਮੈਂ ਸਾਧੂ ਕੰਨਹੁ,
ਲੇਖ ਲਿਖਿਓ ਧੁਰ ਮਾਥੈ,
ਇਹ ਬਿਧਿ ਨਾਨਕ ਹਰਿ ਨੈਣ ਅਲੋਇ.

[ਟੋਡੀ ਮਹਲਾ 5]

5. ਦੇਖੋ ਚਉਬੋਲੇ ਦਾ ਰੂਪ 2.

## ਅਪੂਰਬ

ਲਛਣ—ਚਾਰ ਚਰਣ, ਪ੍ਰਤਿ ਚਰਣ ਰ, ਤ. ऽ।ऽ, ऽऽ।. ਉਦਾਹਰਣ—

ਕਾਨਨੰ ਗੇ ਰਾਮ। ਧਮੰ ਕਮੰ ਧਾਮ।
ਲੱਛਨੈ ਲੈ ਸੰਗ। ਜਾਨਕੀ ਸ਼ੋਭੰਗ॥

[ਦਸਮਗ੍ਰੰਥ ਰਾਮਾਵਤਾਰ]

2. ਦੂਜਾ ਰੂਪ—ਚਾਰ ਚਰਣ, ਪ੍ਰਤਿ ਚਰਣ ਇੱਕ ਯਗਣ ਇੱਕ ਗੁਰੁ. ।ऽऽ, ऽ. ਇਸ ਦਾ ਨਾਮ "ਅਰੂਪਾ" ਅਤੇ "ਕ੍ਰੀੜਾ" ਭੀ ਹੈ. ਉਦਾਹਰਣ—

ਗਣੇ ਕੇਤੇ। ਹਣੇ ਜੇਤੇ।
ਕਈ ਮਾਰੇ। ਕਿਤੇ ਹਾਰੇ॥ [ਦਸਮਗ੍ਰੰਥ, ਰਾਮਾਵਤਾਰ]

## ਅਭੀਰ

ਇਸ ਦਾ ਨਾਮ "ਅਹੀਰ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਗਯਾਰਾਂ ਮਾਤ੍ਰਾ. ਅੰਤ ਜਗਣ ।ऽ।. ਉਦਾਹਰਣ—

ਅਤਿ ਸਾਧੂ ਅਤਿਰਾਜ। ਕਰਨ ਲਗੇ ਦੁਰਕਾਜ।
ਪਾਪ ਹ੍ਰਿਦੇ ਮਹਿ ਠਾਨ। ਕਰਤ ਧਰਮ ਕਰ ਹਾਨਿ॥ [ਦਸਮਗ੍ਰੰਥ, ਕਲਕੀ]

**ਅਮਿਤਕੁੰਡਲੀ.** ਦੇਖੋ, ਤੋਮਰ ਦਾ ਰੂਪ 3.

## ਅਮ੍ਰਿਤਗਤਿ

ਲਛਣ—ਚਾਰ ਚਰਣ, ਪ੍ਰਤਿ ਚਰਣ ਬਾਰਾਂ ਮਾਤ੍ਰਾ, ਅੰਤ ਨਗਣ ।।।. ਉਦਾਹਰਣ—

ਸੁਮਤਿ ਮਹਾਂ ਰਿਖਿ ਰਘੁਵਰ । ਦੁੰਦਭਿ ਬਾਜਤ ਦਰ ਦਰ ।
ਜਗ ਕੀ ਅਸੁ ਧੁਨਿ ਘਰ ਘਰ । ਪੂਰ ਰਹੀ ਧੁਨਿ ਸੁਰਪੁਰ ॥

[ਦਸਮਗ੍ਰੰਥ, ਰਾਮਾਵਤਾਰ]

2. ਅਮ੍ਰਿਤਗਤਿ ਦਾ ਦੂਜਾ ਰੂਪ "ਤ੍ਵਰਿਤਗਤਿ" ਹੈ, ਇਸ ਦਾ ਲਛਣ ਹੈ—ਪ੍ਰਤਿ ਚਰਣ ਨ, ਜ, ਨ, ਗ. ।।।, ।ऽ।, ।।।, ऽ. ਉਦਾਹਰਣ—

ਸੁਮਤਿ ਮਹਾ ਮੁਨਿ ਸੁਨਿਯੇ । ਤਨ ਮਨ ਸ੍ਰੀ ਨਿਜ ਗੁਨਿਯੇ ।
ਮਨ ਮੇਂਹਿ ਹੋਯ ਸੁ ਕਹਿਯੇ । ਧਨ ਸਭ ਆਪਨ ਲਹਿਯੇ* ॥

[ਰਾਮਚੰਦ੍ਰਿਕਾ]

3. ਤੀਜਾ ਰੂਪ—ਪ੍ਰਤਿ ਚਰਣ 10 ਅੱਖਰ, ਪੰਜਵਾਂ ਅਤੇ ਦਸਵਾਂ ਵਰਣ ਗੁਰੁ. ਏਹ ਲਛਣ ਦੂਜੇ ਭੇਦ ਵਿੱਚ ਹੀ ਘਟ ਜਾਂਦਾ ਹੈ.

## ਅਮ੍ਰਿਤਘਟ

ਲਛਣ—ਚਾਰ ਚਰਣ, ਪ੍ਰਤਿ ਚਰਣ 29 ਮਾਤ੍ਰਾ. 16 ਅਤੇ 13 ਮਾਤ੍ਰਾ ਪਰ ਵਿਸ਼੍ਰਾਮ, ਅੰਤ ਗੁਰੁ ਲਘੁ. ਉਦਾਹਰਣ—

ਰਾਮਜਨਾ ਮਿਲ ਭਯਾ ਅਨੰਦਾ,
ਹਰਿ ਨੀਕੀ ਕਥਾ ਸੁਨਾਇ,
ਦੁਰਮਤਿ ਮੈਲ ਗਈ ਸਭ ਨੀਕਲ,
ਸਤਸੰਗਤਿ ਮਿਲ ਬੁਧਿ ਪਾਇ. ××× 

[ਰਾਮਕਲੀ ਮ: 4]

## ਅਮ੍ਰਿਤਧੁਨਿ (अमृत ध्वनि)

ਲਛਣ—ਛੀ ਚਰਣ, ਪਹਿਲੇ ਦੋ ਚਰਣ ਦੋਹਾ, ਪਿਛਲੇ ਚਾਰ ਚਰਣ ਚੌਬੀਹ ਚੌਬੀਹ ਮਾਤ੍ਰਾ ਦੇ, ਜਿਨ੍ਹਾਂ ਵਿਖੇ ਅੱਠ ਅੱਠ ਮਾਤ੍ਰਾ ਪਰ ਤਿੰਨ ਤਿੰਨ ਅਨੁਪ੍ਰਾਸ ਹੋਣ. ਅਤੇ ਦੋਹੇ ਦਾ ਅੰਤਿਮ ਪਦ ਸਿੰਘਾਵਲੋਕਨ ਨਜਾਯ† ਕਰਕੇ ਤੀਜੀ ਤੁਕ ਦੇ ਮੁੱਢ, ਅਤੇ ਦੋਹੇ ਦੇ ਆਦਿ ਦਾ ਪਦ ਛੀਵੀਂ ਤੁਕ ਦੇ ਅੰਤ ਆਵੇ. ਏਹ ਛੰਦ ਖ਼ਾਸ ਕਰਕੇ ਵੀਰ ਰਸ ਦੇ ਕਾਵਯ ਲਈ ਵਰਤੀਦਾ ਹੈ ਉਦਾਹਰਣ—

ਥਲ ਥਲ ਦਲ ਖਲਭਲ ਪਰਜੋ, ਲੋਥ ਉਲੱਥ ਪਲੱਥ,
ਜਸਵਾਰੀ‡ ਕੋ ਫਿਰਤ ਹੈ, ਹਾਥੀ ਹੱਥ ਪ੍ਰਮੱਥ,—

---

*ਵਿਸ਼੍ਵਾਮਿਤ੍ਰ ਨੂੰ ਰਾਜਾ ਦਸ਼ਰਥ ਨੇ ਐਸਾ ਆਖਿਆ.

†ਜੈਸੇ ਸ਼ੇਰ ਸ਼ਿਕਾਰ ਨੂੰ ਜਾਂਦਾ ਹੋਯਾ ਪਿੱਛੇ ਹਟਕੇ ਦੇਖਦਾ ਹੈ, ਤੈਸੇ ਇੱਕ ਤੁਕ ਦੇ ਅੰਤਿਮ ਪਦ ਨੂੰ ਅਗਲੀ ਤੁਕ ਦੇ ਆਦਿ ਲਿਆਉਣ ਦਾ ਨਾਮ "ਸਿੰਘਾਵਲੋਕਨ ਨਜਾਯ" ਹੈ.

‡ਪ੍ਰਸੰਗ ਸਮਝਣ ਲਈ ਦੇਖੋ, ਲਲਿਤਪਦ ਦੇ ਉਦਾਹਰਣ ਦਾ ਫ਼ੁਟਨੋਟ.

ਹੱਥ ਪ੍ਰਮੱਥਥ, ਥਕਿਤ ਨ ਪੱਥਥ, ਥਿਤ ਜੰਹਿ ਜੁੱਥਥ,
ਥਲ ਥਲ ਗੁੱਥਥ, ਥਿਰਤ ਨ ਸੱਥਥ, ਥਰ ਥਰ ਗੁੱਥਥ,
ਥਕਤ ਨਾ ਕਿੱਥਥ, ਥਿਰ ਥਿਰ ਚਿੱਥਥ, ਥਪੁ ਉਪਲੱਥਥ,
ਥੁਰਿਯਨ ਮੱਥਥ, ਥਕਤ ਪਰੱਥਥ, ਮਲ ਦਲ ਥਲ ਥਲ.

[ਗੁਰੁਪ੍ਰਤਾਪ ਸੂਰਯ]

**ਅਰਸਾਤ** ਦੇਖੋ, ਸਵੈਯੇ ਦਾ ਰੂਪ 12.

## ਅਰਧ ਨਗਸਰੂਪੀ

ਦੇਖੋ, ਨਗਸ੍ਵਰੂਪੀ ਅਰਧ.

**ਅਰਧਨਰਾਜ** ਦੇਖੋ ਨਰਾਜ ਅਰਧ.

**ਅਰਧਪਾਧਰੀ** ਦੇਖੋ, ਪਾਧਰੀ ਅਰਧ.

**ਅਰਧਭੁਜੰਗ** ਦੇਖੋ, ਸ਼ੰਖਨਾਰੀ.

**ਅਰਬਿੰਦ** ਦੇਖੋ, ਸਵੈਯੇ ਦਾ ਰੂਪ 17.

## ਅਰਿੱਲ—ਅਰਿੱਲਾ ਦੇਖੋ ਅੜਿੱਲ.

## ਅਰੂਪਾ

**ਇਸ ਦਾ ਨਾਮ "ਕ੍ਰੀੜਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਯ, ਗ. ISS, S: ਉਦਾਹਰਣ—

ਸਬੈ ਜਾਗੇ । ਭੂਮੰ ਭਾਗੇ ।
ਹਠੰ ਤ੍ਯਾਗੇ । ਪਗੰ ਲਾਗੇ ॥

[ਦਸਮਗ੍ਰੰਥ ਰਾਮਾਵਤਾਰ]

**ਦੇਖੋ. ਅਪੂਰਬ ਦਾ ਰੂਪ 2.**

**2. ਜੇ ਇਸ ਨੂੰ ਦੁਗਣਾ ਕਰ ਦਿੱਤਾ ਜਾਵੇ, ਅਰਥਾਤ ਯ, ਗ, ਯ, ਗ. ਤਿ ਚਰਣ ਹੋਵੇ, ਤਦ "ਸ਼ੁੱਧਗਾ" ਸੰਗ੍ਯਾ ਹੈ. ਉਦਾਹਰਣ—**

**ਜਪੈ ਜੋਈ ਤਰੈ ਸੋਈ,**
**ਭੂਮੰ ਖੋਈ ਨ੍ਰਿਭੈ ਹੋਈ. × × ×**

## ਅਲਕਾ

**ਇਸ ਦਾ ਨਾਮ "ਕੁਸੁਮਵਿਚਿਤ੍ਰਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਯ, ਨ, ਯ. III, ISS, III, ISS. ਉਦਾਹਰਣ—

ਚਰਪਟ ਸੈਣੰ ਖਟਪਟ ਭਾਜੇ,
ਝਟਪਟ ਜੁੱਝੇ ਲਖ ਰਣ ਰਾਜੇ,
ਸਟਪਟ ਭਾਜੇ ਅਟਪਟ ਸੂਰੰ,
ਝਟਪਟ ਬਿਸ੍ਰੀ ਘਟਪਟ ਹੂਰੰ.*

[ਦਸਮਗ੍ਰੰਥ, ਰਾਮਾਵਤਾਰ]

---

*ਰਿਦੇ ਵਿੱਚੋਂ ਅਪਸਰਾ ਦੀ ਇੱਛਾ ਤੁਰਤ ਭੁੱਲ ਗਈ.

## ਅਵਤਾਰ

ਲਛਣ—ਚਾਰ ਚਰਣ, ਪ੍ਰਤਿ ਚਰਣ 23 ਮਾਤ੍ਰਾ. ਤੇਰਾਂ ਅਤੇ ਦਸ਼ ਪਰ ਵਿਸ਼੍ਰਾਮ ਅੰਤ ਲਘੁ ਗੁਰੁ. ਦਸਮਗ੍ਰੰਥ ਵਿਖੇ ਅਰਧ ਅਵਤਾਰ ਦੇਖੀਦਾ ਹੈ, ਜਿਸ ਦਾ ਸਿਰਲੇਖ ਲਿਖਾਰੀ ਦੇ ਪ੍ਰਮਾਦ ਨਾਲ ਦੋਹਰਾ ਹੋਗਯਾ ਹੈ, ਯਥਾ :—

ਅਸਥਨ ਮੁਖ ਲੈ ਕ੍ਰਿਸ਼ਨ ਤਿਂਹ, ਊਪਰ ਸੋਇ ਗਏ,
ਧਾਇ ਤਬੈ ਬ੍ਰਿਜ ਲੋਕ ਸਭ, ਗੋਦ ਉਠਾਇ ਲਏ.

[ਕ੍ਰਿਸਨਾਵਤਾਰ]

## ਅੜਿਲ--ਅੜਿੱਲ

ਲਛਣ—ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ, ਅੰਤ ਭਗਣ ऽ।।. ਉਦਾਹਰਣ—
ਡੋਲਤ ਜਹਿਂ ਤਹਿਂ ਪੁਰਖ ਅਪਾਵਨ,
ਲਾਗਤ ਕਤਹਿ ਧਰਮ ਕੋ ਦਾਵਨ,
ਅਰਥਹਿ ਛਾਡ ਅਨਰਥ ਬਤਾਵਤ,
ਧਰਮ ਕਰਮ ਚਿਤ ਏਕ ਨ ਲਾਵਤ.

[ਦਸਮਗ੍ਰੰਥ, ਕਲਕੀ]

ਸ੍ਰੀ ਕਲਗੀਧਰ ਕੇ ਉਪਕਾਰਨ,
ਰਸਨਾ ਏਕ ਨ ਸ਼ਕਤਿ ਉਚਾਰਨ,
ਸਰਵਸ ਦੀਨੋ ਹੈ ਹਮ ਕਾਰਨ,
ਪੁਤ੍ਰਨ ਕੇ ਸਮ ਕਿਯ ਪ੍ਰਤਿਪਾਰਨ,

2. **ਅੜਿੱਲ ਦਾ ਦੂਜਾ ਭੇਦ**—ਪ੍ਰਤਿ ਚਰਣ ਸੋਲਾਂ ਮਾਤ੍ਰਾ, ਅੰਤ ਯਗਣ ।ऽऽ. ਉਦਾਹਰਣ—

ਗੁਰੂ ਨਾਨਕ ਸਿਖ੍ਯਾ ਮਨ ਧਾਰੋ,
ਗੁਰੁਜਨ ਕੀ ਰੀਤੀ ਨ ਵਿਸਾਰੋ,
ਕਹਿ ਕਰ ਵਾਕ ਕਦੀ ਨਹਿ ਹਾਰੋ,
ਸਤ੍ਯ ਧਰਮ ਜਗ ਮੇ ਪਰਿਚਾਰੋ.

3. **ਅੜਿੱਲ ਦਾ ਤੀਜਾ ਭੇਦ**—ਪ੍ਰਤਿ ਚਰਣ ਇੱਕੀ ਮਾਤ੍ਰਾ, ਪਹਿਲਾ ਵਿਸ਼੍ਰਾਮ 11 ਪਰ ਜਗਣਾਂਤ, ਦੂਜਾ 10 ਪਰ ਰਗਣਾਂਤ. ਇਸ ਦਾ ਨਾਮ "ਚੰਦ੍ਰਾਯਣ" ਭੀ ਹੈ. ਉਦਾਹਰਣ—

ਵਿਦ੍ਯਾ ਸੇ ਅਨੁਰਾਗ, ਰੈਨ ਦਿਨ ਕੀਜਿਯੇ,
ਨਿਜ ਸ਼ਕਤੀ ਅਨੁਸਾਰ, ਸਭਿਨ ਸੁਖ ਦੀਜਿਯੇ,

ਸ੍ਵਾਰਥ ਕੇ ਵਸ਼ਿ ਹੋਯ, ਨ ਪਰਹਾਨੀ ਕਰੋ,
ਪ੍ਰਭੁਤਾ ਅਰੁ ਧਨ ਮਾਨ, ਰਿਦੇ ਮੇ ਨਾ ਧਰੋ.

**4. ਅੜਿੱਲ ਦਾ ਚੌਥਾ ਭੇਦ**—ਪ੍ਰਤਿ ਚਰਣ ਇੱਕੀ ਮਾਤ੍ਰਾ, 11—10 ਪਰ ਵਿਸ਼੍ਰਾਮ, ਅੰਤ ਰਗਣ. ਅਰ ਚੌਥੀ ਤਕ ਦੇ ਆਦਿ ਹੇ ! ਹਰਹਾਂ ! ਆਦਿਕ ਕੋਈ ਸੰਬੋਧਕ ਪਦ. ਇਸ ਦੀ "ਚੌਬੋਲਾ" ਸੰਗਜ੍ਯਾ ਭੀ ਹੈ. ਸੰਬੋਧਨ ਦੀ ਮਾਤ੍ਰਾ ਗਿਣਤੀ ਤੋਂ ਬਾਹਰ ਹੁੰਦੀ ਹੈ. ਉਦਾਹਰਣ—

ਸੁਨੈ ਗੁੰਗ ਜੋ ਯਾਹਿ, ਸੁ ਰਸਨਾ ਪਾਵਈ,
ਸੁਨੈ ਮੂੜ ਚਿਤ ਲਾਇ, ਚਤੁਰਤਾ ਆਵਈ,
ਦੂਖ ਦਰਦ ਭੌ ਨਿਕਟ, ਨ ਤਿਨ ਨਰ ਕੇ ਰਹੈ,
ਹੇ ! ਜੋ ਯਾਂਕੀ ਇਕ ਬਾਰ, ਚੌਪਈ ਕੋ ਕਹੈ.

[ਦਸਮਗ੍ਰੰਥ, ਬੇਨਤੀ ਚੌਪਾਈ ਦੇ ਅੰਤ]

## ਅਰੂਹਾ

**ਇਸ ਦਾ ਨਾਮ "ਸੰਯੁਕ੍ਤਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਸ, ਜ, ਜ, ਗ. ।।S, ।S।, ।S।, S. ਉਦਾਹਰਣ —

ਸਜ ਸੈਨ ਭਤੰ ਚਲੇ ਤਹਾਂ,
ਰਣ ਬਾਲ ਬੀਰ ਮੰਡੇ ਜਹਾਂ,
ਬਹੁ ਭਾਂਤ ਬੀਰ ਸੰਘਾਰਹੀ,
ਸਰ ਓਘ ਪ੍ਰੋਘ * ਪ੍ਰਹਾਰਹੀ. [ਦਸਮਗ੍ਰੰਥ, ਰਾਮਾਵਤਾਰ]

**ਆਨੰਦ** ਦੇਖੋ, ਕੋਰੜਾ.

**ਆਭਾਰ** ਦੇਖੋ, ਸਵੈਯੇ ਦਾ ਰੂਪ 27.

**ਆਰਯਾ** ਦੇਖੋ, ਗਾਹਾ.

**ਇੰਦਵ** ਦੇਖੋ, ਸਵੈਯੇ ਦਾ ਰੂਪ 10.

**ਇੰਦੁਮਣੀ** ਦੇਖੋ, ਰੇਖ਼ਤਾ ਦਾ ਰੂਪ 2.

## ਇੰਦ੍ਰਵਜ੍ਰਾ

ਲਛਣ—ਚਾਰ ਚਰਣ, ਪ੍ਰਤਿ ਚਰਣ ਤ, ਤ, ਜ, ਗ, ਗ SS।, SS।, ।S।, S, S. ਉਦਾਹਰਣ-

ਆਨੰਦ ਮੂਲੰ ਜਨ ਗਜ੍ਯਾਨ ਦਾਤਾ,
ਸ਼ਤ੍ਰੂਨ ਸੂਲੰ ਧਨ ਧਾਮ ਤ੍ਰਾਤਾ. × × ×

नित्यं निराहं विमलं विशोकं ।
स्वच्छन्द मानन्द मयं रमेशम् ।
योगीश्वर प्रार्चित पाद पद्मं ।
बन्दे सदाऽहं गुरु नानकं तम् ।। [ਗੁਰੁ ਨਾਨਕ ਸਤੋਤ੍ਰ ਰਤਨਾਕਰ]

---

*ਪ੍ਰਯੋਗ. ਨਸ਼ਾਨਾ ਜੋੜਕੇ.

## ਏਕਅੱਛਰੀ—ਏਕਾਖਰੀ

ਲਛਣ—ਚਾਰ ਚਰਣ, ਪ੍ਰਤਿ ਚਰਣ ਇੱਕ ਦੀਰਘ ਅੱਖਰ. ਇਸ ਦਾ ਨਾਮ "ਸ਼੍ਰੀ" ਭੀ ਹੈ. ਉਦਾਹਰਣ—

ਮਾ । ਭਾ । ਰਾ । ਦਾ ॥*

2. **ਦੂਜਾ ਭੇਦ**—"ਮਹੀ" ਛੰਦ ਦੇ ਚਾਰੇ ਚਰਣਾਂ ਦੇ ਆਦਿ ਇੱਕੋ ਅਖਰ ਹੋਵੇ. ਮਹੀ ਦਾ ਲਛਣ ਹੈ ਪ੍ਰਤਿ ਚਰਣ ਇੱਕ ਲਘੁ ਇੱਕ ਗੁਰੁ ਉਦਾਹਰਣ—

ਅਜੈ । ਅਲੈ । ਅਭੈ । ਅਬੈ ॥ [ਜਾਪੁ]

3. **ਤੀਜਾ ਲਛਣ**—"ਮ੍ਰਿਗੇਂਦ੍ਰ" ਛੰਦ ਦੇ ਚਾਰੇ ਚਰਣਾਂ ਦੇ ਆਦਿ ਇੱਕੋ ਅੱਖਰ ਲਾਉਣ ਕਰਕੇ ਭੀ ਏਕਾਖਰੀ ਬਣਦਾ ਹੈ. ਮ੍ਰਿਗੇਂਦ੍ਰ ਦਾ ਲਛਣ ਹੈ—ਪ੍ਰਤਿ ਚਰਣ ਇੱਕ ਜਗਣ ।ऽ।.
ਉਦਾਹਰਣ—

ਅਗੰਜ । ਅਭੰਜ । ਅਲੱਖ । ਅਭੱਖ ॥ [ਜਾਪੁ]

4. **ਚੌਥਾ ਭੇਦ**—"ਸ਼ਸ਼ੀ" ਛੰਦ ਦੇ ਚੌਹਾਂ ਚਰਣਾ ਦੇ ਆਦਿ ਇੱਕੋ ਅੱਖਰ ਹੋਵੇ. ਸ਼ਸ਼ੀ ਦਾ ਲਛਣ—ਪ੍ਰਤਿ ਚਰਣ ਇੱਕ ਯਗਣ ।ऽऽ.
ਉਦਾਹਰਣ—

ਨ ਰਾਗੇ । ਨ ਰੰਗੇ । ਨ ਰੂਪੇ । ਨ ਰੇਖੇ ॥ [ਜਾਪੁ]

5. **ਪੰਜਵਾਂ ਭੇਦ**—ਇੱਕ ਅੱਖਰ ਨਾਲ ਹੀ ਸਾਰਾ ਛੰਦ ਬਣੇ, ਦੂਜਾ ਅੱਖਰ ਨਾ ਲੱਗੇ. ਛੰਦ ਦੀ ਜਾਤਿ ਚਾਹੋ ਕੋਈ ਹੋਵੇ. ਉਦਾਹਰਣ—

ਕੇਕੀ† ਕੋਕ‡ ਕੰਕ§ ਕੀ ਕੂਕ. × × ×

**ਏਕਾਵਲਿ** ਦੇਖੋ, ਪੰਕਜਬਾਟਿਕਾ ਦਾ ਰੂਪ 2.

## ਏਲਾ

ਲਛਣ—ਤਿੰਨ ਚਰਣ, ਪ੍ਰਤਿ ਚਰਣ ਚੌਬੀਹ ਮਾਤ੍ਰਾ, ਪਹਿਲਾ ਵਿਸ਼੍ਰਾਮ 11 ਪਰ, ਦੂਜਾ 13 ਪਰ, ਅੰਤ ਦੋ ਗੁਰੁ. ਉਦਾਹਰਣ—

ਕਰਹੈਂ ਨਿੱਤ ਅਨਰਥੰ, ਅਰਥੰ ਨਹਿ ਏਕ ਕਮੈਹੈਂ,
ਨਹਿ ਲੈਹੈਂ ਹਰਿਨਾਮ, ਦਾਨ ਕਾਹੂੰ ਨਹਿ ਦੇਂਹੈਂ,
ਨਿੱਤ ਇੱਕ ਮਤ ਤਜੈਂ, ਇੱਕ ਮਤ ਨਿੱਤ ਉਚੈ ਹੈਂ.

[ਦਸਮਗ੍ਰੰਥ, ਕਲਕੀ]

2. ਜੇ ਇਸ ਦੇ ਚਾਰ ਚਰਣ ਹੋਣ. ਅਰ ਅੰਤ ਦੋ ਗੁਰੁ ਦਾ ਨਿਯਮ ਨਾ ਹੋਵੇ, ਤਦ ਰੋਲਾ ਛੰਦ ਕਹਾਵੇਗਾ.

---

*ਮਾ—ਵਿਭੂਤਿ. ਭਾ—ਸ਼ੋਭਾ, ਰਾ—ਸੂਰਣ. ਦਾ—ਦਾਯਕ.

†ਮੋਰ. ‡ਚਕਵਾ

§ਇਕ ਗਿੱਧ ਜਾਤਿ, ਜਿਸਦੇ ਪੰਖ ਤੀਰਾਂ ਨੂੰ ਲਗਦੇ ਹਨ.

3. ਪਿੰਗਲ ਗ੍ਰੰਥਾਂ ਵਿੱਚ ਇਲਾ ਦਾ ਲਛਣ ਹੈ—ਚਾਰ ਚਰਣ, ਪ੍ਰਤਿ ਚਰਣ ਸ, ਜ, ਨ, ਨ, ਯ. ।।ऽ, ।ऽ।, ।।।, ।।।, ।ऽऽ. ਪੰਜ ਅਤੇ ਦਸ ਅਛਰਾਂ ਪਰ ਵਿਸ਼੍ਰਾਮ. ਉਦਾਹਰਣ—

ਜਗ ਮੇਂ ਨਹੀਂ ਸੁਖ ਤਨਿਕ ਕਰ ਵਿਚਾਰੋ,
ਸੁਖ ਸੰਪਦਾ, ਇਕ ਰਸ ਨ ਰਹਿ ਨਿਹਾਰੋ. × × ×

**ਸਸਬਦਨਾ—ਸ਼ਸ਼ਿਵਦਨਾ**

**ਇਸ ਨੂੰ "ਅਕਰਾ" "ਅਣਕਾ" "ਅਨਹਦ" "ਅਨੁਭਵ" "ਚੰਡਰਸਾ" ਅਤੇ "ਮਧੁਰਧੁਨਿ" ਭੀ ਆਖਦੇ ਹਨ.**

ਲਛਣ—ਚਾਰ ਚਰਣ, ਪ੍ਰਤਿ ਚਰਣ ਨ,ਯ. ।।।, ।ऽऽ. ਉਦਾਹਰਣ—

ਜਬ ਕਰ ਲੇਖਾ। ਬਧਤ ਵਿਸੇਖਾ।
ਨਹਿ ਘਟ ਜਾਈ। ਭਲ ਪਤਿਆਈ ॥*

[ਨਾਨਕ ਪ੍ਰਕਾਸ਼]

## ਸ਼ਸ਼ੀ

ਦੇਖੋ, "ਅਨਕਾ" ਅਤੇ "ਏਕਾਛਰੀ" ਦਾ ਚੌਥਾ ਭੇਦ, ਤਥਾ ਚਾਚਰੀ ਦਾ ਰੂਪ 2.

**ਸਗੋਨਾ** ਦੇਖੋ, ਸੁਖਦਾ ਬ੍ਰਿੱਧ.

**ਸਟਪਟਾ** ਦੇਖੋ, ਹਰਿਗੀਤਿਕਾ ਦਾ ਰੂਪ 2.

## ਸੱਦ

ਇਹ ਛੰਦ ਦੀ ਕੋਈ ਖ਼ਾਸ ਜਾਤਿ ਨਹੀਂ, ਕਿੰਤੂ ਲੰਮੀ ਹੇਕ ਨਾਲ ਗਾਯਾ ਹੋਯਾ ਪੇਂਡੂ ਲੋਕਾਂ ਦਾ ਪਜਾਰਾ ਗੀਤ ਹੈ. ਸੱਦ† ਵਿੱਚ ਛੰਦਾਂ ਦੇ ਅਨੇਕ ਰੂਪ ਹੋਯਾ ਕਰਦੇ ਹਨ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਸੁੰਦਰ" ਜੀ ਦਾ ਸੱਦ ਰਾਗ ਰਾਮਕਲੀ ਵਿਖੇ ਹੈ, ਜਿਸ ਦੇ ਛੀ ਚਰਣ ਹਨ. ਅਰ ਏਹ "ਹੁਲਾਸ" ਛੰਦ ਦੀ ਜਾਤਿ ਦਾ ਇਕ ਭੇਦ ਹੈ. ਪਹਲੇ ਚਰਣ ਦੀਆਂ 23 ਮਾਤ੍ਰਾ, ਦੂਜੇ ਦੀਆਂ 25, ਚਾਰ ਚਰਣਾਂ ਦੀਆਂ ਅਠਾਈ ਅਠਾਈ. ਦੂਜੀ ਤੁਕ ਦਾ ਅੰਤਿਮ ਪਦ ਸਿੰਘਾਵਲੋਕਨ ਨਯਾਯ ਕਰਕੇ ਤੀਜੀ ਤੁਕ ਦੇ ਮੁੱਢ. ਉਦਾਹਰਣ—

ਜਗਦਾਤਾ ਸੋਇ ਭਗਤ ਵਛਲ ਤਿਹੁ ਲੋਇ ਜੀਉ,
ਗੁਰਸਬਦ ਸਮਾਵਏ ਅਵਰੋ ਨ ਜਾਣੈ ਕੋਇ ਜੀਉ,—
ਅਵਰੋ ਨ ਜਾਣੈ ਸਬਦ ਗੁਰੂ ਕੈ ਏਕ ਨਾਮ ਧਿਆਵਹੇ,
ਪਰਸਾਦਿ ਨਾਨਕ ਗੁਰੂ ਅੰਗਦ ਪਰਮਪਦਵੀ ਪਾਵਹੇ. × × ×

2. ਦਸਮਗ੍ਰੰਥ ਵਿਚ ਵਿਖਮਪਦ "ਸੱਦ" ਹੈ, ਜਿਸ ਦੇ ਤਿੰਨ ਚਰਣ ਹੈਨ, ਪ੍ਰਤਿ ਚਰਣ

*ਸੁਲਤਾਨ ਪੁਰ ਵਿਖੇ ਸਤਗੁਰ ਨਾਨਕ ਦੇਵ ਦੇ ਮੋਦੀ ਖਾਨੇ ਦੇ ਹਿਸਾਬ ਦਾ ਪ੍ਰਸੰਗ ਹੈ.

†ਉੱਚੀ ਧੁਨੀ ਨਾਲ ਪਜਾਰੇ ਨੂੰ ਸੱਦਣ ਲਈਂ ਪੁਕਾਰਣ ਕਾਰਣ, ਸੰਗਜਾ "ਸੱਦ" ਹੋ ਗਈ ਹੈ.

29 ਮਾਤ੍ਰਾ. ਪਹਿਲਾ ਵਿਸ਼੍ਰਾਮ 17 ਪਰ, ਦੂਜਾ 12 ਪਰ, ਅੰਤ ਯਗਣ ।ऽऽ. ਉਦਾਹਰਣ—

ਸੁਣਕੈ ਸੱਦ ਮਾਹੀ ਦਾ ਮੇਹੀ, ਪਾਣੀ ਘਾਹ ਮੁਤੋਨੇ,*
ਕਿਸਹੀ ਨਾਲ ਨਾ ਰਲੀਆ ਕਾਈ, ਕਾਰੀ ਸ਼ੌਕ ਪਯੋਨੇ,
ਗਜਾ ਫਿਰਾਕ ਮਿਲਾ ਮਿੱਤ ਮਾਹੀ, ਤਾਹੀ ਸ਼ੁਕਰ ਕਿਤੋਨੇ.

## ਸਬਦ

ਜੈਸੇ ਤੁਕਾਰਾਮ ਨਾਮਦੇਵ ਆਦਿਕ ਭਗਤਾਂ ਦੀ ਪਦਰਚਨਾ "ਅਭੰਗ"† ਅਰ ਸੂਰਦਾਸ ਮੀਰਾਂ ਬਾਈ ਆਦਿਕ ਦੀ ਵਿਸ਼ਨੁਪਦ ਪ੍ਰਸਿੱਧ ਹੈ, ਤੈਸੇ ਹੀ ਸ਼੍ਰੀ ਗੁਰੂ ਸਾਹਿਬ ਦੇ ਛੰਦ ਰੂਪ ਵਾਕ੍ਯ "ਸ਼ਬਦ" ਆਖੀਦੇ ਹਨ. ਸ਼ਬਦ ਛੰਦ ਦੀ ਖ਼ਾਸ ਜਾਤਿ ਨਹੀਂ ਹੈ. ਅਨੇਕ ਛੰਦਾਂ ਦਾ ਰੂਪ ਸ਼ਬਦਾਂ ਵਿਖੇ ਦੇਖਿਆ ਜਾਂਦਾ ਹੈ. ਇਸ ਗ੍ਰੰਥ ਵਿੱਚ ਅਨੇਕ ਉਦਾਹਰਣ "ਪਦ" ਆਦਿਕ ਸਿਰਲੇਖਾਂ ਹੇਠ ਭਿੰਨ ਭਿੰਨ ਦਿਖਾਯੇ ਗਏ ਹਨ.

## ਸਬਾਸ

**ਇਸਦਾ ਨਾਮ "ਸਵਾਸਨ" ਅਤੇ "ਸੁਵਾਸ" ਭੀ ਹੈ.**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਨ, ਜ, ਲ. ।।।, ।ऽ।, ।. ਉਦਾਹਰਣ—

ਚਲਤ ਖਤੰਗਹਿ । ਭਟ ਤਨ ਭੰਗਹਿ ।
ਬਰਨ ਸੁਰੰਗਹਿ । ਗਿਰਤ ਤੁਰੰਗਹਿ ॥ [ਗੁਰੁਪ੍ਰਤਾਪ ਸੂਰਜ]

**ਸਮਰ ਦੇਖੋ, ਛੱਪਯ ਦਾ ਰੂਪ 11.**
**ਸਮਾਨ ਦੇਖੋ, ਸਵੈਯੇ ਦਾ ਰੂਪ 6.**

## ਸਮਾਨਕਾ-ਸਮਾਨਿਕਾ

ਲਕ੍ਸ਼ਣ - ਚਾਰ ਚਰਣ, ਪ੍ਰਤਿ ਚਰਣ ਰ, ਜ, ਗ. ऽ।ऽ, ।ऽ।, ऽ. ਉਦਾਹਰਣ—

ਧਾਰਕੇ ਗੁਰੂ ਗਿਰਾ । ਕਾਮ ਕ੍ਰੋਧ ਤੇ ਫਿਰਾ ।
ਸ਼ਾਂਤ ਚਿੱਤ ਹ੍ਵੈ ਰਹ੍ਯੋ । ਲਾਭ ਦੇਹ ਕੋ ਲਹ੍ਯੋ ॥

2. ਦਸਮਗ੍ਰੰਥ ਵਿਖੇ "ਪ੍ਰਮਾਣਿਕਾ" ਦਾ ਹੀ ਨਾਮ ਸਮਾਨਿਕਾ ਆਯਾ ਹੈ, ਅਰਥਾਤ ਪ੍ਰਤਿ

---

*ਮਹੀਆਂ ਨੇ ਪਾਣੀ ਅਤੇ ਘਾਹ ਤ੍ਯਾਗ ਦਿੱਤਾ. ਇਸ ਸੱਦ ਵਿਚ ਮਾਹੀ ਤੋਂ ਭਾਵ ਕਰਤਾਰ ਹੈ, ਅਤੇ ਮੱਝੀ ਤੋਂ ਭਾਵ ਜਿਗ੍ਯਾਸੂ ਹੈ.

†ਅਭੰਗ ਵਰਣ ਛੰਦ ਹੈ, ਇਸ ਦੇ ਅਨੇਕ ਭੇਦ ਹਨ, ਪਰੰਤੂ ਦੋ ਮੁੱਖ ਹੈਨ :—

(ੳ) ਚਾਰ ਚਰਣ, ਪ੍ਰਤਿ ਚਰਣ 22 ਅਕ੍ਸ਼ਰ, ਤਿੰਨ ਵਿਸ਼੍ਰਾਮ ਛੀ ਛੀ ਪਰ, ਅੰਤਿਮ ਚਾਰ ਪਰ.

(ਅ) ਚਾਰ ਚਰਣ, ਪ੍ਰਤਿ ਚਰਣ 16 ਅਕ੍ਸ਼ਰ, ਅੱਠ ਅੱਠ ਪਰ ਦੋ ਵਿਸ਼੍ਰਾਮ.

ਚਰਣ ਜ, ਰ, ਲ, ਗ. ।S।, S।S, ।, S. ਉਦਾਹਰਣ—

ਨਰੇਸ ਸੰਗ ਕੈਦਏ । ਪ੍ਰਬੀਨ ਬੀਨਕੈ ਲਏ ।
ਸਨੱਧ ਬੱਧ ਹ੍ਵੈ ਚਲੇ । ਸੁਬੀਰ ਬੀਰਹਾ ਭਲੇ ॥

[ਦਸਮਗ੍ਰੰਥ ਰਾਮਾਵਤਾਰ]

**ਸਮਾਨੀ** ਦੇਖੋ, ਮੱਲਿਕਾ.

## ਸਰਸੀ

ਇਸ ਦਾ ਨਾਮ ਬਾਵਾ ਸੁਮੇਰ ਸਿੰਘ ਜੀ ਨੇ "ਗੁਰੁਪਦ ਪ੍ਰੇਮ ਪ੍ਰਕਾਸ਼" ਵਿਚ "ਸੁਥਰਾ" ਲਿਖਿਆ ਹੈ.*

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 27 ਮਾਤ੍ਰਾ. ਪਹਿਲਾ ਵਿਸ਼੍ਰਾਮ 16 ਪਰ ਦੂਜਾ 11 ਪਰ, ਅੰਤ ਗੁਰੁ ਲਘੁ. ਉਦਾਹਰਣ—

ਏਕਾ ਮਾਈ ਜੁਗਤਿ ਵਿਆਈ, ਤਿਨ ਚੇਲੇ ਪਰਵਾਣ,
ਇਕੁ ਸੰਸਾਰੀ ਇਕੁ ਭੰਡਾਰੀ, ਇਕੁ ਲਾਏ ਦੀ ਬਾਣ. × × ×

[ਜਪੁ]

ਮੁੱਸਲਮਾਨਾ ਸਿਫਤ ਸਰੀਅਤ, ਪੜ ਪੜ ਕਰਹਿ ਬਿਚਾਰ,
ਬੰਦੇ ਸੇ ਜਿ ਪਵਹਿ ਵਿਚ ਬੰਦੀ, ਵੇਖਣ ਕਉ ਦੀਦਾਰ,
ਹਿੰਦੂ ਸਾਲਾਹੀ ਸਾਲਾਹਨ, ਦਰਸਨ ਰੂਪ ਅਪਾਰ,
ਤੀਰਥ ਨਾਵਹਿ ਅਰਚਾ ਪੂਜਾ, ਅਗਰ ਵਾਸ ਬਹਕਾਰ.

[ਵਾਰ ਆਸਾ ਮਹਲਾ 1]

ਪਰ ਦਾਰਾ, ਪਰਧਨ ਪਰਲੋਭਾ, ਹਉਮੈ ਬਿਖੈ ਬਿਕਾਰ,
ਦੁਸਟਭਾਉ ਤਜ ਨਿੰਦ ਪਰਾਈ, ਕਾਮ ਕ੍ਰੋਧ ਚੰਡਾਰ. × × ×

[ਮਲਾਰ ਮਹਲਾ 1]

ਸਜ ਸਜ ਹੀਰ ਚੀਰ ਅੱਗ ਅੰਗਨ, ਪਹੁਚਤ ਭੀ ਹਰਿਦ੍ਵਾਰ,
ਉਤ ਸੋ ਹਰਖ ਵਿਨੋਦ ਮਾਨ ਮਨ, ਗਾਵਤ ਮੰਗਲਚਾਰ,
ਪ੍ਰਾਪਤ ਭੀ ਅਪਸਰ ਗਨ ਸਬਹੀ, ਇੰਦ੍ਰਸਭਾ ਦਰਬਾਰ,
ਬੰਦਨ ਕਰਤ ਵਿਜੈ ਬਿਨਤੀ ਲਖ, ਹਰਿਪਦ ਬਾਰੰਬਾਰ.

[ਸਰਬ ਲੋਹ]

2. ਵਰਣਿਕ ਸਰਸੀ ਦਾ ਲਕ੍ਸ਼ਣ ਹੈ—ਚਾਰ ਚਰਣ, ਪ੍ਰਤਿ ਚਰਣ ਨ, ਜ, ਭ, ਜ, ਜ, ਜ, ਰ. ।।।, ।S।, S।।, ।S। ।S।, ।S।, S।S. 11 ਅਰੁ 10 ਅਕ੍ਸ਼ਰ ਪਰ ਵਿਸ਼੍ਰਾਮ. ਇਸ ਦਾ ਨਾਮ "ਪੰਚਕਾਵਲੀ" ਭੀ ਹੈ. ਉਦਾਹਰਣ—

*"ਕਬਹੂਕ ਸ੍ਰੀ ਸਤਗੁਰੁ ਕੇ ਆਗੇ ਭਯੋ ਕੀਰਤਨ ਚਾਰੁ."

ਸਿਮਰਤ ਪ੍ਰੇਮ ਸੇ ਗੁਰੁ ਗਿਰਾ, ਰਹਿਤੇ ਜਗ ਮੇ ਸਦਾ ਸੁਖੀ,
ਕਰਤ ਬਿਹਾਰ ਕਾਰ ਜਗ ਕੇ, ਨਹਿ ਹੋਵਤ ਸੋ ਕਦਾ ਦੁਖੀ. × × ×

**ਸਰਵਗਾਮੀ** ਦੇਖੋ, ਸਵੈਯੇ ਦਾ ਰੂਪ 33.

## ਸਲੋਕ (श्लोक)

ਉਸਤਤਿ ਦਾ ਨਾਮ ਸ਼ਲੋਕ ਹੈ. ਯਸ਼ ਦੇ ਛੰਦ ਨੂੰ ਸ਼ਲੋਕ ਆਖੀਦਾ ਹੈ, ਪਰੰਤੂ ਕਾਵਯ ਗ੍ਰੰਥਾਂ ਵਿੱਚ ਪਦਕਾਵਯ ਲਈਂ "ਸ਼ਲੋਕ" ਪਦ ਵਰਤਿਆ ਗਯਾ ਹੈ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ "ਸਲੋਕ" ਸਿਰਲੇਖ ਹੇਠ ਅਨੰਤ ਛੰਦ ਆਏ ਹਨ. ਜਿਨ੍ਹਾਂ ਵਿੱਚੋਂ ਕੁਛ ਰੂਪ ਇਸ ਥਾਂ ਦਿਖਾਉਨੇ ਹਾਂ—

1. ਦੇਖੋ, ਉਪਮਾਨ.
2. ਦੇਖੋ, ਉੱਲਾਲਾ.
3. ਦੇਖੋ, ਅਨੁਸ਼੍ਟੁਪ.
4. ਦੇਖੋ, ਸਰਸੀ.
5. ਆਸਾ ਦੀ ਵਾਰ ਵਿੱਚ "ਹਾਕਲ" ਛੰਦ ਦਾ ਨਾਮ ਸਲੋਕ ਆਯਾ ਹੈ. ਯਥਾ—

ਪੜ੍ਹ ਪੁਸਤਕ ਸੰਧਿਆਬਾਦੰ
ਸਿਲ ਪੂਜਸਿ ਬਗੁਲਸਮਾਧੰ,
ਮੁਖ ਝੂਠ ਬਿਭੂਖਣ ਸਾਰੰ,
ਤ੍ਰੈਪਾਲ ਤਿਹਾਲ ਬਿਚਾਰੰ.

6. **ਵਾਰ ਆਸਾ ਵਿਖੇ "ਚਉਪਦੀ" ਰੂਪ ਸਲੋਕ :—**

ਵਿਸਮਾਦ ਨਾਮ ਵਿਸਮਾਦ ਵੇਦ,
ਵਿਸਮਾਦ ਜੀਅ ਵਿਸਮਾਦ ਭੇਦ. × ×

7. **"ਦੋਹਾ" ਰੂਪ ਸਲੋਕ :—**

ਖੁਦੀ ਮਿਟੀ ਤਬ ਸੁਖ ਭਏ, ਮਨ ਤਨ ਭਏ ਅਰੋਗ,
ਨਾਨਕ ਦਿਸਟੀ ਆਇਆ, ਉਸਤਤਿ ਕਰਨੈ ਜੋਗ.

[ਬਾਵਨ ਅਖਰੀ]

ਕੋਟਿ ਬਿਘਨ ਤਿਸੁ ਲਾਗਤੇ, ਜਿਸ ਨੋ ਵਿਸਰੈ ਨਾਉ,
ਨਾਨਕ ਅਨਦਿਨ ਬਿਲਪਤੇ, ਜਿਉਂ ਸੁੰਞੈ ਘਰ ਕਾਂਉ.

[ਵਾਰ ਗੂਜਰੀ 2]

ਚੰਦਨ ਚੰਦ ਨ ਸਰਦ ਰੁਤਿ, ਮੂਲਿ ਨ ਮਿਟਈ ਘਾਮ,
ਸੀਤਲੁ ਥੀਵੈ ਨਾਨਕਾ, ਜਪੰਦੜੋ ਹਰਿਨਾਮ.

[ਵਾਰ ਜੈਤਸਰੀ]

ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ, ਕਬੀਰ ਅਤੇ ਫ਼ਰੀਦ ਜੀ ਦੇ ਸਲੋਕ ਸਭ ਦੋਹਾ ਰੂਪ ਹੈਨ.

**8. ਵਿਖਮਪਦ 'ਸਾਰ" ਦਾ ਰੂਪ ਸਲੋਕ –**

ਜਿਨਸ ਥਾਪ ਜੀਆ ਕਉ ਭੇਜੈ, ਜਿਨਸ ਥਾਪ ਲੈਜਾਵੈ,
ਆਪੇ ਥਾਪ ਉਥਾਪੇ ਆਪੈ, ਏਤੇ ਵੇਸ ਕਰਾਵੈ.

[ਵਾਰ ਸਾਰੰਗ, ਮਹਲਾ 1]

9. ਦੇਖੋ, ਸੋਰਠਾ ਅਤੇ ਡਖਣਾ.

**ਸਵੱਯਾ** ਦੇਖੋ, ਸਵੈਯਾ.

**ਸਵਾਸਨ** ਦੇਖੋ, ਸਬਾਸ.

# ਸਵੈਯਾ

ਇਹ ਚਾਰ ਚਰਣ ਦਾ ਸਰਵਪ੍ਰਿਯ ਛੰਦ, ਭਿੰਨ ਭਿੰਨ ਨਾਮਾਂ ਦਾ ਦੇਖੀਦਾ ਹੈ, ਪਰੰਤੂ ਵਿਸ਼ੇਸ਼ ਕਰਕੇ ਸਿਰਲੇਖ "ਸਵੈਯਾ" ਹੀ ਹੋਯਾ ਕਰਦਾ ਹੈ.

ਮਾਤ੍ਰਿਕ ਸਵੈਯੇ ਦੇ ਚਾਰੇ ਚਰਣਾਂ ਦਾ ਪਦਾਂਤ ਅਨੁਪ੍ਰਾਸ ਮਿਲੇ ਤਦ ਉੱਤਮ ਹੈ, ਨਹੀਂ ਤਾਂ ਦੋ ਚਰਣਾਂ ਦਾ ਜ਼ਰੂਰ ਮਿਲਣਾ ਚਾਹੀਏ, ਦੇਖੋ, ਉਦਾਹਰਣ 4 ਦਾ ਰੂਪ ਦੂਜਾ.

ਵਰਣਿਕ ਸਵੈਯੇ ਦੇ ਚਾਰੇ ਚਰਣਾਂ ਦਾ ਅੰਤਯਾਨੁਪ੍ਰਾਸ ਸਮਾਨ ਹੋਣਾ ਕਵੀਆਂ ਨੇ ਵਿਧਾਨ ਕੀਤਾ ਹੈ.

ਇਸ ਛੰਦ ਦੇ ਬਹੁਤ ਭੇਦ ਕਾਵਯਗ੍ਰੰਥਾਂ ਵਿਚ ਪਾਏ ਜਾਂਦੇ ਹਨ, ਉਨ੍ਹਾਂ ਵਿਚੋਂ ਜੋ ਸਿੱਖਕਾਵਯ ਵਿੱਚ ਆਏ ਹਨ, ਅਥਵਾ ਸਾਨੂੰ ਰੋਚਕ ਪ੍ਰਤੀਤ ਹੋਏ ਹਨ, ਉਹ ਪਾਠਕਾਂ ਦੇ ਗਯਾਨ ਲਈਂ ਲਛਣ ਅਤੇ ਉਦਾਹਰਣਾਂ ਸਮੇਤ ਅੱਗੇ ਲਿਖਦੇ ਹਾਂ :—

**1.** ਸਵੈਯੇ ਦਾ ਪਹਿਲਾ ਰੂਪ ਹੈ "ਬੀਰ," ਜਿਸ ਦਾ ਲਛਣ ਹੈ – ਚਾਰ ਚਰਣ, ਪ੍ਰਤਿ ਚਰਣ 31 ਮਾਤ੍ਰਾ, ਪਹਿਲਾ ਵਿਸ਼੍ਰਾਮ 16 ਪਰ, ਦੂਜਾ 15 ਮਾਤ੍ਰਾ ਪਰ, ਅੰਤ ਗੁਰੁ ਲਘੁ. ਇਸ ਦਾ ਨਾਮ ਮਾਤ੍ਰਿਕ ਸਵੈਯਾ* ਭੀ ਹੈ. ਉਦਾਹਰਣ—

ਨਾਭਿਕਮਲ ਤੇ ਬ੍ਰਹਮਾ ਉਪਜੇ,
ਬੇਦ ਪੜਹਿ ਮੁਖ ਕੰਠ ਸਵਾਰ. × ×
ਜਾਕੀ ਭਗਤਿ ਕਰਹਿ ਜਨ ਪੂਰੇ,
ਮੁਨਿ ਜਨ ਸੇਵਹਿ ਗੁਰੁ ਵੀਚਾਰ. × ×

[ਗੂਜਰੀ ਮਹਲਾ 1]

---

* ਲਘੁ ਗੁਰੁ ਦੇ ਹਿਸਾਬ ਨਾਲ ਜੈਸੇ ਛੱਪਯ ਅਰ ਦੋਹੇ ਛੰਦ ਆਦਿਕਾਂ ਦੇ ਅਨੰਤ ਰੂਪ ਹੈਨ, ਤੈਸੇ ਹੀ ਮਾਤ੍ਰਿਕ ਸਵੈਯਾ ਭੀ ਅਨੇਕ ਨਾਮਾਂ ਦਾ ਹੈ. ਯਥਾ—6 ਲਘੁ, 59 ਗੁਰੁ ਦਾ "ਰਵਨ". 10 ਲਘੁ, 57 ਗੁਰੁ ਦਾ "ਮੰਜੁਲ". 120 ਲਘੁ, 2 ਗੁਰੁ ਦਾ "ਤੁਰੰਗ." ਇਤਯਾਦਿ.

ਸਾਰ ਮਹਾਂ ਸਿਮਰਨ ਸਤਨਾਮੁ,
ਕਾਰ ਮਹਾਂ ਕਰਬੋ ਉਪਕਾਰ,
ਇਨ ਦੋਨਹੁ ਬਿਨ ਮਾਨੁਖ ਤਨ ਧਿਕ,
ਸਮੇ ਬਿਤਾਵਹਿ ਲਖੈ ਨ ਸਾਰ,
ਪੂਛ ਸੀਂਗ ਬਿਨ ਪਸ਼ੂ ਜਨਮ ਤਿਨ,
ਆਏ ਬਾਦ ਬੀਚ ਸੰਸਾਰ,
ਅੰਤ ਸਮੈਂ ਯਮ ਦੂਤ ਗਹੈਂ ਦ੍ਰਿੜ੍ਹ,
ਝੂਰਤ ਗਮਨੈ ਦ੍ਵੈਕਰ ਝਾਰ.*

[ਗੁਰੁਪ੍ਰਤਾਪ ਸੂਰਯ]

ਲਘੁ ਗੁਰੁ ਦੇ ਹਿਸਾਬ ਜੇ ਇਸ ਬੀਰ ਸਵੈਯੇ ਦਾ ਭੇਦ ਦੇਖੀਯੇ ਤਦ "ਸੇਨ" ਹੈ, ਕਯੋਂਕਿ ਇਸ ਵਿਚ 31 ਗੁਰੁ ਅਰੁ 62 ਲਘੁ ਹੈਨ.

**2. ਸਵੈਯੇ ਦਾ ਦੂਜਾ ਰੂਪ ਹੈ "ਬਾਣ".**

ਲਛਣ—ਪ੍ਰਤਿ ਚਰਣ 31 ਮਾਤ੍ਰਾ, 16 ਅਰੁ 15 ਪਰ ਵਿਸ਼੍ਰਾਮ, ਅੰਤ ਦੋ ਗੁਰੁ. ਉਦਾਹਰਣ—

ਅੰਮ੍ਰਿਤ ਨਾਮ ਤੁਮਾਰਾ ਠਾਕੁਰ,
ਏਹੁ ਮਹਾਰਸ ਜਨਹਿ ਪੀਓ,
ਜਨਮ ਜਨਮ ਚੂਕੇ ਭੈ ਭਾਰੇ,
ਦੁਰਿਤ ਬਿਨਾਸਯੋ ਭਰਮ ਬੀਓ × × × [ਆਸਾ ਮ: 5]

**3. ਸਵੈਯ ਦਾ ਤੀਜਾ ਰੂਪ ਹੈ "ਸੋਮਜ".**

ਲਛਣ—ਪ੍ਰਤਿ ਚਰਣ 31 ਮਾਤ੍ਰਾ, ਪਹਿਲਾ ਵਿਸ਼੍ਰਾਮ 16 ਪਰ, ਦੂਜਾ 15 ਪਰ, ਅੰਤ ਨਗਣ III. ਉਦਾਹਰਣ—

ਮੁਖ ਤੇ ਟੀਕਾ ਸਹਿਤ ਉਚਾਰਤ,
ਰਾਮ ਰਿਦੇ ਨਹਿ ਪੂਰਨ ਰਹਿਤ,
ਕਰ ਉਪਦੇਸ਼ ਸੁਨਾਵੈ ਲੋਗਨ.
ਕਛੂ ਨ ਕਮਾਵੈ ਆਪਨ ਕਹਿਤ,
ਪੰਡਿਤ ! ਬੇਦ ਵਿਚਾਰ ਸਦਾ ਤੁਮ,
ਕ੍ਰੋਧ ਨਿਵਾਰੋ ਕਯੋਂ ਉਰ ਦਹਿਤ ?

---

*ਭਾਈ ਲੱਧਾ ਦੇ ਪ੍ਰਸੰਗ ਵਿੱਚ, ਸ਼੍ਰੀ ਗੁਰੁ ਅਰਜਨ ਦੇਵ ਨੇ, ਪਰਉਪਕਾਰ ਦੀ ਮਹਿਮਾ ਕਥਨ ਕਰੀ ਹੈ.

ਅਗਜ ਸਾਲਗ੍ਰਾਮ ਧਰਜੋ ਹੈ,
ਮਨ ਦਿਜ, ਤੌਰ ਦਸੋ ਦਿਸ ਬਹਿਤ.

[ਗੁਰੁਵਿਲਾਸ ਪਾਤਸ਼ਾਹੀ 6]

4. **ਸਵੈਯੇ ਦਾ ਚੌਥਾ ਰੂਪ ਹੈ "ਦੰਡਕਲਾ". ਇਸ ਨੂੰ "ਨਿਸਾਕਰ" ਭੀ ਆਖਦੇ ਹਨ.**

ਲਛਣ—ਚਾਰ ਚਰਣ, ਪ੍ਰਤਿ ਚਰਣ 32 ਮਾਤ੍ਰਾ, 16—16 ਪਰ ਦੋ ਵਿਸ਼੍ਰਾਮ, ਅੰਤ ਸਗਣ ।।ऽ. ਉਦਾਹਰਣ—

ਬੁੱਧਿ ਵਿਵੇਕ ਗਜਾਨ ਅਰੁ ਵਿਦਜਾ,
ਸਫਲ ਹੋਤ ਉਪਕਾਰ ਕਰਤ ਜੋ. × × ×

2. **ਦੰਡਕਲਾ ਦਾ ਦੂਜਾ ਭੇਦ**—18—14 ਮਾਤ੍ਰਾ ਪਰ ਦੋ ਵਿਸ਼੍ਰਾਮ, ਅੰਤ ਸਗਣ ।।ऽ. ਉਦਾਹਰਣ—

ਸਤਿਗੁਰੁ ਮਤਿਗੁੜ ਬਿਮਲ ਸਤਸੰਗਤਿ,
ਆਤਮਰੰਗ ਚਲੂਲ ਭਯਾ,
ਜਾਗਜਾ ਮਨੁ ਕਵਲ ਸਹਿਜ ਪਰਕਾਸਜਾ,
ਅਭੈ ਨਿਰੰਜਨ ਘਰਹਿ ਲਹਾ,
ਸਤਿਗੁਰ ਦਯਾਲੁ ਹਰਿਨਾਮ ਦ੍ਰਿੜਾਯਾ,
ਤਿਸੁ ਪ੍ਰਸਾਦਿ ਵਸਿ ਪੰਚ ਕਰੇ,
ਕਵਿ ਕਲਜ ਠਕੁਰ ਹਰਿਦਾਸ ਤਨੇ ਗੁਰੁ,
ਰਾਮਦਾਸ ਸਰ ਅਭਰ ਭਰੇ. [ਸਵੈਯੇ ਮ: 4 ਕੇ]

5. **ਸਵੈਯੇ ਦਾ ਪੰਜਵਾਂ ਰੂਪ ਹੈ "ਮਲਿੰਦ".**

ਲਛਣ—ਪ੍ਰਤਿ ਚਰਣ 32 ਮਾਤ੍ਰਾ 16—16 ਮਾਤ੍ਰਾ ਪਰ ਦੋ ਵਿਸ਼੍ਰਾਮ, ਅੰਤ ਯਗਣ ।ऽऽ. ਉਦਾਹਰਣ—

ਆਪੇ ਆਪ ਖਾਇ ਹਉ ਮੇਟੈ,
ਅਨਦਿਨ ਹਰਿਰਸ ਗੀਤ ਗਵੈਯਾ,
ਗੁਰਮੁਖ ਪਰਚੈ ਕੰਚਨ ਕਾਯਾ,
ਨਿਰ ਭਉ ਜੋਤਿ ਜੋਤਿ ਮਿਲੈਯਾ. × × ×

[ਬਿਲਾਵਲ ਅਸਟਪਦੀਆਂ ਮਹਲਾ 4]

ਤੇ ਸਾਧੂ ਹਰਿ ਮੇਲਹੁ ਸੁਆਮੀ,
ਜਿਨ ਜਪਿਆ ਗਤਿ ਹੋਇ ਹਮਾਰੀ,
ਤਿਨ ਕਾ ਦਰਸ ਦੇਖ ਮਨ ਬਿਗਸੈ,

ਖਿਨ ਖਿਨ ਤਿਨ ਕਉ ਹਉ ਬਲਿਹਾਰੀ. × × ×

[ਭੈਰਉ ਮਹਲਾ 4]

ਗੁਣ ਸਮੂਹ ਫਲ ਸਗਲ ਮਨੋਰਥ,
ਪੂਰਨ ਹੋਈ ਆਸ ਹਮਾਰੀ,
ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ,
ਬਿਨਸ ਜਾਹਿ ਹਰਿਨਾਮ ਉਚਾਰੀ. × × ×

[ਸਵੈਯੇ ਸ੍ਰੀ ਮੁਖਵਾਕ ਮ: 5]

**2. ਕੇਵਲ ਦੋ ਗੁਰੁ ਅੰਤ (ਯਗਣ ਦੀ ਥਾਂ) ਹੋਣੇ ਭੀ "ਮਲਿੰਦ" ਦਾ ਇੱਕ ਰੂਪ ਹੈ, ਯਥਾ—**

ਕਬ ਲਾਗੈ ਮਸਤਕ ਚਰਨਨ ਰਜ,
ਦਰਸ ਦਯਾਲੁ ਦ੍ਰਿਗਨ ਕਬ ਪੇਖੋਂ,
ਅੰਮ੍ਰਿਤ ਬਚਨ ਸੁਨੋ ਕਬ ਸ੍ਰਵਨਨਿ,
ਕਬ ਰਸਨਾ ਬੇਨਤੀ ਬਿਸੇਖੋਂ,
ਕਬ ਤਨਿ ਕਰੋਂ ਡੰਡੌਤ ਬੰਦਨਾ,
ਪਰਿ ਪਰਿ ਪਗਨਿ ਕ੍ਰਿਪਾ ਪੁਨ ਰੇਖੋਂ,
ਪ੍ਰੇਮ ਭਕ੍ਤਿ ਸੁ ਪ੍ਰਤੱਛ ਪ੍ਰਾਨਪਤਿ,
ਗਜਾਨ ਧਜਾਨ ਜੀਵਨ ਪਦ ਲੇਖੋਂ.

[ਭਾਈ ਗੁਰੁਦਾਸ ਜੀ]

**6. ਸਵੈਯੇ ਦਾ ਛੀਵਾਂ ਰੂਪ ਹੈ "ਸਮਾਨ".**

ਲਛਣ—ਪ੍ਰਤਿ ਚਰਣ 32 ਮਾਤ੍ਰਾ, ਸੋਲਾਂ ਸੋਲਾਂ ਮਾਤ੍ਰਾ ਪਰ ਦੋ ਵਿਸ਼੍ਰਾਮ, ਅੰਤ ਭਗਣ ऽ।।. ਉਦਾਹਰਣ—

ਬ੍ਰਹਮਾਦਿਕ ਸਿਵ ਛੰਦ ਮੁਨੀਸਰ,
ਰਸਿਕ ਰਸਿਕ ਠਾਕੁਰ ਗੁਨ ਗਾਵਤ, × × ×
ਰੇ ਮਨ ਮੂੜ੍ਹ ਸਿਮਰ ਸੁਖਦਾਤਾ,
ਨਾਨਕ ਦਾਸ ਤੁਝੈ ਸਮਝਾਵਤ.

[ਸਵੈਯੇ ਸ੍ਰੀ ਮੁਖਵਾਕ ਮਹਲਾ 5]

ਪਾਰਸ ਪਰਸ ਦਰਸ ਕਤ ਸਜਨੀ !
ਕਤ ਵੈ ਨੈਨ ਬੈਨ ਮਨ ਮੋਹਨ,
ਕਤ ਵੈ ਦਸਨ ਹਸਨ ਸੋਭਾਨਿਧਿ,
ਕਤ ਵੈ ਗਵਨ ਭਵਨ ਬਨ ਸੋਹਨ. × × ×

[ਭਾਈ ਗੁਰੁਦਾਸ ਜੀ]

**7. ਸਵੈਯੇ ਦਾ ਸੱਤਵਾਂ ਰੂਪ ਹੈ ਮਾਤਿਕ "ਦਰਮਿਲ".**

ਲਛਣ—ਚਾਰ ਚਰਣ, ਪ੍ਰਤਿ ਚਰਣ 32 ਮਾਤ੍ਰਾ, ਪਹਿਲਾ ਵਿਸ਼੍ਰਾਮ 10 ਪਰ, ਦੂਜਾ 8 ਪਰ ਅਰ ਤੀਜਾ 14 ਪਰ, ਅੰਤ ਸਗਣ ਅਤੇ ਦੋ ਗੁਰੁ ।।S, S, S. ਉਦਾਹਰਣ—

ਜਯ ਜਯ ਕਲਗੀਧਰ, ਸੇਵਕ ਦੁਖ ਹਰ,
ਨਹਿ ਸਮਸਰ ਬਲ ਕੇ ਧਾਰੀ,
ਸਤਿ ਧਰਮ ਪ੍ਰਚਾਰਕ, ਦੰਭ ਵਿਦਾਰਕ,
ਜਨ ਤਾਰਕ ਛਲਿ ਕੋ ਮਾਰੀ,
ਜਾਤੀ ਅਭਿਮਾਨੀ, ਅਤਿ ਅਗਜਾਨੀ,
ਸੁਮਤਿ ਉੱਚ ਤਿਨ ਹੈ ਕੀਨੀ,
ਅਜ ਕੇਸਰਿ ਕੀਨੇ, ਮੂਢ ਪ੍ਰਬੀਨੇ,
ਹਰਿ* ਸਮਤਾ ਤਿਣ ਕੋ ਦੀਨੀ.

**8. ਸਵੈਯੇ ਦਾ ਅੱਠਵਾਂ ਰੂਪ ਹੈ "ਲਲਿਤ".**

ਲਛਣ—ਚਾਰ ਚਰਣ, ਪ੍ਰਤਿ ਚਰਣ ਸੱਤ ਮਗਣ, ਅੰਤ ਦੋ ਗੁਰੁ. 12 ਅਤੇ 11 ਅਛਰਾਂ ਪਰ ਵਿਸ਼੍ਰਾਮ. SSS, SSS. SSS, SSS, SSS. SSS, SSS, S, S. ਉਦਾਹਰਣ—

ਦੇਖੋ ਜੂ ਕੈਸੇ ਏ ਝੰਡੇ ਜੋ ਝੂਲੇ ਹੈਂ,
ਧੌਂਸੇ ਕੀ ਧੁੰਕੋਂ ਸੇ ਸੰਭੂ ਭਾ ਭੋਲਾ,†
ਜੈਸੀ ਤੋ ਆਭਾ ਹੈ ਰਾਗੀ ਕੇ ਰਾਗੋਂ ਕੀ,
ਤੈਸੋ ਹੀ ਮੀਠੋ ਹੈ ਪਜਾਰੋਂ ਕਾ ਬੋਲਾ,
ਸਿੰਘੋਂ ਕੀ ਸੋਭਾ ਪੈ ਵਾਰੀ ਹੌਂ ਘੋਲੀ ਹੌਂ,
ਆਛੇ ਹੈਂ ਹੀਯੇ ਕੋ ਤਾਲਾ ਹੈ ਖੋਲਾ,
ਬਾਂਕੇ ਹੈਂ ਜੋਧੇ ਹੈਂ ਪ੍ਰੇਮੀ ਹੈਂ ਨੇਮੀ ਹੈਂ,
ਯਾਂਹੀ ਤੇ ਪਜਾਰੇ ਜੂ ਖੇਲੀਏ ਹੋਲਾ. [ਸਿੱਖੀ ਪ੍ਰਭਾਕਰ]

**9. ਸਵੈਯੇ ਦਾ ਨੌਮਾ ਰੂਪ ਹੈ "ਮਦਿਰਾ".**

ਲਛਣ—ਚਾਰ ਚਰਣ, ਪ੍ਰਤਿ ਚਰਣ ਸੱਤ ਭਗਣ, ਅੰਤ ਇੱਕ ਗੁਰੁ. S।।, S।।, S।।, S।।, S।।, S।।, S।।, S. ਉਦਾਹਰਣ—

ਸੰਤਤ ਹੀ ਸਤਸੰਗਤਿ ਸੰਗ ਸੁ,
ਰੰਗ ਰਤੇ ਜਸ ਗਾਵਤ ਹੈਂ. × × ×

[ਸ੍ਰੀ ਗੁਰੂ ਗ੍ਰੰਥ ਸਾਹਿਬ ਸਵੈਯੇ ਮ: 4 ਕੇ]

---

*ਚੰਦਨ. †ਦੀਵਾਨਾ.

ਤੂਣਿ ਕਸੇ ਕਟਿ ਚਾਪ ਗਹੇ ਕਰ ਕੋਪ ਕਹੀ ਦਿਜ ਰਾਮ ਅਹੋ !
ਤੋਰ ਸਰਾਸਨ ਸ਼ੰਕਰ ਕੋ ਗ੍ਰਿਹਿ ਜਾਤ ਚਲੇ ਤੁਮ ਕੌਨ ਕਹੋ ?
ਸਾਚ ਕਹੋ ਬਿਨ ਪ੍ਰਾਣ ਬਚੈਂ ਨਹਿ ਕੰਠ ਕੁਠਾਰ ਕਿ ਧਾਰ ਸਹੋ,
ਜਾਹੁ ਚਲੇ ਤਜ ਰਾਮ ਰਣੰ ਜਿਨ ਜੂਝ ਮਰੋ ਪਲ ਠਾਢ ਰਹੋ.*

[ਦਸਮਗ੍ਰੰਥ, ਰਾਮਾਵਤਾਰ]

10. **ਸਵੈਯੇ ਦਾ ਦਸਮਾ ਰੂਪ ਹੈ "ਮੱਤਗਯੰਦ" ਛੰਦ ਗ੍ਰੰਥਾਂ ਵਿਖੇ ਇਸ ਦਾ ਨਾਮ "ਇਦਵ" ਅਤੇ "ਮਾਲਤੀ" ਭੀ ਦੇਖੀਦਾ ਹੈ. ਦਸਮਗ੍ਰੰਥ ਵਿਖੇ ਇਸ ਦੀ "ਬਿਜੈ" ਸੰਗਯਾ ਭੀ ਹੈ.**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਸੱਤ ਭਗਣ, ਅੰਤ ਦੋ ਗੁਰੁ. ऽ।।, ऽ।। ऽ।।, ऽ।।, ऽ।।, ऽ।।, ऽ।।, ऽ, ऽ. ਉਦਾਹਰਣ—

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿੱਖ ਭਵਾਨ ਜਪੈਂਗੇ,
ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲਮੈ ਸਭ ਥਾਪ ਥਪੈਂਗੇ,
ਪੁੰਨ ਪ੍ਰਤਾਪਨ ਬਾਢਤ ਜੈਧੁਨਿ ਪਾਪਨ ਕੇ ਬਹੁ ਪੁੰਜ ਖਪੈਂਗੇ,
ਸਾਧੁ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰੁ ਸਭੈ ਅਵਿਲੋਕ ਚਪੈਂਗੇ.

[ਅਕਾਲ ਉਸਤਤਿ]

11. **ਸਵੈਯੇ ਦਾ ਗਯਾਰਮਾ ਰੂਪ ਹੈ "ਚਕੋਰ." ਦੇਖੋ, ਚਿਤ੍ਰਪਦਾ ਦਾ ਰੂਪ 2.**

12. **ਸਵੈਯੇ ਦਾ ਬਾਰਮਾ ਰੂਪ ਹੈ "ਅਰਸਾਤ".**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਸੱਤ ਭਗਣ, ਇੱਕ ਰਗਣ. ऽ।।, ऽ।।, ऽ।।, ऽ।।, ऽ।।, ऽ।।, ऽ।।,ऽ।ऽ. ਉਦਾਹਰਣ—

ਸ੍ਵੈ ਨਿਜ ਪਾਯ ਪ੍ਰਮੋਦ ਸਦਾ
ਸ਼ਬ ਆਦਿ ਵਿਰੰਚਿ ਵਿਕੁੰਠ ਲਖੇ ਵਿਖਾ,
ਜਾਂ ਸੁਭ ਕੀਰਤਿ ਕੋ ਜਗ ਮੈ
ਗਣ ਨਾਯਕ ਸਾਰਦ ਹੂੰ ਨ ਸਕੈਂ ਲਿਖਾ,
ਹੈ ਕਚ ਦੀਪਤਿ ਚਿੰਤਮਣੀ ਸਮ
ਉਜਲ ਅੰਮ੍ਰਿਤ ਸੀ ਲਿਖਨੀ ਇਖਾ,
ਮੂਰਤਿ ਸ੍ਰੀ ਗੁਰੂ ਭੇਦ ਨ ਰੰਚਕ
ਧੰਨ ਗੁਰੂ ਅਰ ਧੰਨ ਗੁਰੂ ਸਿਖਾ. [ਸਿੱਖੀ ਪ੍ਰਭਾਕਰ]

13. **ਸਵੈਯੇ ਦਾ ਤੇਰਮਾ ਰੂਪ ਹੈ "ਰਮਜ".**

ਲਕ੍ਸ਼ਣ—ਪਹਿਲੇ ਚਰਣ ਵਿੱਚ ਸੱਤ ਭਗਣ, ਇਕ ਗੁਰੁ. ਪਿਛਲੇ ਤਿੰਨ ਚਰਣਾਂ ਵਿੱਚ ਅੱਠ

---

*ਪਰਸ਼ੁਰਾਮ ਦਾ ਰਾਮ ਚੰਦ੍ਰ ਜੀ ਪ੍ਰਤਿ ਕਥਨ ਹੈ.

ਅੱਠ ਸਗਣ. ਉਦਾਹਰਣ —

ਭੇਜਤ ਹੈ ਇਹ ਪੈ ਹਮ ਕੋ
ਇਹ ਗ੍ਵਾਰਨਿ ਰੂਪ ਗੁਮਾਨ ਕਰੈ,
ਇਹ ਜਾਨਤ ਵੇ ਘਟ ਹੈਂ ਹਮ ਤੇ
ਤਿਂਹ ਤੇ ਹਠ ਬਾਂਧ ਰਹੀ ਨ ਟਰੈ,
ਕਵਿ ਸਜਾਮ ਪਿਖੋ ਇਹ ਗ੍ਵਾਰਨਿ ਕੀ ਮਤਿ
ਸਜਾਮਹਿ ਕੋਪ ਨ ਨੈਕ ਡਰੈ,
ਤਿਂਹ ਸੋਂ ਬਲ ਜਾਉਂ ਕਹਾਂ ਕਹਿਯੇ
ਤਿਂਹ ਲਜਾਵਹੁ ਜੋ ਮੁਖ ਤੇ ਉਚਰੈ.

[ਦਸਮਗ੍ਰੰਥ, ਕ੍ਰਿਸਨਾਵਤਾਰ]

**14. ਸਵੈਯੇ ਦਾ ਚੌਦਮਾ ਰੂਪ ਹੈ "ਕਿਰੀਟ".**

ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਭਗਣ. ऽ।।, ऽ।।, ऽ।।, ऽ।।, ऽ।।, ऽ।।, ऽ।।, ऽ।।. ਉਦਾਹਰਣ—

ਬੰਦ ਨ ਹੋਤ ਸੁਨੈ ਉਪਦੇਸ਼
ਰਿਦੇ ਬਸ ਜਾਂਹਿ ਕਰੋ ਅਭਿਨੰਦਨ,*
ਨੰਦਨ ਫੇਰੁ ਸੁਛੰਦ ਬਲੰਦ
ਵਿਲੋਚਨ ਸੁੰਦਰਤਾ ਅਰਬਿੰਦਨ,
ਬਿੰਦ ਨ ਮੰਦ ਵਿਕਾਰ ਰਹੈਂ
ਤਮ ਬ੍ਰਿੰਦ ਦਿਨਿੰਦ ਮਨਿੰਦ ਨਿਕੰਦਨ,
ਕੰਦ ਅਨੰਦ ਮੁਕੰਦ ਭਜੋ
ਗੁਰੂ ਅੰਗਦ ਚੰਦ ਸਦਾ ਕਰ ਬੰਦਨ.

[ਗੁਰੁਪ੍ਰਤਾਪ ਸੂਰਜ]

ਚੰਡ ਪ੍ਰਚੰਡ ਤਥੈ ਬਲ ਧਾਰ
ਸੰਭਾਰ ਲਈ ਕਰਵਾਰ ਕਰੀ ਕਰ. × × ×

[ਚੰਡੀ ਚਰਿਤ੍ਰ 1

**15. ਸਵੈਯੇ ਦਾ ਪੰਦ੍ਰਮਾ ਰੂਪ ਹੈ ਗਣਛੰਦ "ਦੁਰਮਿਲ." ਇਸ ਦਾ ਨਾਮ 'ਚੰਦ੍ਰਕਲਾ' ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਸਗਣ. ।।ऽ, ।।ऽ, ।।ऽ, ।।ऽ, ।।ऽ, ।।ऽ, ।।ऽ, ।।ऽ ਉਦਾਹਰਣ—

---

*ਸੰਤੋਖ. ਸ਼ਾਂਤਿ.

ਮਥੁਰਾ ਭਨ ਭਾਗ ਭਲੇ ਉਨ ਕੇ
ਮਨਇੱਛਿਤ ਹੀ ਫਲ ਪਾਵਤ ਹੈਂ. × × ×

[ਗੁਰੁਗ੍ਰੰਥਸਾਹਿਬ, ਸਵੈਯੇ ਮ: 4 ਕੇ]

ਫਿਰ ਬਾਜਤ ਡੰਕ ਅਤੰਕ ਸਮੈ
ਰਣ ਰੰਗ ਤੁਰੰਗ ਨਚਾਵਹਿੰਗੇ,
ਕਸ ਬਾਨ ਕਮਾਨ ਗਦਾ ਬਰਛੀ
ਕਰ ਸੂਲ ਤ੍ਰਿਸੂਲ ਭ੍ਰਮਾਵਹਿੰਗੇ,
ਗਣ ਦੇਵ ਅਦੇਵ ਪਿਸਾਚ ਪਰੀ
ਰਣ ਦੇਖ ਸਬੈ ਰਹਿਸਾਵਹਿੰਗੇ,
ਭਲ ਭਾਗ ਭਯਾ ਇਹ ਸੰਭਲ ਕੇ
ਹਰਿ ਜੂ ਹਰਿਮੰਦਿਰ ਆਵਹਿੰਗੇ.

[ਦਸਮਗ੍ਰੰਥ, ਕਲਕੀ]

ਰਸ ਬੀਰ ਭਰੇ ਜਨ ਧੀਰ ਕਰੇ
ਬਹੁ ਪੀਰ ਹਰੇ ਭਵ ਫੰਦਨ ਕੇ,
ਸੁਖ ਮੂਲ ਭਲੇ ਅਨੁਕੂਲ ਢਲੇ
ਰਿਪੁ ਸੂਲ ਮਿਲੇ ਅਘ ਕੰਦਨ ਕੇ,
ਸਿਖ ਪਾਠ ਹਿਲੇ ਦੁਖ ਦੋਖ ਦਲੇ
ਕਰ ਕਾਜ ਚਲੇ ਸੁ ਅਨੰਦਨ ਕੇ,
ਅਤਿ ਮਿਤ੍ਰ ਪਵਿਤ੍ਰ ਵਿਚਿਤ੍ਰ ਚਰਿਤ੍ਰਿ
ਤੇਗ ਬਹਾਦੁਰ ਨੰਦਨ ਕੇ.

[ਗੁਰੁਪ੍ਰਤਾਪ ਸੂਰਯ]

16. **ਸਵੈਯੇ ਦਾ ਸੋਲਮਾ ਰੂਪ ਹੈ "ਸੁੰਦਰੀ". ਇਸ ਨੂੰ "ਸੁਖਦਾਨੀ"—"ਮਨਮੋਦਕ" ਅਤੇ "ਮੱਲੀ" ਭੀ ਆਖਦੇ ਹਨ.**

ਲਕਣ—ਚਾਰ ਚਰਣ, ਪ੍ਰਤਿ ਚਰਣ ਅੱਠ ਸਗਣ, ਅੰਤ ਇੱਕ ਗੁਰੁ. ।।S, ।।S, ।।S, ।।S, ।।S, ।।S, ।।S, ।।S, S. ਉਦਾਹਰਣ—

ਪਰ ਨਿੰਦ ਦਗਾ ਚੁਗਲੀ ਨ ਕਰੈ ਜਗ
ਆਪਸ ਤੇ ਨ ਬਡੋ ਬਨ ਬੈਸੇ,
ਨਿਜ ਪੂਜ ਪ੍ਰਸੰਸ ਨ ਨੈਕ ਭਨੈ
ਨਿਰਮਾਨ ਅਲੋਭ ਗਰੂ ਗਿਰਿ ਜੈਸੇ,
ਨ ਤਪਾਯ ਦੁਖਾਯ ਨ ਭੂਲ ਕਿਸੇ
ਯਦਿ ਹੈ ਸਪ੍ਰਮਾਦ ਪਗੈਂ ਲਗ ਭੈਸੇ,

ਨਿਸਕਾਮ ਸਦਾ ਸੁਭ ਰੀਤਿ ਧਰੈ
ਉਪਦੇਸ਼ ਭਲੋ ਪ੍ਰਦ ਹੈ੍ਰ ਸਿਖ ਐਸੇ. [ਸਿੱਖੀ ਪ੍ਰਭਾਕਰ]

17. **ਸਵੈਯੇ ਦਾ ਸਤਾਰਮਾ ਰੂਪ ਹੈ "ਰਤਨਮਾਲਿਕਾ" ਇਸ ਨੂੰ "ਅਰਬਿੰਦ" ਭੀ ਆਖਦੇ ਹਨ.**

ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਸਗਣ, ਇੱਕ ਲਘੁ. IIS, IIS, IIS IIS, IIS, IIS, IIS, IIS, I. ਉਦਾਹਰਣ—

ਬਲ ਵੈਸ ਕਟੈ ਛਬਿ ਅੰਗ ਲਟੈ
ਜਗ ਮਾਨ ਘਟੈ ਪਲਟੈ ਕੁਲਚਾਲ,
ਭਲ ਨੀਤਿ ਡਗੈ ਜਸ ਪੁੰਨ ਭਗੈ
ਚਿਤ ਚਿੰਤ ਜਗੈ ਨ ਲਗੈ ਪ੍ਰਭੁ ਨਾਲ,
ਤਨ ਰੋਗ. ਬਢੈ ਅਤਿ ਪਾਪ ਚਢੈ
ਸੁਚਿ ਤੇਜ ਕਢੈ ਸੁ ਮਢੈ ਜਗ ਜਾਲ,
ਖਲ ਬਾਲਬਧੂ* ਮੁਧ ਰੰਚਿਕ ਕਾਰਨ
ਫੇਂਕਤ ਬਿੰਦੁ ਅਮੋਲਕ ਲਾਲ.

[ਨਿਰਮਲ ਪ੍ਰਭਾਕਰ]

18. **ਸਵੈਯੇ ਦਾ ਅਠਾਰਮਾ ਰੂਪ ਹੈ "ਕੁੰਦਲਤਾ" ਇਸ ਨੂੰ "ਸਾਵਨ"-"ਸੁਖ" ਅਤੇ "ਹਾਰ" ਭੀ ਆਖਦੇ ਹਨ.**

ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਸਗਣ, ਦੋ ਲਘੁ. IIS, IIS, IIS, IIS, IIS, IIS, IIS, IIS, I, I. ਉਦਾਹਰਣ—

ਜਰ ਜਾਇ ਨਹੀ ਕਿਸ ਤੇ ਅਜਰੀ
ਅਸ ਪਾਇ ਗਏ ਸਗਰੀ ਉਰ ਮੇ ਜਰ,
ਜ਼ਰਬੇਂ† ਜਿਨ ਕੀ ਅਵਿਲੋਕ ਜਰਾਇਕ
ਦੂਰ ਕਰੀ ਗਨ ਦੋਖਨ ਕੀ ਜਰ,‡
ਜਰਤੇ ਵਿਸਜਾਗਨਿ ਮੇ ਜਨ ਜੇ
ਸਰਨਾਗਤ ਹੀ ਜਲ ਨਾਮ ਰਿਦੇ ਜਰ,
ਜ਼ਰ§ ਗਜ਼ਾਨ ਦਯੋ ਹਰ ਦਾਰਦ ਮੋਹ
ਨਮੋ ਗੁਰੁ ਅੰਗਦ ਹ੍ਵੈ ਨਿਤ ਹਾਜਰ.

[ਗੁਰੁਪ੍ਰਤਾਪ ਸੂਰਜ]

---

*ਵਾਰਵਧੂ ਵੇਸ਼ਯਾ.
†ਮਨ ਉੱਪਰ ਅਸਰ ਕਰਨ ਵਾਲੇ ਆਚਾਰ.
‡ਜੜ. ਮੂਲ. §ਧਨ.

### 19. ਸਵੈਯੇ ਦਾ ਉਨੀਹਮਾ ਰੂਪ ਹੈ "ਸੁਰਧੁਨਿ".

ਲਛਣ—ਚਾਰ ਚਰਣ, ਪਹਿਲੇ ਚਰਣ ਵਿਖੇ ਅੱਠ ਸਗਣ ਅਤੇ ਇਕ ਗੁਰੁ. ਤਿੰਨ ਚਰਣ ਵਿਖੇ ਸੱਤ ਸੱਤ ਭਗਣ, ਦੋ ਗੁਰੁ. ਉਦਾਹਰਣ—

ਹਰਿ* ਸੋ ਮੁਖ ਹੈ ਹਰਤੀ ਦੁਖ ਹੈ
ਅਲਕੈਂ ਹਰਹਾਰ† ਪ੍ਰਭਾ ਹਰਨੀ ਹੈ.
ਲੋਚਨ ਹੈਂ ਹਰਿ‡ ਸੇ ਸਰਸੇ
ਹਰਿ§ ਸੇ ਭਰਟੇ ਹਰਿ[1] ਸੀ ਬਰੁਨੀ ਹੈ,
ਕੇਹਰਿ ਸੋ ਕਰਿਹਾਂ[2] ਚਲਥੋ ਹਰਿ[3]
ਪੈ[4] ਹਰਿ[5] ਕੀ ਹਰਨੀ ਤਰਨੀ ਹੈ,
ਹੈ ਕਰ ਮੇ ਹਰਿ[6] ਪੈ ਹਰਿ[7] ਸੋ ਹਰਿ[8]
ਰੂਪ ਕਿਯੇ ਹਰ[9] ਕੀ ਧਰਨੀ ਹੈ.

[ਦਸਮਗ੍ਰੰਥ, ਚੰਡੀ ਚਰਿਤ੍ਰ 1]

### 20. ਸਵੈਯੇ ਦਾ ਵੀਹਮਾ ਰੂਪ ਹੈ "ਮਨੋਜ".

ਲਛਣ—ਪਹਿਲੇ ਚਰਣ ਵਿਖੇ ਅੱਠ ਸਗੁਣ, ਦੋ ਲਘੁ. ਤਿੰਨ ਚਰਣਾ ਵ੍ਰਿਖੇ ਅੱਠ ਅੱਠ ਭਗਣ. ਉਦਾਹਰਣ—

ਬ੍ਰਿਖ ਭਾਨੁ ਸੁਤਾ ਪਿਖ ਰੀਝ ਰਹ।
ਅਤਿ ਸੁੰਦਰਿ ਸੁੰਦਰ ਕਾਨ੍ਹਕੁ ਆਨਨ,
ਰਾਜਤ ਤੀਰ ਨਦੀ ਜਿ[illegible] ਕੇ
ਸੁ ਵਿਰਾਜਤ ਫੂਲਨ ਕੇ [illegible] ਕਾਨਨ,
ਨੈਨਨ ਭਾਵਨ ਸੋ ਹਰਿ ਕੋ ਮਨ
ਮੋਹ ਲਯੋ ਰਸ ਕੀ ਅਭਿਮਾਨਨ,
ਜਜੇਰ[10] ਸੁਲੋਕਨ[11] ਭੌਹਨ ਲੈ ਧਨੁ
ਨੈਨਨ ਸੈਨ ਸੁ ਕੰਜ ਸ ਬਾਨਨ.

[ਦਸਮਗ੍ਰੰਥ, ਕ੍ਰਿਸਨਾਵਤਾਰ]

### 21. ਸਵੈਯੇ ਦਾ ਇਕੀਹਮਾ ਰੂਪ ਹੈ "ਮਣਿਧਰ".

ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਯਗਣ SS, ISS, ISS, ISS, ISS, ISS ISS, ISS. ਉਦਾਹਰਣ—

---

*ਚੰਦ੍ਰਮਾ. †ਸਰਪ. ‡ਕਮਲ. §ਧਨੁਖ. 1 ਤੀਰ.
2 ਕਟਿ. ਲੱਕ. 3 ਹਾਥੀ. 4 ਪ੍ਰਭਾ. 5 ਸੂਰਯ.
6 ਖੜਗ. 7 ਵਿਸਨੁ. 8 ਸਿੰਘ. 9 ਸ਼ਿਵ.
10 ਪਨਚ. ਚਿੱਲਾ. 11 ਸੁੰਦਰ ਅਵਿਲੋਕਨ. ਬਾਂਕੀ ਚਿਤਵਨ.

ਜਿਤੀ ਵਾਸਨਾ ਏਕ ਹੀ ਬਾਸਨਾ ਮੇ
ਜਿਤੇ ਅੰਗ ਸੋ ਏਕ ਹੀ ਅੰਗ ਮੇ ਹੈਂ,
ਜਿਤੀ ਜੋਤਿ ਸੋ ਇਕਹੀ ਜੋਤਿ ਜਾਗੈ
ਜਿਤੇ ਸੰਗ ਸੋ ਏਕਹੀ ਸੰਗ ਮੇ ਹੈਂ,
ਜਿਤੇ ਦੇਵ ਸੋ ਏਕ ਹੀ ਸਿੰਧੁ ਫੇਨੂ
ਜਿਤੀ ਗੰਗ ਸੋ ਏਕ ਹੀ ਗੰਗ ਮੇ ਹੈਂ,
ਜਿਤੇ ਮੋਦ ਸੋ ਏਕਹੀ ਮੋਦਿਤਾ ਮੇ
ਜਿਤੇ ਰੰਗ ਸੋ ਏਕਹੀ ਰੰਗ ਮੇ ਹੈਂ.

[ਨਿਰਮਲ, ਪ੍ਰਭਾਕਰ]

ਦੇਖੋ, ਝੂਲਨਾ ਦਾ ਪਹਿਲਾ ਰੂਪ, ਅਤੇ ਭੁਜੰਗ ਪ੍ਰਯਾਤ ਦਾ ਰੂਪ 4.

**22. ਸਵੈਯੇ ਦਾ ਬਾਈਮਾ ਰੂਪ, ਹੈ "ਗੰਗਾਧਰ" ਅਥਵਾ "ਗੰਗੋਦਕ". ਇਸ ਨੂੰ "ਖੰਜਨ" ਭੀ ਆਖਦੇ ਹਨ.**

ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਰਗਣ, SIS, SIS, SIS, SIS, SIS SIS, SIS, SIS. ਉਦਾਹਰਣ—

ਲੋਭ ਔ ਝੂਠ ਕੋ ਤਜਾਂਗਕੈ ਸੱਜਨੋ !
ਸਤ੍ਯ ਸੰਤੋਖ ਕੋ ਚਿੱਤ ਮੇ ਧਾਰਿਯੇ,
ਕਾਮਨਾ ਮੰਦ ਹੈ ਮੂਲ ਦੁੱਖਾਨ ਕੀ
ਤਾਂਹਿ ਕੋ ਗ੍ਯਾਨ ਸੇ ਨਿਤ੍ਯ ਹੀ ਮਾਰਿਯੇ,
ਸੰਤ ਕੋ ਸੰਗਕੈ ਸੰਗਕੈ ਪਾਪ ਤੇ
ਭਾਖਕੈ ਬੋਲ ਕੋ ਖੂਬਹੀ ਪਾਰਿਯੇ,
ਹੋਯਕੈ ਸਿੱਖ ਲੈ ਸਿੱਖ ਸ੍ਰੀ ਗ੍ਰੰਥ ਕੀ
ਪੋਤ ਕੋ ਰੂਪ ਹ੍ਵੈ ਔਰ ਕੋ ਤਾਰਿਯੇ.

**23. ਸਵੈਯੇ ਦਾ ਤੇਈਮਾ ਰੂਪ ਹੈ "ਉਟੰਕਣ".**

ਲਛਣ—ਚਾਰ ਚਰਣ, ਪ੍ਰਤਿ ਚਰਣ ਸੱਤ ਰਗਣ ਅਤੇ ਇੱਕ ਗੁਰੁ. ਉਦਾਹਰਣ—

ਚੌਰ ਚੰਦ੍ਰੰ ਕਰੰ ਛਤ੍ਰ ਸੂਰੰ ਧਰੰ
ਬੈਦ ਬ੍ਰਹਮਾ ਰਰੰ ਦ੍ਵਾਰ ਮੇਰੇ. × × ×

[ਦਸਮਗ੍ਰੰਥ, ਰਾਮਾਵਤਾਰ]

ਦੇਖੋ, ਉਟੰਕਣ.

**24. ਸਵੈਯੇ ਦਾ ਚੌਬੀਹਵਾਂ ਭੇਦ ਹੈ "ਸੁੰਦਰਿ"**

ਲਛਣ—ਪ੍ਰਤਿ ਚਰਣ ਸ, ਸ, ਭ, ਸ, ਤ, ਜ, ਜ, ਲ, ਗ. IIS, IIS, SII, IIS, SSI, ISI, ISI, I, S. ਉਦਾਹਰਣ—

ਮੁਨਿ ਦੇਵ ਨ ਪਾਵੈਂ ਥਕ ਮਤਿ ਗਾਵੈਂ

ਹੈ ਬਿਨ ਆਦਿ ਅਨੰਤ ਗੁਰੂ. × × ×

**25. ਸਵੈਯੇ ਦਾ ਪੰਚੀਹਵਾਂ ਰੂਪ ਹੈ "ਵਾਮ" ਇਸ ਨੂ 'ਮਕਰੰਦ" "ਮਾਧਵੀ" ਅਤੇ " ਮੰਜਰੀ" ਭੀ ਆਖਦੇ ਹਨ.**

ਲਛਣ—ਪ੍ਰਤਿ ਚਰਣ ਸੱਤ ਜਗਣ ਅਤੇ ਇਕ ਯਗਣ. ।S।, ।S।, ।S।, ।S।, ।S।, ।S।, ।S। ।SS. ਉਦਾਹਰਣ—

ਕਰੋ ਨ ਬੁਰਾ ਕਿਹਿਕੋ ਕਬਿ ਹੀ

ਮ੍ਰਿਦੁ ਬੈਨ ਭਨੋ ਤਜਕੈ ਕੁਟਿਲਾਈ. × × ×

**26. ਸਵੈਯੇ ਦਾ ਛਬੀਹਵਾ ਭੇਦ ਹੈ "ਮੱਤਾਕ੍ਰੀੜਾ"**

ਲਛਣ—ਪ੍ਰਤਿ ਚਰਣ ਮ, ਮ, ਤ, ਨ, ਨ, ਨ, ਨ, ਲ, ਗ. SSS, SSS, SS।, ।।।, ।।।, ।।।, ।।।, ।, S. ਉਦਾਹਰਣ—

ਪਾਵੈ ਵਿਦਜਾ ਧਾਰੈ ਸਿੱਖੀ

ਕਬਹੁ ਨ ਧਰਤ ਕੁਪਥ ਮਗ ਨਰ ਸੋ. × × ×

**27. ਸਵੈਯੇ ਦਾ ਸਤਾਈਹਵਾਂ ਰੂਪ ਹੈ "ਆਭਾਰ" ਇਸਨੂ "ਪਾਤਾਲ" ਭੀ ਆਖਦੇ ਹਨ.**

ਲਛਣ—ਪ੍ਰਤਿ ਚਰਣ ਅੱਠ ਤਗਣ. SS।, SS।, SS।, SS।, SS।,. SS।, SS।, SS।. ਉਦਾਹਰਣ—

ਜਾਪੈਂ ਨ ਤਾਂਕੋ ਜੁ ਹੈ ਸਵੰਦਾਤਾ

ਕਹਾਂ ਹੋਯ ਪੂਜੇ ਨਦੀ ਕੂਪ ਪਾਖਾਨ ?

ਰਾਖਾ ਨ ਹੋਵੇ ਕਦੀ ਅੰਤ ਵੇਲੇ

ਬਿਨਾਂ ਸ਼੍ਰੀ ਪ੍ਰਭੂ ਬਾਤ ਤੂ ਸਤਜ਼ਕੈ ਜਾਨ. × × ×

**28 ਸਵੈਯੇ ਦਾ ਅਠਾਈਹਵਾਂ ਰੂਪ ਹੈ "ਸੁਮੁਖੀ". ਇਸ ਦਾ ਨਾਮ "ਮੱਲਿਕਾ" ਅਤੇ "ਮਾਨਿਨੀ" ਭੀ ਹੈ.**

ਲਛਣ—ਪ੍ਰਤਿ ਚਰਣ ਸੱਤ ਜਗਣ ਅੰਤ ਲਘੁ ਗੁਰੁ. ।S। ।S।, ।S।, ।S।, ।S।, ।S।, ।S।, ।, S. ਉਦਾਹਰਣ—

ਜੁ ਮਾਨਤ ਹੈਂ ਗੁਰੁਵਾਕਨ ਕੋ

ਰਹਿਤੇ ਜਗ ਮਾਹਿ ਕਦੀ ਨ ਦੁਖੀ,

ਰਹੈ ਨ ਕਮੀ ਧਨ ਧਾਨ ਭਰੇ

ਗ੍ਰਹਿ ਆਤਮ ਦੇਹ ਸਦੀਵ ਸੁਖੀ. × × ×

**29. ਸਵੈਯੇ ਦਾ ਉਣਤੀਹਵਾਂ ਰੂਪ ਹੈ "ਕ੍ਰੌਂਚ".**

ਲਛਣ—ਪ੍ਰਤਿ ਚਰਣ ਭ, ਮ, ਸ, ਭ, ਨ, ਨ, ਨ, ਨ, ਗ. S।।, SSS, ।।S, S।।, ।।।, ।।। ।।।, ।।।, S. 5—5—8—7 ਅੱਖਰਾਂ ਪਰ ਚਾਰ ਵਿਸ਼੍ਰਾਮ. ਉਦਾਹਰਣ—

ਪ੍ਰੇਮ ਵਿਹੀਨਾ, ਪਾਇ ਨ ਸ਼ਾਂਤੀ,
ਯਦਪਿ ਧਰਤਿ ਧਨ, ਅਗਨਿਤ ਧਰਹੀ,
ਤਾਪ ਰਿਦੇ ਤੇ, ਦੂਰ ਨ ਹੋਵੈ,
ਜਪ ਤਪ ਵ੍ਰਤ ਪੁਨ, ਪੁਨ ਨਰ ਕਰਹੀ. × × ×

**30. ਸਵੈਯੇ ਦਾ ਤੀਹਵਾਂ ਰੂਪ ਹੈ "ਝੂਲਨਾ". ਦੇਖੋ ਝੂਲਨਾ ਦਾ ਦੂਜਾ ਰੂਪ.**

**31. ਸਵੈਯੇ ਦਾ ਇਕਤੀਹਵਾਂ ਰੂਪ ਹੈ "ਮੁਕ੍ਹਰਾ".**

ਲਛਣ—ਪ੍ਰਤਿ ਚਰਣ—ਅੱਠ ਜਗਣ ।ऽ।. ਉਦਾਹਰਣ —

ਵਿਲੋਕ ਗੁਰੂਮੁਖ ਪੰਕਜ ਸਿੱਖ
ਰਹੇ ਹੁਇ ਭੌਰ ਰਸੀ ਮਕਰੰਦ. × × ×

**32. ਸਵੈਯੇ ਦਾ ਬਤੀਹਵਾਂ ਰੂਪ ਹੈ "ਲਵੰਗਲਤਾ."**

ਲਛਣ—ਪ੍ਰਤਿ ਚਰਣ ਅੱਠ ਜਗਣ ।ऽ।, ਅੰਤ ਲਘੁ ।. ਉਦਾਹਰਣ—

ਜਿਨ੍ਹੈ ਨ ਕਛ ਕਵਿਤਾ ਰਸ ਹੈ,
ਨਹਿ ਰਾਗ ਵਿਖੇ ਮਨ ਰਾਗ ਲਗਾਵਤ,
ਜਪੈਂ ਨਹਿ ਵਾਹਿਗੁਰੂ ਗੁਰੁਮੰਤ੍ਰ
ਸਰੂਪ ਮਨੁੱਖ ਨਜ਼ਰਾਵਤ. × × ×

**33. ਸਵੈਯੇ ਦਾ ਤੇਤੀਹਵਾਂ ਰੂਪ ਹੈ "ਸਰਵਗਾਮੀ".**

ਲਛਣ—ਪ੍ਰਤਿ ਚਰਣ ਸੱਤ ਤਗਣ ऽऽ।, ਅੰਤ ਦੋ ਗੁਰੁ. ऽऽ. ਉਦਾਹਰਣ —

ਗਾਜੇ ਮਹਾਂ ਸੂਰ ਘੂੰਮੀ ਰਣੰ
ਹੂਰ ਭੂੰਮੀ ਨਭੰ ਪੂਰ ਬੇਖੰ ਅਨੂਪੰ. × × ×

[ਦਸਮਗ੍ਰੰਥ, ਰਾਮਾਵਤਾਰ]

ਜਾਂਕੋ ਰਿਦਾ ਹੈ ਕ੍ਰਿਪਾ ਸਾਥ ਪੂਰਜੋ
ਪ੍ਰਜਾ ਪਜਾਰ ਵਾਸੈ ਸਦਾ ਚਿੱਤ ਮਾਹੀਂ,
ਮੰਤ੍ਰੀ ਤਬਾ ਸੇਨ ਹੈਂ ਵਾਰਤੇ ਪ੍ਰਾਣ ਕੋ
ਤਾਂਹਿ ਕੋ ਰਾਜ ਕੈ ਹੋਤ ਨਾਹੀਂ. × × ×

**34. ਸਵੈਯੇ ਦਾ ਚੌਤੀਹਵਾਂ ਰੂਪ ਹੈ "ਸਾਰਦਾ."**

ਲਛਣ—ਪ੍ਰਤਿ ਚਰਣ ਸੱਤ ਰਗਣ ऽ।ऽ, ਅੰਤ ਗੁਰ ਲਘੁ ऽ, । ਉਦਾਹਰਣ—

ਧੀਰ ਗੰਭੀਰ ਹੈ ਗਜ਼ਾਨ ਕੋ ਪੁੰਜ ਹੈ
ਪ੍ਰੇਮ ਕੋ ਰੂਪ ਹੈ ਸ਼ਤ੍ਰ ਕੋ ਕਾਲ
ਦੀਨਤਾ ਹੀਨ ਲੈਲੀਨ ਉਦਜੋਗ ਮੇ
ਦਾਨ ਦਾਤਾਰ ਹੈ ਖ਼ਾਲਸਾ ਲਾਲ. × × ×

**ਸ਼ਾਟਕ** ਦੇਖੋ, ਸ਼ਾਰਦੂਲ ਵਿਕ੍ਰੀੜਿਤ.

**ਸ਼ਾਬਾਸ** ਦੇਖੋ, ਸਬਾਸ.

## ਸਾਰ

**ਇਸ ਦਾ ਨਾਮ "ਲਲਿਤਪਦ" ਭੀ ਹੈ.**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ. 16 ਅਰ 12 ਮਾਤ੍ਰਾ ਪਰ ਵਿਸ਼੍ਰਾਮ, ਅੰਤ ਦੋ ਗੁਰੁ. ਉਦਾਹਰਣ—

ਥਿੱਤਿ ਵਾਰ ਨਾ ਜੋਗੀ ਜਾਣੈ, ਰੁੱਤਿ ਮਾਹੁ ਨਾ ਕੋਈ,
ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ,
ਕਿਵਕਰਿ ਆਖਾ ਕਿਵ ਸਾਲਾਹੀ ? ਕਿਉ ਵਰਨੀ ਕਿਵ ਜਾਣਾ ?
ਨਾਨਕ ਆਖਣਿ ਸਭ ਕੋ ਆਖੈ, ਇਕ ਦੂ ਇੱਕੁ ਸਿਆਣਾ.

[ਜਪੁ]

ਜੋਗੀ ਕਹਹਿ ਜੋਗ ਭਲ ਮੀਠਾ, ਅਵਰੁ ਨ ਦੂਜਾ ਭਾਈ.
ਰੁੰਡਿਤ ਮੁੰਡਿਤ ਏਕੈਸਬਦੀ, ਏਹ ਕਹਹਿ ਸਿਧਿ ਪਾਈ. × × ×

[ਗਉੜੀ ਕਬੀਰ ਜੀ]

ਗੁਰੁ ਕੈ ਸੰਗ ਰਹੈ ਦਿਨਰਾਤੀ, ਰਾਮ ਰਸਨਿ ਰੰਗ ਰਾਤਾ,
ਅਵਰ ਨ ਜਾਣਸ ਸਬਦ ਪਛਾਣਸ, ਅੰਤਰਿ ਜਾਣ ਪਛਾਤਾ × ×

[ਭੈਰਉ ਮਹਲਾ 1]

ਦੇਖੋ, ਅਸ਼ਟਪਦੀ ਦਾ ਰੂਪ 2, ਅਤੇ ਦੁਵੈਯੇ ਦਾ ਰੂਪ 2, ਤਥਾ ਲਲਿਤਪਦ.

2. **ਵਰਣਵ੍ਰਿਤ "ਸਾਰ" ਦਾ ਲਕ੍ਸ਼ਣ ਹੈ—ਚਾਰ ਚਰਣ, ਪ੍ਰਤਿ ਚਰਣ ਇੱਕ ਇੱਕ ਗੁਰੁ ਲਘੁ. ਉਦਾਹਰਣ—**

ਜਾਪ । ਤਾਪ । ਗਜ੍ਯਾਨ । ਧ੍ਯਾਨ ॥

**ਸਾਰਸ** ਦੇਖੋ, ਛੱਪਯ ਦਾ ਰੂਪ 10.

## ਸਾਰਸ੍ਵਤੀ

**ਦਸਮਗ੍ਰੰਥ ਵਿਖੇ "ਰੁਆਮਣ" "ਰੁਆਮਲ" "ਰੁਆਲ" "ਰੁਆਲਾ" "ਰੂਆਮਲ" ਅਤੇ "ਰੂਆਲ" ਇਸੇ ਛੰਦ ਦੇ ਨਾਮ ਹੈਨ.**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ—ਰ, ਸ, ਜ, ਜ, ਭ, ਗ, ਲ SIS, IIS, ISI, ISI, SII, S, I. ਅੱਠ ਅਤੇ ਨੌ ਅਕ੍ਸ਼ਰਾਂ ਪਰ ਵਿਸ਼੍ਰਾਮ. ਉਦਾਹਰਣ—

ਦੇਸ ਦੇਸਨ ਕੀ ਕ੍ਰਿਯਾ, ਸਿਖਵੰਤ ਹੈ ਦਿਜ ਏਕ,
ਬਾਨ ਔਰ ਕਮਾਨ ਕੀ, ਬਿਧਿ ਦੇਤ ਆਨ ਅਨੇਕ. × × ×

[ਦਸਮਗ੍ਰੰਥ, ਰਾਮਾਵਤਾਰ]

ਸਾਰਦਾ ਦੇਖੋ, ਸਵੈਯੇ ਦਾ ਰੂਪ 34.

ਸ਼ਾਰਦੂਲ ਦੇਖੋ, ਦੋਹਰੇ ਦਾ ਰੂਪ 3.

## ਸਾਰਦੂਲ ਵਿਕ੍ਰੀੜਿਤ

ਲਛਣ—ਚਾਰ ਚਰਣ, ਪ੍ਰਤਿ ਚਰਣ—ਮ, ਸ, ਜ, ਸ, ਤ, ਤ, ਗ. SSS, IIS, ISI IIS, SSI. SSI, S. ਬਾਰਾਂ ਅਰੁ ਸੱਤ ਅੱਖਰਾਂ ਪਰ ਵਿਸ਼੍ਰਾਮ. ਇਸ ਦਾ ਨਾਮ "ਸਾਟਕ" ਭੀ ਹੈ.

ਉਦਾਹਰਣ—

शिष्या ज्ञान हरो गुरुश्च गतिदो, गोविन्द एवापरो,
दुष्टान्नाशयितु च काल सदृशो, नासिंह एवापरा:,
पापाचार रतान्निहत्य धरंणी, संस्थापया मासय:,
तं वन्दे गुरु नानकं गुरुवरं, गोविन्द सिंहं गुरुम्.

[ਗੁਰੁ ਨਾਨਕ ਸਤੋਤ੍ਰ ਰਤਨਾਕਰ]

ਹੋਵੈ ਨਾ ਗੁਣਿਮਾਨ ਗ੍ਯਾਨ ਚਰਚਾ,
ਭਾਵੈ ਨਹੀ ਚਿੱਤ ਕੋ,
ਭਾਂਵੇਂ ਸ਼ਕ੍ਰ ਸਮਾਨ ਰਾਜ ਪ੍ਰਭੁਤਾ,
ਕੀਜੈ ਕਹਾਂ ਬਿੱਤ ਕੋ ? × × ×

## ਸਾਰਵਤੀ

ਲਛਣ—ਚਾਰ ਚਰਣ, ਪ੍ਰਤਿ ਚਰਣ ਤਿੰਨ ਭਗਣ, ਅੰਤ ਗੁਰੁ. SII, SII, SII, S.

ਉਦਾਹਰਣ—

ਗ੍ਯਾਨ ਵਿਚਾਰ ਨਹੀਂ ਜਿਨ ਕੋ,
ਕ੍ਯਾ ਉਪਦੇਸ਼ ਕਰੈਂ ਤਿਨ ਕੋ ? × × ×

## ਸਾਰੰਗਿਕ

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਯ, ਸ. III, ISS, IIS. ਉਦਾਹਰਣ—

ਗੁਰੁਜਨ ਸੇਵਾ ਕਰਿਯੇ,
ਹਿਤ ਕਰ ਸਿਖ੍ਯਾ ਧਰਿਯੇ. × × ×

## ਸਾਰੰਗੀ

ਲਛਣ—ਚਾਰ ਚਰਣ, ਪ੍ਰਤਿ ਚਰਣ ਪੰਜ ਮਗਣ. SSS, SSS, SSS, SSS, SSS. ਪਹਿਲਾ ਵਿਸ਼੍ਰਾਮ ਅੱਠ ਅੱਖਰਾਂ ਪਰ, ਦੂਜਾ ਸੱਤ ਪਰ. ਉਦਾਹਰਣ—

ਸੇਵੈਂ ਜਾਕੋ ਦੇਵੀ ਦੇਵਾ, ਪੂਜੈ ਸਾਧੂਸੰਗੀ ਹੈ,
ਵ੍ਯਾਪ੍ਯੋ ਸਾਰੇ ਏਕੋ ਸ੍ਵਾਮੀ, ਭਾਸੈ ਨਾਨ੍ਹਾ ਰੰਗੀ ਹੈ. × × ×

ਸਾਵਨ ਦੇਖੋ, ਸਵੈਯੇ ਦਾ ਰੂਪ 18.

## ਸਿਹਰਫ਼ੀ

**ਫ਼ਾਰਸੀ ਦੇ ਤੀਹ ਅੱਖਰਾਂ ਦੀ ਵਰਣ ਮਾਲਾ.** 2. ਤੀਹ ਅੱਖਰਾਂ ਦੀ ਵਯਾਖਯਾ ਰੂਪ ਛੰਦ-ਰਚਨਾ. ਇਹ ਕਿਸੇ ਖ਼ਾਸ ਛੰਦ ਵਿਖੇ ਨਹੀਂ ਕੀਤੀ ਜਾਂਦੀ, ਕਿੰਤੂ ਕਿਸੇ ਭੀ ਛੰਦ ਵਿਖੇ ਫ਼ਾਰਸੀ ਵਰਣ ਕ੍ਰਮ ਅਨੁਸਾਰ ਰਚੀ ਹੋਈ ਕਵਿਤਾ ਦੀ "ਸਿਹਰਫ਼ੀ" ਸੰਗਯਾ ਹੈ. ਜਨਮ-ਸਾਖੀ ਵਿੱਚ ਸਤਗੁਰੁ ਨਾਨਕ ਦੇਵ ਦੇ ਨਾਮ ਕਰਕੇ ਦੋਹਾ ਛੰਦ ਵਿਖੇ ਸਿਹਰਫੀ ਦੇਖੀ ਜਾਂਦੀ ਹੈ, ਯਥਾ :—

ਅਲਿਫ਼ ਅਲਾ ਕੋ ਯਾਦ ਕਰ ਗ਼ਫ਼ਲਤ ਮਨੋ ਵਿਸਾਰ,  
ਸਾਸ ਪਲੱਟੇ ਨਾਮ ਬਿਨ ਧ੍ਰਿਗ ਜੀਵਣ ਸੰਸਾਰ. × × ×

ਦੇਖੋ, ਪੈਂਤੀਸ ਅੱਖਰੀ.

**ਸਿੰਹਿਕਾ** ਦੇਖੋ, ਸ਼ੋਭਨ.

## ਸਿਰਖਿੰਡੀ-ਸਿਰਖੰਡੀ

**ਇਸ ਦਾ ਨਾਮ "ਸ੍ਰੀਖੰਡ" ਭੀ ਹੈ.** ਇਹ "ਪਲਵੰਗਮ" ਛੰਦ ਦਾ ਰੂਪਾਂਤਰ ਹੈ. ਇਸ ਛੰਦ ਦੀ ਤੁਕ ਦੇ ਮਧ੍ਯ ਅਨੁਪ੍ਰਾਸ* ਦਾ ਮੇਲ, ਅਤੇ ਤੁਕਾਂਤ ਬੇ ਮੇਲ ਹੁੰਦਾ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ 21 ਮਾਤ੍ਰਾ. ਪਹਿਲਾ ਵਿਸ਼੍ਰਾਮ 12 ਪਰ, ਦੂਜਾ 9 ਪਰ, ਦੋਹਾਂ ਵਿਸ਼੍ਰਾਮਾਂ ਦੇ ਅੰਤ ਗੁਰੁ. ਉਦਾਹਰਣ—

ਜੁੱਟੇ ਵੀਰ ਜੁਝਾਰੇ, ਧੱਗਾਂ ਵੱਜੀਆਂ,  
ਬੱਜੇ ਨਾਦ ਕਰਾਰੇ, ਦਲਾਂ ਮੁਸ਼ਾਹਦਾ,  
ਲੁੱਝੇ ਕਾਰਣ ਆਰੇ, ਸੰਘਰ ਸੂਰਮੇ,  
ਵੁੱਠੇ ਜਾਨ ਡਰਾਰੇ, ਘਨਿਅਰ ਕੈਬਰੀ.

[ਦਸਮਗ੍ਰੰਥ, ਰਾਮਾਵਤਾਰ]

**ਇਹੋ ਰੂਪ ਕਲਕੀ ਅਵਤਾਰ ਵਿਖੇ ਆਯਾ ਹੈ ਯਥਾ :—**

ਬਾਣੇ ਅੰਗ ਭੁਜੰਗੀ, ਸਾਵਲ ਸੋਹਣੇ,  
ਤ੍ਰੈ ਸੈ ਹੱਥ ਉਤੰਗੀ, ਖੰਡਾ ਧੂਹਿਆ. × × ×

**ਦੇਖੋ.** ਪਉੜੀ ਦਾ ਰੂਪ 8.

2. **ਦੂਜਾ ਰੂਪ**—ਪ੍ਰਤਿ ਚਰਣ 22 ਮਾਤ੍ਰਾ. ਪਹਿਲਾ ਵਿਸ਼੍ਰਾਮ 12 ਪਰ ਅੰਤ ਲਘੁ, ਦੂਜਾ 10 ਮਾਤ੍ਰਾ ਪਰ ਅੰਤ ਗੁਰੁ. ਤੁਕ ਦੇ ਮਧ੍ਯ ਅਨੁਪ੍ਰਾਸ ਦਾ ਮੇਲ. ਉਦਾਹਰਣ—

ਮਾਰਤ ਬਿਧੀਆ ਸੈਨ, ਸੁਤੇਗਾ ਹਾਥ ਲੈ,  
ਸ਼ਿਵਗਣ ਸਮ ਨਹੀਂ ਚੈਨ, ਇਤੈ ਉਤ ਧਾਂਵਦਾ. × × ×

[ਗੁਰੁਵਿਲਾਸ ਪਾਤਸ਼ਾਹੀ 6]

---

*ਦੇਖੋ ਅਨੁਪ੍ਰਾਸ ਦੇ ਭੇਦ.

3. ਇਸੀ ਚਾਲ ਅਨੁਸਾਰ 23 ਮਾਤ੍ਰਾ ਦਾ ਭੀ "ਸਿਰਖੰਡੀ" ਹੁੰਦਾ ਹੈ, ਜਿਸ ਦਾ ਵਿਸ਼੍ਰਾਮ 14—9 ਪਰ ਹੋਯਾ ਕਰਦਾ ਹੈ. ਦੇਖੋ ਪਾਉੜੀ ਦਾ ਰੂਪ 21.

## ਸੁਕਾਵਜ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 24 ਮਾਤ੍ਰਾ. 13—11 ਪਰ ਵਿਸ਼੍ਰਾਮ ਅੰਤ ਗੁਰੁ ਲਘੁ. ਉਦਾਹਰਣ—

ਆਵਉ ਵੰਞਉ ਡੁੰਮਣੀ, ਕਿੱਤੀ ਮਿਤ੍ਰ ਕਰੇਉ,
ਸਾ ਧਨ ਢੋਈ ਨਾ ਲਹੈ, ਵਾਂਢੀ ਕਿਉ ਧੀਰੇਉ. × × ×

[ਮਾਰੂ ਕਾਫੀ ਮਹਲਾ 1]

**ਸੁਖ** ਦੇਖੋ, ਸਵੈਯੇ ਦਾ ਰੂਪ 18.

## ਸੁਖਦਾ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, ਅੰਤ ਗੁਰੁ ਲਘੁ. ਇਸ ਦਾ "ਮਧੁਭਾਰ" ਛੰਦ ਨਾਲੋਂ ਇਤਨਾ ਹੀ ਭੇਦ ਹੈ ਕਿ ਇਸ ਵਿੱਚ ਤੁਕ ਦੇ ਅੰਤ ਜਗਣ ਦਾ ਨਿਯਮ ਨਹੀਂ. ਉਦਾਹਰਣ—

ਰਿਖਿ ਵਿਦਾ ਕੀਨ । ਆਸਿਖਾ ਦੀਨ ।
ਦੁਤਿ ਰਾਮ ਚੀਨ । ਮੁਨਿ ਮਨ ਪ੍ਰਬੀਨ ॥

[ਦਸਮਗ੍ਰੰਥ ਰਾਮਾਵਤਾਰ]

2. ਪ੍ਰਤਿ ਚਰਣ 22 ਮਾਤ੍ਰਾ ਦਾ ਭੀ "ਸੁਖਦਾ" ਛੰਦ ਹੁੰਦਾ ਹੈ. ਜਿਸ ਦੇ ਅੰਤ ਗੁਰ. ਅਤੇ 12—10 ਪਰ ਵਿਸ਼੍ਰਾਮ ਹੋਯਾ ਕਰਦਾ ਹੈ. ਉਦਾਹਰਣ—

ਜਗਜੀਵਨ ਕੋ ਸੇਵਹੁ, ਜਗ ਜੀਵਨ ਤਬਹੀ. × × ×

**ਸੁਖਦਾਨੀ** ਦੇਖੋ, ਸਵੈਯੇ ਦਾ ਭੇਤ 16.

## ਸੁਖਦਾ ਬ੍ਰਿੱਧ

**ਇਸ ਦਾ ਨਾਮ "ਸਗੌਨਾ" ਭੀ ਹੈ.**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਅਠ ਅਠ ਅੱਖਰ, ਤੁਕਦੇ ਆਦਿ ਲਘੁ, ਅੰਤ ਗੁਰ. ਪੰਜ ਅਤੇ ਤਿੰਨ ਅਕ੍ਸ਼ਰਾਂ ਪਰ ਵਿਸ਼੍ਰਾਮ. ਉਦਾਹਰਣ—

ਕਿ ਨਾਗਨੀ ਕੇ, ਏਸ ਹੈਂ । ਕਿ ਮ੍ਰਿਗੀ ਕੇ, ਨਰੇਸ ਹੈਂ ।
ਕਿ ਰਾਜਾ ਛਤ੍ਰ, ਧਾਰੀ ਹੈਂ । ਕਿ ਕਾਲੀ ਕੇ, ਭਿਖਾਰੀ ਛੈ ॥

[ਦਸਮਗ੍ਰੰਥ, ਕਲਕੀ]

## ਸੁਗੀਤਾ-ਸੁਗੀਤਿਕਾ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 25 ਮਾਤ੍ਰਾ. ਪਹਿਲਾ ਵਿਸ਼੍ਰਾਮ 15 ਪਰ, ਦੂਜਾ 10 ਪਰ, ਅੰਤ ਦੋ ਗੁਰੂ. ਉਦਾਹਰਣ—

ਤੂ ਕਰਤਾ ਆਪ ਅਭੁੱਲ ਹੈਂ, ਭੁੱਲਣ ਵਿਚ ਨਾਹੀ,
ਤੂ ਕਰਹਿ ਸੁ ਸੱਚੇ ਭਲਾ ਹੈ, ਗੁਰੁ ਸਬਦਿ ਬੁਝਾਹੀ. × × ×

[ਵਾਰ ਗਉੜੀ 1, ਪਉੜੀ 4]

**2. ਦੂਜਾ ਭੇਦ**—ਹਰੇਕ ਚਰਣ ਦੇ ਆਦਿ ਲਘੁ, **15**—**10** ਪਰ ਵਿਸ਼੍ਰਾਮ. ਅੰਤ ਦੋ ਗੁਰੁ ਦੀ ਥਾਂ ਗੁਰੁ ਲਘੁ. ਉਦਾਹਰਣ—

ਸੁਰੀਤਿ ਹੈ ਇਹ ਪ੍ਰੇਮ ਸੇ ਨਿਤ, ਧਜਾਇਯੇ ਗੋਬਿੰਦ. × × ×

**ਸੁਜਤਾ** ਦੇਖੋ, ਸੰਜੁਤਾ.
**ਸੁਥਰਾ** ਦੇਖੋ, ਸਰਸੀ.
**ਸੁੰਦਰ** ਦੇਖੋ, ਤ੍ਰਿਭੰਗੀ ਦਾ ਰੂਪ **4.**
**ਸੁੰਦਰਿ** ਦੇਖੋ, ਸਵੈਯ੍ਰ ਦਾ ਰੂਪ **24.**
**ਸੁਦਰੀ** ਦੇਖੋ, ਸਵੈਯੇ ਦਾ ਭੇਦ **16.**

2. ਪਿੰਗਲ ਗ੍ਰੰਥਾਂ ਵਿੱਚ ਬਾਰਾਂ ਅੱਖਰਾਂ ਦਾ ਇੱਕ ਛੰਦ ਭੀ "ਸੁੰਦਰੀ" ਹੈ, ਜਿਸ ਦੇ ਪ੍ਰਤਿ ਚਰਣ ਨ, ਭ, ਭ, ਰ. III, SII, SII, SIS ਹੁੰਦਾ ਹੈ. ਇਸ ਦੀ ਸੰਗਜਾ "ਦ੍ਰੁਤਵਿਲੰਬਿਤਾ" ਭੀ ਹੈ. ਉਦਾਹਰਣ—

ਦੁਖ ਭਰੀ ਜਗ ਆਸਨ ਤਜਾਗ ਰੀ,
ਜਪ ਹਰੀ ਗੁਰੁਪਾਦਨ ਲਾਗ ਰੀ. × × ×

**3. ਰਾਮ ਚੰਦ੍ਰਿਕਾ ਵਿੱਚ "ਮੋਦਕ" ਛੰਦ ਦਾ ਹੀ ਨਾਮ "ਸੁੰਦਰੀ" ਆਯਾ ਹੈ,** ਯਥਾ—

ਰਾਜ ਤਜਜੋ ਧਨ ਧਾਮ **ਤਜਜੋ** ਸਬ,
ਨਾਰਿ ਤਜੀ ਸੁਤ ਸੋਚ **ਤਜਜੋ** ਤਬ,
ਆਪਨਪੌ ਜੁ ਤਜਜੋ ਜਗ ਬੰਦਹਿ,
ਸਤ੍ਯ ਨ ਏਕ ਤਜਜੋ ਹਰਿਚੰਦਹਿ.

ਇਹੀ ਰੂਪ ਦਸਮਗ੍ਰੰਥ ਵਿਖੇ ਰਾਮਾਵਤਾਰ ਦੇ ਪੰਜਵੇਂ ਅਧਜਾਯ ਵਿਚ ਦੇਖੀਦਾ ਹੈ, ਯਥਾ—

ਸੂਪਨਖਾ ਇਹ ਭਾਂਤ ਸੁਨੀ ਜਬ,
ਧਾਯ ਚਲੀ ਅਵਿਲੰਬ ਤ੍ਰਿਯਾ ਤਬ,
ਰਾਮ ਸਰੂਪ ਕਲੇਵਰ ਜਾਨਿਯ,
ਰੂਪ ਅਨੂਪ ਤਿਹੂੰ ਪੁਰ ਮਾਨਿਯ.

**4. ਦਸਮਗ੍ਰੰਥ ਵਿਖੇ ਰਾਮਾਵਤਾਰ ਦੇ ਦੂਜੇ ਅਧਜਾਯ ਵਿੱਚ "ਸੁੰਦਰੀ" ਦਾ ਰੂਪ ਹੈ—ਪ੍ਰਤਿ ਚਰਣ 16 ਮਾਤ੍ਰਾ, ਅੰਤ ਮਗਣ. ਉਦਾਹਰਣ** –

ਭਟ ਹੁੰਕੇ ਧੁੰਕੇ ਬੰਕਾਰੇ,
ਰਣ ਬੱਜੇ ਗੱਜੇ ਨੱਗਾਰੇ,
ਰਣ ਹੁੱਲ ਕਲੋਲੰ ਹੁੱਲਾਲੰ,
ਢਲ ਹੱਲੰ ਢਾਲੰ ਉੱਛਾਲੰ.

**ਸੁਧਾਧਰ** ਦੇਖੋ, ਹਾਕਲ.

## ਸੁਧਾਨਿਧਿ

ਇਸ ਦਾ ਨਾਮ "ਮਨੋਭਵ" ਭੀ ਹੈ. ਇਹ ਛੰਦ, ਅਨੰਗਸ਼ੇਖਰ ਦਾ ਉਲਟ ਹੈ. ਇਸ ਦੇ ਪ੍ਰਤਿ ਚਰਣ 32 ਅੱਖਰ ਗੁਰੁ ਲਘੁ ਕ੍ਰਮ ਨਾਲ ਹੁੰਦੇ ਹਨ. ਉਦਾਹਰਣ—

ਜਾਚ ਜਾਚਕੇ ਅਹਾਰ ਨਾਹਿ ਸੋਪਿ ਸ੍ਵਾਦਵਾਰ,
ਲਾਭ ਹੋਤ ਏਕ ਵਾਰ ਭੂਖ ਤਾਪ ਕੋ ਅਵਾਰ,
ਸ਼ੈਨ ਭੂਮਿ ਪੈ ਬਨੋ ਨ ਸਾਕ ਸੈਨ ਕੋ ਗਨੋ,
ਸ਼ਰੀਰ ਮਾਤ੍ਰ ਪੋਖਨੋ ਨ ਜੋਬਨੋ ਸਫ਼ੇਦ ਬਾਰ,
ਛੀਨ ਚੀਰ ਗੋਦਰੀ ਅਨੇਕ ਲੀਰ ਸੋਂ ਕਰੀ,
ਕਰੀ ਉਜਾਰ ਝੋਂਪਰੀ ਅਧੇਨ ਗੂੰਥ ਵਾਰ ਵਾਰ,
ਹਾਯ ਹਾਯ ਭੋਗਚਾਹ ਨਾਹਿ ਮੇ ਤਜੇ ਅਜੇਪਿ,
ਮੋਰ ਚਿੱਤ ਬੈਲ ਕੋ ਸਵਾਰ ਬੈਲ ਕੇ ਸਵਾਰ.

[ ਵੈਰਾਗ ਸ਼ਤਕ ]

**2. ਜੇ ਸੁਧਾਨਿਧਿ ਦੇ ਅੰਤ ਦਾ ਲਘੁ ਮਿਟਾ ਦਿੱਤਾ ਜਾਵੇ, ਤਦ "ਕਲਾਧਰ" ਸਗਜ਼ਾ ਹੋ ਜਾਂਦੀ ਹੈ, ਯਥਾ—**

ਜਾਪ ਤਾਪ ਯੋਗ ਧ੍ਯਾਨ ਕਰਮ ਕਾਂਡ ਯਗਯ ਆਦਿ,
ਹੋਂਯ ਨਾਹਿੰ ਪ੍ਰੇਮ ਤੁਲਯ ਸ਼੍ਰੀ ਗੁਰੂ ਬਖਾਨਤੇ. × × ×

**ਸੁਧੀ** ਦੇਖੋ, "ਹੋਹਾ" ਅਤੇ ਚਾਚਰੀ ਦਾ ਰੂਪ 1.
**ਸ਼ੁੱਧਗਾ** ਦੇਖੋ, ਅਰੂਪਾ ਦਾ ਰੂਪ 2.

## ਸੁਪ੍ਰਿਆ-ਸੁਪ੍ਰਿਯਾ

**ਇਸ ਦਾ ਨਾਮ "ਡਿੱਲਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 16 ਮਾਤ੍ਰਾ ਅੰਤ ਭਗਣ ऽ।।. ਉਦਾਹਰਣ—

ਕਹੂੰ ਭਟ ਮਿਲ ਮੁਖ ਮਾਰ ਉਚਾਰਤ,
ਕਹੂੰ ਭਟ ਭਾਜ ਪੁਕਾਰਤ ਆਰਤ,

ਕੇਤਕ ਜੋਧ ਫਿਰੈਂ ਰਣ ਗਾਹਤ,
ਕੇਤਕ ਜੂਝ ਬਰੰਗਨ ਬਜਾਹਤ.

[ਦਸਮਗ੍ਰੰਥ, ਕਲਕੀ]

## ਸੁਭਟੇਂਦ੍ਰ

ਲਛਣ—ਚਾਰ ਚਰਣ, ਪ੍ਰਤਿ ਚਰਣ 24 ਮਾਤ੍ਰਾ. ਪਹਿਲਾ ਵਿਸ਼੍ਰਾਮ **13 ਪਰ, ਦੂਜਾ 11** ਪਰ, ਅੰਤ ਗੁਰੁ ਲਘੁ. ਅਥਵਾ ਇਉਂ ਕਹੋ ਕਿ ਚਾਰ ਚਰਣ ਤੁਕ ਦਾ ਦੋਹਾ ਹੀ **ਸੁਭਟੇਂਦ੍ਰ ਹੈ,** ਜਿਸ ਦੀ ਚੌਹਾਂ ਤੁਕਾਂ ਦਾ ਅੰਤਯਾਨੁਪ੍ਰਾਸ ਮਿਲੇ. ਉਦਾਹਰਣ—

ਸਰਤ ਸਰੜ ਜਬ ਚਢਤ ਦਲ, ਸਜ ਕਰ ਸਿੰਘ ਸੁਬੀਰ,
ਬਰੜ ਬਰੜ ਬਰੜਾਤ ਰਿਪੁ, ਖਿਹਬਲ ਬਿਕਲ ਸ਼ਰੀਰ,
ਭਰੜ ਭਰੜ ਭਯ ਭਜਤ ਭੀ, ਬਿਲਪਤ ਬਹੁ ਭਟ ਭੀਰ,
ਮਰੜ ਮਰੜ ਕਾਲੀ ਚਬੈ, ਅੜਤ ਜੁ ਦੁਸ੍ਰ ਬਹੀਰ.

[ਸਿੱਖੀ ਪ੍ਰਭਾਕਰ]

**ਸੁਮੁਖੀ** ਦੇਖੋ, ਸਵੈਯੇ ਦਾ ਰੂਪ 28.
**ਸੁਮੇਰੁ** ਦੇਖੋ, ਮਸਨਵੀ ਦਾ ਰੂਪ 2.
**ਸੁਰਧੁਨਿ** ਦੇਖੋ, ਸਵੈਯੇ ਦਾ ਰੂਪ 19.
**ਸੁਵਾਸ** ਦੇਖੋ, ਸਬਾਸ.
**ਸ਼ੇਖਰ** ਦੇਖੋ, ਮੱਤਦੁਰਮਿਲਾ.

## ਸ਼ੋਭਨ

**ਇਸ ਦਾ ਨਾਮ "ਸਿੰਹਿਕਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 24 ਮਾਤ੍ਰਾ. ਪਹਿਲਾ ਵਿਸ਼੍ਰਾਮ **14 ਪਰ, ਦੂਜਾ 10** ਮਾਤ੍ਰਾ ਪਰ, ਅੰਤ ਜਗਣ ।ऽ।. ਉਦਾਹਰਣ—

ਨਾਥ ਅਦਭੁਤ ਗਤਿ ਅਪਰਮਿਤ,
ਚਰਿਤ ਕਹਿਤ ਬਨੈ ਨ. × × ×

[ਗੁਰੁਪਦ ਪ੍ਰੇਮ ਪ੍ਰਕਾਸ਼]

## ਸੋਮਰਾਜੀ

**ਇਸ ਛੰਦ ਦੇ ਨਾਮ "ਉਤਭੁਜ" "ਅਰਧ ਭੁਜੰਗ" "ਸ਼ੰਖਨਾਰੀ" ਅਤੇ "ਝੂਲਾ" ਭੀ ਹੈਨ.**

ਲਛਣ—ਚਾਰ ਚਰਣ, ਪ੍ਰਤਿ ਚਰਣ ਦੋ ਯਗਣ ।ऽऽ, ।ऽऽ. ਉਦਾਹਰਣ—

ਗੁਰੂ ਕੋ ਮਨਾਓ । ਸਬੈ ਇੱਛ ਪਾਓ ।
ਗਹੋ ਏਕ ਪਾਸਾ । ਤਜੋ ਔਰ ਆਸਾ ॥

**2. ਦਸਮਗ੍ਰੰਥ ਵਿਚ ਪੂਰਾ ਭੁਜੰਗਪ੍ਰਯਾਤ ਭੀ ਕਈ ਥਾਈਂ "ਸੋਮਰਾਜੀ" ਲਿਖਿਆ ਹੈ, ਯਥਾ—**

ਸੁਨੇ ਦੇਸ ਦੇਸੰ ਮੁਨੰ ਪਾਪ ਕਮੰ,
ਚੁਨੈ ਜੂਠ ਕੂਠੰ ਸੁਤੰ ਛੋਰ ਧਮੰ,
ਤਜੈ ਧਮੰਨਾਰੀ ਤਤ੍ਰੈਂ ਪਾਪਨਾਰੰ,
ਮਹਾਂ ਰੂਪ ਪਾਪੀ ਕੁਵ੍ਰਿੱਤਾਧਿਕਾਰੰ.

[ਕਲਕ]

**ਸੋਮਵੱਲਰੀ** ਦੇਖੋ, ਚਾਮਰ.

## ਸੋਰਠਾ

ਲਕ੍ਸ਼ਣ—ਦੋ ਚਰਣ, ਪ੍ਰਤਿ ਚਰਣ ਦੋ ਪਾਦ, ਪਹਿਲੇ ਪਾਦ ਵਿਚ 11 ਮਾਤ੍ਰਾ, ਦੂਜੇ ਵਿਖੇ 13. ਗਯਾਰਾਂ ਮਾਤ੍ਰਾ ਵਾਲਾ ਵਿਸ਼੍ਰਾਮ ਲਘੁ ਅੱਖਰ ਪਰ ਅਰੁ ਇਸੇ ਥਾਂ ਅਨੁਪ੍ਰਾਸ ਦਾ ਮੇਲ, ਤੇਰਾਂ ਮਾਤ੍ਰਾ ਵਿਸ਼੍ਰਾਮ ਗੁਰੁ ਅਕ੍ਸ਼ਰ ਪਰ ਅਰੁ ਤੁਕਾਂਤ ਬੇਮੇਲ. ਇਹ ਛੰਦ ਦੋਹੇ ਦਾ ਉਲਟ ਹੈ. ਉਦਾਹਰਣ—

ਸਾਲਾਹੀ ਸਾਲਾਹ, ਏਤੀ ਸੁਰਤ ਨਾ ਪਾਈਆ*.
ਨਦੀਆਂ ਅਤੇ ਵਾਹ, ਪਵਹਿ ਸਮੁੰਦ ਨ ਜਾਣੀਅਹਿ.

[ਜਪੁ]

ਭਵਜਲ ਸਾਇਰ ਸੇਤੁ, ਨਾਮ ਹਰੀ ਕਾ ਬੋਹਿਥਾ,
ਤੁਅ ਸਤਗੁਰ ਸੰਗ ਹੇਤੁ, ਨਾਮ ਲਾਗ ਜਗ ਉਧਰਿਅਉ.

[ਸਵੈਯੇ ਮ: 5 ਕੇ]

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੋਰਠਾ ਛੰਦ ਦਾ ਸਿਰਲੇਖ ਭੀ "ਸਲੋਕ" ਦੇਖੀਦਾ ਹੈ, ਯਥਾ :—**

ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ
ਚਿਤਵਤ ਰਹਯੋ ਠਗਉਰ, ਨਾਨਕ ਫਾਸੀ ਗਲ ਪਰੀ.

[ਸਲੋਕ ਮ: 9]

**ਦੇਖੋ,** ਡਖਣਾ.

## ਸੋਲਹਾ

ਜੈਸੇ ਅੱਠ ਪਦਾਂ ਦਾ ਸਮੁਦਾਯ ਦਾ ਨਾਮ ਅਸ਼੍ਟਪਦੀ ਹੈ, ਤੈਸੇ ਸੋਲਾਂ ਪਦਾਂ ਦਾ ਸੰਗ੍ਰਹਿ "ਸੋਲਹਾ" ਹੈ. ਸ੍ਰੀ ਗੁਰੁਗ੍ਰੰਥ ਸ਼ਾਹਿਬ ਵਿੱਚ ਵਿਸ਼ੇਸ਼ ਕਰਕੇ "ਘਨਕਲਾ" ਛੰਦ ਦਾ ਰੂਪ ਸੋਲਹੇ ਸ਼ਬਦਾਂ ਵਿਖੇ ਆਯਾ ਹੈ. **ਦੇਖੋ, ਘਨਕਲਾ.**

---

***ਈ—ਦਾ ਉੱਚਾਰਣ ਇ ਤੁਲਯ ਹੈ.**

ਸਮਜ ਦੇਖੋ, ਸਵੈਯੇ ਦਾ ਰੂਪ 3.

## ਸ਼ੰਕਰ

ਲਛਣ—ਚਾਰ ਚਰਣ, ਪ੍ਰਤਿ ਚਰਣ 26 ਮਾਤ੍ਰਾ. ਪਹਿਲਾ ਵਿਸ਼੍ਰਾਮ 16 ਪਰ, ਦੂਜਾ 10 ਮਾਤ੍ਰਾ ਪਰ, ਅੰਤ ਗੁਰ ਲਘੁ. ਉਦਾਹਰਣ—

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ,
ਏਕ ਦੋਖ ਬਿਨਾਸ. × × ×

[ ਆਸਾ ਰਵਦਾਸ ]

ਖਟ ਕਰਮ ਕੁਲ ਸੰਜੁਗਤਿ ਹੈ,
ਹਰਿ ਭਗਤਿ ਹਿਰਦੈ ਨਾਹਿ,
ਚਰਨਾਰਬਿੰਦ ਨ ਕਥਾ ਭਾਵੈ,
ਸੁਪਚ ਤੁੱਲਿ ਸ ਮਾਨ × × ×

[ ਕੇਦਾਰਾ ਰਵਦਾਸ ]

ਨਿਜ ਕਾਨ ਸੁਨ ਮਤਿ ਮਾਨ ਮਾਨਵ,
ਖੇਤ ਮਹਿਂ ਤਬ ਜਾਇ,
ਗੋਧੂਮ* ਬੂਟ ਉਪਾਰ ਦੇਖਜੋ,
ਰਹਜੋ ਉਰ ਬਿਸਮਾਇ. × × ×

[ ਨਾਨਕ ਪ੍ਰਕਾਸ਼ ]

## ਸ਼ੰਖਨਾਰੀ

**ਇਸੇ ਛੰਦ ਦਾ ਨਾਮ "ਸੋਮਰਾਜੀ" ਅਤੇ "ਅਰਧਭੁਜੰਗ" ਹੈ.**

ਲਛਣ—ਪ੍ਰਤਿ ਚਰਣ ਦੋ ਯਗਣ. ISS, ISS, ਉਦਾਹਰਣ—

ਜੁਟੇ ਦੋਇ ਪਾਸੇ । ਪਰੀ ਮਾਰ ਨਾਸੇ ।
ਗੁਰੂ ਧੀਰ ਦੈਕੈ । ਅਗੈ ਸਿੰਘ ਕੈਕੈ ॥

[ ਗੁਰੁਪ੍ਰਤਾਪ ਸੂਰਯ ]

2. ਦਸਵੇਂ ਪਾਤਸ਼ਾਹ ਨੇ "ਭੁਜੰਗਪ੍ਰਯਾਤ" ਸਿਰਲੇਖ ਹੇਠ ਸ਼ੰਖਨਾਰੀ ਦਾ ਸਰੂਪ ਦਿੱਤਾ ਹੈ, ਪਰੰਤੂ ਭਾਵ ਅਰਧਭੁਜੰਗ ਤੋਂ ਹੈ, **ਯਥਾ**—

ਨਮਸ੍ਤੰ ਅਗੰਜੇ । ਨਮਸ੍ਤੰ ਅਭੰਜੇ ।
ਨਮਸ੍ਤੰ ਅਨਾਮੇ । ਨਮਸ੍ਤੰ ਅਠਾਮੇ ॥

[ ਜਾਪੁ ]

**ਸੰਖਿਨੀ** ਦੇਖੋ, ਚੌਪਾਈ ਦਾ ਭੇਦ 4.

---

*ਕਣਕ ਗੰਦਮ.

# ਸੰਗੀਤ ਛੰਦ

ਦਸਮਗ੍ਰੰਥ ਵਿਖੇ ਸੰਗੀਤ ਛੱਪਯ, ਸੰਗੀਤ ਨਰਾਜ, ਸੰਗੀਤ ਪਧਸ੍ਰਿਕਾ, ਸੰਗੀਤ ਪਾਧੜੀ, ਸੰਗੀਤ ਬਹੜਾ, ਸੰਗੀਤ ਭੁਜੰਗਪ੍ਰਯਾਤ ਅਤੇ ਸੰਗੀਤ ਮਧੁਭਾਰ ਛੰਦ ਆਏ ਹਨ. ਇਨ੍ਹਾਂ ਸਾਰੇ ਛੰਦਾਂ ਦੇ ਲਕਣ ਅਤੇ ਉਦਾਹਰਣ ਇਨ੍ਹਾ ਦੇ ਨਾਮਾਂ ਹੇਠ ਭਿੰਨ ਭਿੰਨ ਦੇਖੋ. ਇਸ ਥਾਂ ਕੇਵਲ "ਸੰਗੀਤ" ਪਦ ਦਾ ਨਿਰਣਯ ਹੈ. ਜਿਨ੍ਹਾਂ ਛੰਦਾਂ ਵਿੱਚ ਵਾਦਯ ਸੰਗੀਤ, ਅਰਥਾਤ ਮ੍ਰਿਦੰਗ ਦੇ ਬੋਲ ਆਂਉਂਦੇ ਹਨ. ਅਰੁ ਜਿਨ੍ਹਾਂ ਦਾ ਪਾਠ ਲਯ ਤਾਰ ਦਾ ਧ੍ਯਾਨ ਰੱਖਕੇ ਕੀਤਾ ਜਾਂਦਾ ਹੈ ਉਨ੍ਹਾਂ ਦੇ ਨਾਮ ਨਾਲ "ਸੰਗੀਤ" ਪਦ ਜੋੜਿਆ ਗਯਾ ਹੈ **ਯਥਾ** :—

1. ਸੰਗੀਤ ਛੱਪਯ—

ਕਗ੍ਗਦਿ ਕੁਪ੍ਯੋ ਕਪਿ ਕਟਕ,
ਬਗ੍ਗਦਿ ਬਾਜਨ ਰਣ ਬਜ੍ਯੰ,
ਤਗਦਿ ਤੇਗ ਝਲ ਹਲੀ,
ਜਗਦਿ ਜੋਧਾ ਗਲ ਗਾਜ੍ਯੇ. × × ×
ਖੰ* ਖਗ੍ਗਦਿ ਖੜਗ ਖਿਮਕਤ ਖਹਿਤ
ਚਗ੍ਗਦਿ ਚਮਕ ਚਿਨਗੈਂ ਕਢੈਂ. × × ×

[ ਦਸਮਗ੍ਰੰਥ ਰਾਮਾਵਤਾਰ ]

**2. ਸੰਗੀਤ ਨਰਾਜ—**

ਸੁਵੀਰ ਜਾਗ੍ਗਦੰ ਜਗੇ । ਲੜਾਕ ਲਾਗ੍ਗਦੰ ਪਗੇ । × × ×

[ ਦਸਮਗ੍ਰੰਥ, ਚੰਡੀ ਚਰਿਤ੍ਰ 2 ]

**3. ਸੰਗੀਤ ਪਧਿਸ੍ਰਕਾ**

ਕਾਗ੍ਗਦੰਗ ਕੋਪਕੈ ਦੈਤਰਾਜ,
ਜਾਗ੍ਗਦੰਗ ਜੁੱਧ ਕੋ ਸੱਜ ਸਾਜ, × × ×

[ ਦਸਮਗ੍ਰੰਥ, ਰਾਮਾਵਤਾਰ ]

**4. ਸੰਗੀਤ ਪਾਧੜੀ—**

ਤਾਗ੍ਗਦੰਗ ਤਾਲ ਬਾਜਤ ਮੁਚੰਗ,
ਬੀਣਾ ਸੁ ਬੈਨ ਬੰਸੀ ਮ੍ਰਿਦੰਗ. × × ×

[ ਦਸਮਗ੍ਰੰਥ, ਮਨੁਰਾਜ ]

**5. ਸੰਗੀਤ ਬਹੜਾ—ਦਸਮਗ੍ਰੰਥ ਵਿਚ "ਬਹੜਾ" ਦੇ ਸਰੂਪ ਤੋਂ ਭਿੰਨ ਹੈ. ਅਰਥਾਤ ਛੱਪਯ ਦੇ ਪਹਿਲੇ ਚਾਰ ਚਰਣਾ ਦਾ ਹੀ ਰੂਪ ਹੈ. ਯਥਾ—**

ਸਗ੍ਗਦਿ ਸਾਂਗ ਸੰਗ੍ਰਹੈਂ ਤਗ੍ਗਦਿ ਰਣ ਤੁਰੇ ਨਚਾਵੈਂ,
ਝਗ੍ਗਦਿ ਝੂਮ ਗਿਰ ਭੂਮਿ ਸਗ੍ਗਦਿ ਸੁਰ ਪੁਰਹਿ ਸਿਧਾਵੈਂ × × ×

[ ਦਸਮਗ੍ਰੰਥ, ਰਾਮਾਵਤਾਰ ]

**6. ਸੰਗੀਤ ਭੁਜੰਗ ਪ੍ਰਯਾਤ—**

---

*"ਖੰ" ਮ੍ਰਿਦੰਗ ਦੀ ਥਾਪ ਹੈ, ਜੋ ਮਾਤ੍ਰਾ ਗਿਣਤੀ ਤੋਂ ਬਾਹਰ ਹੈ.

ਸਗ੍ਹਦੰਗ ਸੂਰੰ ਕਗ੍ਹਦੰਗ ਕੋਪੰ,
ਪਗ੍ਹਦੰਗ ਪਮੰ ਰਣੰ ਪਾਵ ਰੋਪੰ. × × ×

[ ਦਸਮਗ੍ਰੰਥ, ਚੰਡੀ ਚਰਿਤ੍ਰ 2 ]

**7. ਸੰਗੀਤ ਮਧੁਭਾਰ—**

ਕਗ੍ਹਦੰ ਕੜਾਕ । ਤਗ੍ਹਦੰ ਤੜਾਕ । × × ×

[ ਦਸਮਗ੍ਰੰਥ, ਚੰਡੀ ਚਰਿਤ੍ਰ 2 ]

## ਸੰਜੁਤਾ—ਸੰਯੁਕ੍ਤਾ—ਸੰਯੁਤ—ਸੰਯੁਤਾ

**ਇਸ ਦਾ ਨਾਸ "ਅਰੂਹਾ" ਅਤੇ "ਪ੍ਰਿਯਾ" ਭੀ ਹੈ.**

ਲਖਣ—ਚਾਰ ਚਰਣ, ਪ੍ਰਤਿ ਚਰਣ ਸ, ਜ, ਜ, ਗ, ।।ऽ ।ऽ।, ।ऽ।, ऽ. ਉਦਾਹਰਣ—

ਪੁਨ ਬੇਣ ਰਾਜ ਮਹੇਸ਼* ਭਜੋ,
ਜਿਨ ਡੰਡ ਕਾਹੁਨ ਨਾ ਦਯੋ,
ਜਿਯ ਭਾਂਤ ਭਾਂਤ ਸੁਖੀ ਨਰਾ.
ਅਤਿ ਗਰਬ ਸੋ ਛੁਟਕਯੋ ਧਰਾ. [ਦਸਮਗ੍ਰੰਥ, ਬੇਨ ਰਾਜ ]

**ਦੇਖੋ, ਬੇਲੀਬਿਦ੍ਰਮ ਦਾ ਰੂਪ 2.**
**ਸ਼ਯੇਨ** ਦੇਖੋ, ਦੋਹੇ ਦਾ ਭੇਦ 16.
**ਸ੍ਰਗ੍ਵਿਣੀ** ਦੇਖੋ, ਅਚਕੜਾ.
**ਸ਼੍ਰੀ** ਦੇਖੋ, ਏਕ ਅੱਛਰੀ ਦਾ ਰੂਪ 1.
**ਸ਼੍ਰੀਖੰਡ** ਦੇਖੋ, ਸਿਰਖੰਡੀ
**ਸ਼੍ਰੀ ਭਗਵਤੀ** ਦੇਖੋ ਭਗਵਤੀ.
**ਸ੍ਵੈਯਾ** ਦੇਖੋ, ਸਵੈਯਾ.
**ਹਰਿਹਾਂ** ਦੇਖੋ, ਪੁਨਹਾ.

## ਹਰਿਗੀਤਾ-ਹਰਿਗੀਤਿਕਾ

ਲਖਣ—ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ. ਪਹਿਲਾ ਵਿਸ਼੍ਰਾਮ 16 ਪਰ, ਦੂਜਾ ਬਾਰਾਂ ਮਾਤ੍ਰਾ ਪਰ, ਅੰਤ ਲਘੁ ਗੁਰੁ, ਅਥਵਾ ਰਗਣ ऽ।ऽ. ਉਦਾਹਰਣ—

ਸਭ ਦ੍ਰੋਣ ਗਿਰਿਵਰ ਸਿਖਰ ਤਰ ਨਰ,
ਪਾਪ ਕਰਮ ਭਜੇ ਮਨੋ,
ਉਠ ਭਾਜ ਧਰਮ ਸਭਰਮ ਹ੍ਵੈ ਚਮ—
ਕੰਤ ਦਾਮਨਿ ਸੋ ਮਨੋ. × × ×

[ ਦਸਮ ਗ੍ਰੰਥ, ਕਲਕੀ]

**2. ਹਰਿਗੀਤਿਕਾ ਦਾ ਦੂਜਾ ਰੂਪ ਹੈ—ਪਹਿਲਾ ਵਿਸ਼੍ਰਾਮ 13 ਮਾਤ੍ਰਾ ਪਰ ਦੂਜਾ 15**

---

*ਮਹੀ ਈਸ਼, ਚਕ੍ਰ ਵਰਤੀ ਮਹਾਰਾਜਾ.

ਪਰ, ਅੰਤ ਰਗਣ. ਇਸ ਰੂਪ ਦਾ ਨਾਮ "ਸਟਪਟਾ" ਅਤੇ "ਪੈਡੀ" (ਪੈੜੀ) ਭੀ ਹੈ, ਯਥਾ—

ਫਿਰ ਕਰ ਸਗਰੇ ਨਗਰ ਮੇ, ਮਰਦਾਨਾ ਉਰ ਅਕੁਲਾਇਕੈ.
ਬੈਠੇ ਸ੍ਰੀ ਨਾਨਕ ਜਹਾਂ, ਤਹਿ ਥਕਿਤ ਸੁ ਬੈਸਜੋ ਆਇਕੈ,
ਸ੍ਰੀ ਮੁਖ ਸੋ ਬੂਝਤ ਭਏ, ਤਿਹ ਬਦਨਹਿ ਬਿਕਲ ਨਿਹਾਰ ਕੈ,
ਬਿਨ ਰਬਾਬ ਆਵਨ ਭਯੋ, ਨਿਜ ਬਿਰਥਾ ਭਨਹੁ ਸੁਧਾਰਕੈ.

[ ਨਾਨਕ ਪ੍ਰਕਾਸ਼ ]

## ਹਰਿਪ੍ਰਿਯਾ

ਲਛਣ—ਚਾਰ ਚਰਣ, ਪ੍ਰਤਿ ਚਰਣ 46 ਮਾਤ੍ਰਾ. ਤਿਨ ਵਿਸ਼੍ਰਾਮ ਬਾਰਾਂ ਬਾਰਾਂ ਪਰ, ਚੌਥਾ 10. ਮਾਤ੍ਰਾ ਪਰ, ਅੰਤ ਗੁਰੁ. **ਉਦਾਹਰਣ—**

ਧਾਰੇ ਪਟ ਵਿਵਿਧ ਰੰਗ, ਹੀਰ ਚੀਰ ਵਿਮਲ ਅੰਗ,
ਰਤਨਨ ਮਣਿਮਾਲ ਸ਼ੁਭ੍ਰ, ਭੂਖਨ ਅਮੋਲਹੀ,
ਦਾਮਨਿ ਛਬਿ ਛਟਾਕਾਰ, ਦਮਕਤ ਉਰ ਮੁਕ੍ਹਾਰ,
ਮਣਿ ਗਣ ਫਣਿ ਨੀਲ ਕਾਂਤਿ, ਮਾਨਕ ਅਤੋਲਹੀ. × × ×

[ ਸਰਬਲੋਹ ]

ਜੈਜਾਵੰਤੀ ਰਾਗ ਵਿਖੇ ਸ੍ਰੀ ਗੁਰੂ ਤੇਗਬਹਾਦੁਰ ਸਾਹਿਬ ਦੀ ਬਾਣੀ ਭੀ "ਹਰਿਪ੍ਰਿਯਾ" ਵਿੱਚ ਦੇਖੀ ਜਾਂਦੀ ਹੈ. **ਉਦਾਹਰਣ—**

ਰੇ ਨਰ ! ਕਉਨ ਗਤਿ ਹੋਇ ਹੈ ਤੇਰੀ* ?
ਮਾਨਸ ਕੋ ਜਨਮ ਲੀਨ, ਸਿਮਰਨ ਨਹਿ ਨਿਮਖ ਕੀਨ,
ਦਾਰਾ ਸੁਖ ਭਯੋ ਦੀਨ, ਪਗਹੁ ਪਰੀ ਬੇਰੀ. × × ×

**2. ਦੇਖੋ, ਚਚਰੀਆ ਦਾ ਰੂਪ 2.**

## ਹਰਿਬੋਲਮਨਾ

**ਇਸ ਦਾ ਨਾਮ "ਤਿਲਕਾ" ਭੀ ਹੈ**

ਲਛਣ—ਚਾਰ ਚਰਣ, ਪ੍ਰਤਿ ਚਰਣ, ਦੋ ਸਗਣ. ।S. **ਉਦਾਹਰਣ—**

ਕਰੁਣਾਲਯ ਹੈਂ । ਅਰਿ ਘਾਲਯ ਹੈਂ ।
ਅਲਖੰਡਨ ਹੈਂ । ਮਹਿਮੰਡਨ ਹੈਂ ॥ [ ਜਾਪੁ ]

## ਹਾਕਲ-ਹਾਕਲਾ

**ਇਸ ਦਾ ਨਾਮ "ਸੁਧਾਧਰ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 14 ਮਾਤ੍ਰਾ. ਪਹਿਲਾ ਵਿਸ਼੍ਰਾਮ 9 ਪਰ, ਦੂਜਾ ਪੰਜ ਪਰ, ਅੰਤ ਦੋ ਗੁਰੁ. **ਉਦਾਹਰਣ—**

*ਇਹ ਪਹਿਲੀ ਤੁਕ ਰਹਾਉ (ਟੇਕ) ਦੀ ਹੈ.

ਗਲ ਮਾਲਾ ਤਿਲਕ, ਲਿਲਾਟੰ
ਦੁਇ ਧੋਤੀ ਬਸਤ੍ਰ, ਕਪਾਟੰ × × ×

[ ਵਾਰ ਆਸਾ, ਮਹਲਾ 1 ]

ਅਣਮੜਿਆ ਮੰਦਲ ਬਾਜੈ,
ਬਿਨ ਸਾਵਨ ਘਨਹਰ ਗਾਜੈ,
ਬਾਦਲ ਬਿਨ ਬਰਖਾ ਹੋਈ,
ਜਉ ਤੱਤੁ ਬਿਚਾਰੈ ਕੋਈ.

[ ਸੋਰਠ, ਨਾਮਦੇਵ ]

ਜੈਰਾਮ ਬੋਲ ਤਤਕਾਲਾ,
ਪਠ ਦਾਸ ਬੁਲਾਯੋ ਬਾਲਾ,
ਜਬ ਬੈਸਜੋ ਵਦਨ ਵਖਾਨੇ,
ਤੁਮ ਨਾਨਕ ਮੀਤ ਸੁਜਾਨੇ.

[ ਨਾਨਕ ਪ੍ਰਕਾਸ਼ ]

ਹਾਰ ਦੇਖੋ. ਸਵੈਯੇ ਦਾ ਰੂਪ 18.

## ਹੀਰ-ਹੀਰਕ

ਲਛਣ—ਚਾਰ ਚਰਣ, ਪ੍ਰਤਿ ਚਰਣ 23 ਮਾਤ੍ਰਾ. ਦੋ ਵਿਸ਼੍ਰਾਮ ਛੀਛੀ ਮਾਤ੍ਰਾ ਪਰ, ਤੀਜਾ 11 ਪਰ, ਹਰੇਕ ਚਰਣ ਦੇ ਆਦਿ ਦਾ ਅੱਖਰ ਗੁਰੁ, ਅੰਤ ਰਗਣ ऽ।ऽ **ਉਦਾਹਰਣ**—

ਸਤਜ ਰਹਿਤ, ਪਾਪ ਗ੍ਰਹਿਤ, ਕ੍ਰੂੱਧ ਚਹਿਤ ਜਾਨਿਯੇ.
ਧਰੰਮ ਹੀਨ, ਅੰਗ ਛੀਨ, ਕ੍ਰੋਧ ਪੀਨ ਮਾਨਿਯੇ. × × ×

[ ਦਸਮਗ੍ਰੰਥ ਕਲਕੀ ]

2. ਗੁਣ ਛੰਦ "ਹੀਰ" ਦਾ ਲਛਣ ਹੈ—ਚਾਰ ਚਰਣ, ਪ੍ਰਤਿ ਚਰਣ ਭ, ਸ, ਨ, ਜ, ਨ. ਰ. ऽ।।, ।।ऽ, ।।।, ।ऽ।, ।।।, ऽ।ऽ. **ਉਦਾਹਰਣ**—

ਸ਼੍ਰੀ ਗੁਰੁ ਧਰਹੀਂ ਚਰਣ ਰਿਦੇ ਨਰ ਦੁਖ ਕੋ ਹਰੀ,
ਹੋਤ ਨ ਭਵ ਮੇ ਭ੍ਰਮਣ ਸਦਾ ਰਹਿ ਮੁਦ ਕੋ ਧਰੀ. × × ×

**ਹੁੱਲਾਸ** ਦੇਖੋ, ਕਲਸ.

## ਹੋਹਾ

**ਇਸ ਦਾ ਨਾਮ "ਸੁਧੀ" ਭੀ ਹੈ.**

ਲਛਣ—ਚਾਰ ਚਾਰਣ, ਪ੍ਰਤਿ ਚਰਣ ਜ, ਗ. ।ऽ।, ऽ. **ਉਦਾਹਰਣ**—

ਟੂਟੇ ਪਰੇ । ਨਵੇਂ ਮੁਰੇ । ਅਸੰ ਧਰੇ । ਰਿਸੰ ਭਰੇ ॥

[ਦਸਮਗ੍ਰੰਥ, ਰਾਮਾਵਤਾਰ ]

## ਹੰਸ

ਲਛਣ—ਦੋ ਚਰਣ, ਪ੍ਰਤਿ ਚਰਣ 15 ਮਾਤ੍ਰਾ. ਸੱਤ ਅਰੁ ਅੱਠ ਮਾਤ੍ਰਾ ਪਰ ਵਿਸ਼੍ਰਾਮ, ਅੰਤ ਗੁਰੁ ਲਘੁ ऽ, ।. **ਉਦਾਹਰਣ**—

ਜਹਿ ਤਹਿ ਬਢਾ ਪਾਪ ਕਾ ਕਮੰ. ××× [ਦਸਮਗ੍ਰੰਥ ਕਲਕੀ]

2. ਕੇਸ਼ਵ ਦਾਸ ਨੇ ਹੰਸ ਛੰਦ ਦੇ ਆਦਿ ਭਗਣ ऽ।। ਦਾ ਹੋਣਾ ਵਿਧਾਨ ਕੀਤਾ ਹੈ, ਯਥਾ—

ਆਵਤ ਜਾਤ ਰਾਜ ਕੇ ਲੋਗ;
ਮੂਰਤਿ ਧਾਰੀ ਮਾਨਹੁ ਭੋਗ. ××× [ਰਾਮਚੰਦ੍ਰਿਕਾ]

3 ਦੇਖੋ, ਹੰਸਕ.

4. ਦੇਖੋ, ਦੋਹਰੇ ਦਾ ਰੂਪ 11.

## ਹੰਸਕ

**ਇਸ ਦਾ ਨਾਮ "ਉਛਾਲ" ਅਤੇ "ਪੰਕ੍ਤਿ" ਭੀ ਹੈ.**

ਲਕ਼ਣ – ਚਾਰ ਚਰਣ, ਪ੍ਰਤਿ ਚਰਣ ਭ, ਗ, ਗ. ऽ।।, ऽ, ऽ. **ਉਦਾਹਰਣ**—

ਬੈਰਮ ਖਾਨਾ । ਕੀਨ ਮਦਾਨਾ ।
ਖੈਂਚ ਕ੍ਰਿਪਾਨਾ । ਬੀਰਨ ਹਾਨਾ ॥ [ਗੁਰਪ੍ਰਤਾਪ ਸੂਰਜ]

**ਕਈ ਪਿੰਗਲਗ੍ਰੰਥਾਂ ਵਿੱਚ ਇਸ ਨੂੰ "ਹੰਸ" ਭੀ ਲਿਖਿਆ ਹੈ.**

## ਹੰਸਗਤਿ

ਲਕ਼ਣ—ਚਾਰ ਚਰਣ, ਪ੍ਰਤਿ ਚਰਣ 20 ਮਾਤ੍ਰਾ. ਪਹਿਲਾ ਵਿਸ਼੍ਰਾਮ 11 ਪਰ ਦੂਜਾ 9 ਪਰ, ਅੰਤ ਲਘੁ ਗੁਰੁ. ਕਈ ਛੰਦਗ੍ਰੰਥਾਂ ਨੇ ਅੰਤ ਰਗਣ ऽ।ऽ ਦਾ ਹੋਣਾ ਵਿਧਾਨ ਕੀਤਾ ਹੈ. **ਉਦਾਹਰਣ**—

ਕੇਤੇ ਕਹਹਿ ਵਖਾਣ, ਕਹਿ ਕਹਿ ਜਾਵਣਾ,
ਵੇਦ ਕਹਹਿ ਵਖਿਆਣ, ਅੰਤ ਨ ਪਾਵਣਾ,
ਪੜਿਐ ਨਾਹੀ ਭੇਦ, ਬੁਝਿਐ ਪਾਵਣਾ. ×××

[ਵਾਰ ਮਾਝ]

ਤੇਰੀ ਪਨਹ ਖੁਦਾਇ, ਤੂ ਬਖਸੰਦਗੀ,
ਸੇਖਫਰੀਦੈ ਖੈਰ, ਦੀਜੈ ਬੰਦਗੀ. [ਆਸਾ ਸੇਖਫਰੀਦ ਜੀ]

**2. ਦੇਖੋ, ਪਉੜੀ ਦਾ ਰੂਪ 4.**

## ਕਕੁਭ

ਲਕ਼ਣ – ਤਿੰਨ ਚਰਣ, ਪਹਿਲੇ ਚਰਣ ਵਿੱਚ ਅੱਠ, ਦੂਜੇ ਵਿੱਚ ਬਾਰਾਂ, ਤੀਜੇ ਵਿੱਚ 18 ਅੱਖਰ, ਅੰਤ ਲਘੁ ਗੁਰੁ ਦਾ ਨਿਯਮ ਨਹੀਂ. **ਉਦਾਹਰਣ**—

ਭਜੋ ਸਦਾ ਦਸ਼ਮੇਸ਼,
ਕਰੈ ਸ਼੍ਰਿਗਾਲਨ ਤੁਰਤ ਮ੍ਰਿਗੇਸ਼,
ਚਟਕਾ ਬਾਜ਼ ਕਾਗ ਹੈ ਹੰਸਾ ਪਟਬੀਜਨਾ ਦਿਨੇਸ਼.

## ਕਕੁਭਾ

**ਇਸ ਦਾ ਨਾਮ "ਕੁਕੁਭ" ਅਤੇ "ਪ੍ਰਮੋਦਕ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ **30** ਮਾਤ੍ਰਾ. **16—14** ਪਰ ਵਿਸ਼੍ਰਾਮ, ਅੰਤ ਦੋ ਗੁਰੁ.

ਉਦਾਹਰਣ—

ਸ਼ਸਤਰ ਵਿਦਯਾ ਸਿੱਖੀ ਨਾਹੀ,
ਨਾ ਤੁਰੰਗ ਦੀ ਅਸਵਾਰੀ,
ਸਿੱਖੀ ਦੀ ਨਾ ਰਹਿਤ ਕਮਾਈ,
ਤਨਖਾਹੀਆ ਹੈ ਭਾਰੀ. × × ×

**ਕੱਛਪ** ਦੇਖੋ, ਦੋਹਰੇ ਦਾ ਰੂਪ 5.

## ਕੱਜਲ

ਲਛਣ—ਚਾਰ ਚਰਣ, ਪ੍ਰਤਿ ਚਰਣ **14** ਮਾਤ੍ਰਾ, ਅੰਤ ਗੁਰੁ ਲਘੁ. ਉਦਾਹਰਣ—

ਗੁਰੁ ਸੇਵਹੁ ਕਰ ਨਮਸਕਾਰ,
ਆਜ ਹਮਾਰੈ ਮੰਗਲ ਚਾਰ,
ਆਜ ਹਮਾਰੈ ਗ੍ਰਿਹ ਬਸੰਤ,
ਗੁਨ ਗਾਏ ਪ੍ਰਭ ਤੁਮ ਬਿਅੰਤ. [ ਬਸੰਤ ਮਹਲਾ 5 ]

**ਕਨਕ** ਦੇਖੋ, ਛੱਪਯ ਦਾ ਭੇਦ 3.

**ਕਨਜਾ** ਦੇਖੋ, ਅਕਵਾ.

## ਕਬਿੱਤ-ਕਵਿੱਤ

ਸਾਮਾਨਯ ਕਰਕੇ ਸਭ ਛੰਦ ਕਬਿੱਤ (ਕਵਿਤ੍ਵ) ਕਹੇ ਜਾ ਸਕਦੇ ਹਨ, ਪਰ ਵਿਸ਼ੇਸ਼ ਕਰਕੇ ਇਕ ਮੁਕ੍ਤ* ਜਾਤਿ ਦਾ ਛੰਦ ਹੈ, ਜਿਸ ਦਾ ਨਾਮ "ਮਨਹਰ" ਅਥਵਾ "ਮਨਹਰਣ" ਹੈ.

ਇਸ ਦਾ ਲਛਣ ਹੈ ਚਾਰ ਚਰਣ, ਪ੍ਰਤਿ ਚਰਣ **31** ਅਖਰ. ਤਿੰਨ ਵਿਸ਼੍ਰਾਮ ਅੱਠ ਅੱਠ ਵਰਣਾ ਪਰ, ਚੌਥਾ ਸੱਤ ਪਰ, ਅੰਤ ਗੁਰੁ.† ਇਸ ਛੰਦ ਵਿਖੇ ਸਮ ਵਰਣਾ ਦਾ ਪ੍ਰਯੋਗ ਅਤੇ ਅਨੁਪ੍ਰਾਸ, ਰਚਨਾ ਦੀ ਬਹੁਤ ਮਨੋਹਰਤਾ ਕਰਦਾ ਹੈ.

ਚਾਹੇ ਉਪਰ ਦੱਸਿਆ ਲਛਣ ਹੀ ਕਬਿੱਤ ਦਾ ਪੂਰਣ ਹੈ, ਪਰ ਕਵੀਆਂ ਨੇ ਇਸ ਦੀ ਚਾਲ ਨੂੰ ਸੁੰਦਰ ਰੱਖਣ ਲਈ ਇਹ ਨਿਯਮ ਭੀ ਥਾਪੇ ਹਨ :—

1. ਆਦਿ ਵਿੱਚ ਲਘੁ ਗੁਰੁ ਲਘੁ, ਅਰਥਾਤ ਜਗਣ ਰੂਪ ਇੱਕ ਸ਼ਬਦ ਨਾ ਹੋਵੇ.
2. ਤਗਣ ਰੂਪ ਸ਼ਬਦ ਭੀ ਆਰੰਭ ਵਿਖੇ ਵਿਵਰਜਿਤ ਹੈ.
3. ਚਾਰ ਅੱਖਰਾਂ ਪਿੱਛੋਂ ਤਗਣ ਨਹੀਂ ਹੋਣਾ ਚਾਹੀਯੇ.

---

*ਮਾਤ੍ਰਿਕ ਅਤੇ ਵਰਣ ਗਣਾਂ ਦੇ ਬੰਧਨਾਂ ਤੋਂ ਮੁਕਤ ਹੋਣ ਕਰਕੇ ਇਹ ਸੰਗਯਾ ਹੈ.

†ਮਨਹਰ ਦਾ 16—15 ਅਖਰਾਂ ਪਰ ਭੀ ਵਿਸ਼੍ਰਾਮ ਹੋਯਾ ਕਰਦਾ ਹੈ, ਅਰਥਾਤ ਚਾਰ ਦੀ ਥਾਂ ਦੋ ਵਿਸ਼੍ਰਾਮ. ਦੇਖੋ ਉਦਾਹਰਣ (ਅ) ਅਤੇ (ੲ)

4. ਅੰਤ ਵਿੱਚ ਤਿੰਨ ਅੱਖਰਾਂ ਦਾ ਇੱਕ ਸ਼ਬਦ. ਜੋ ਮਗਣ ਰੂਪ ਹੋਵੇ ਉੱਤਮ ਨਹੀਂ.

5. ਤੁਕ ਦੇ ਅੰਤ ਗੁਰੁ ਲਘੁ ਲਘੁ ਗੁਰੁ, ਅਰਥਾਤ ਭਗਣ ਅਤੇ ਗੁਰੁ ਨਹੀਂ ਹੋਣੇ ਚਾਹੀਜੇ.

6. ਵਿਸ਼੍ਰਾਮ ਦੇ ਚਾਰੇ ਪਦ, ਠੀਕ ਗਿਣਤੀ ਪਰ ਸਮਾਪਤ ਹੋਣੇ ਚਾਹੀਜੇ, ਏਹ ਉੱਤਮ ਨਹੀਂ ਕਿ ਅੱਧਾ ਸ਼ਬਦ ਪਿਛਲੇ ਵਿਸ਼੍ਰਾਮ ਨਾਲ ਅਰੁ ਅੱਧਾ ਅਗਲੇ ਵਿਸ਼੍ਰਾਮ ਨਾਲ ਜੋੜਿਆ ਜਾਵੇ. ਅਰੁ ਜੇ ਐਸਾ ਕਰਨਾ ਪਵੇ, ਤਦ ਛੰਦ ਦੀ ਗਤਿ ਅਤੇ ਅਰਥ ਦਾ ਧਯਾਨ ਮੁੱਖ ਰੱਖਣਾ ਚਾਹੀਜੇ.

7. ਸਮ ਪਦ ਨਾਲ ਸਮ, ਵਿਖਮ ਪਦ ਨਾਲ ਵਿਖਮ* ਮਿਲਾਉਣਾ ਚਾਹੀਜੇ, ਸਮ ਨਾਲ ਵਿਖਮ ਮਿਲਣ ਤੋਂ ਛੰਦ ਦੀ ਸੁੰਦਰਤਾ ਨਹੀਂ ਰਹਿੰਦੀ. ਉਦਾਹਰਣ—

(ੳ) ਛਤ੍ਰਧਾਰੀ ਛਤ੍ਰੀਪਤਿ, ਛੈਲਰੂਪ ਛਿਤਿਨਾਥ,
ਛੋਣੀਕਰ ਛਾਯਾਬਰ ਖਤ੍ਰਪਤਿ†ਗਾਈਐ. × ×

[ ਗ੍ਯਾਨ ਪ੍ਰਬੋਧ ]

(ਅ) ਵਿਸ਼੍ਵਪਾਲ ਜਗਤ੍ਕਾਲ ਦੀਨਦਯਾਲੁ ਵੈਰੀਸਾਲ,
ਸਦਾ ਪ੍ਰਤਿਪਾਲ ਜਮਜਾਲ ਤੇ ਰਹਿਤ ਹੈ. × ×

[ ਅਕਾਲ ਉਸਤਤਿ ]

(ੲ) ਸੋਧਹਾਰੇ ਦੇਵਤਾ ਵਿਰੋਧਹਾਰੇ ਦਾਨੋ ਬਡੇ,
ਬੋਧਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ. × × ×

[ ਅਕਾਲ ਉਸਤਤਿ ]

ਕ੍ਰਿਪਾਨ ਅਤੇ ਘਨਾਕਰੀ ਭੀ ਕਬਿੱਤ ਜਾਤੀ ਵਿਚ ਹੀ ਗਿਣੇ ਜਾਂਦੇ ਹਨ. ਦੇਖੋ ਕ੍ਰਿਪਾਨ ਅਤੇ ਘਨਾਕਰੀ.

## ਕਮਲ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਇਕ ਨਗਣ ।।।. ਉਦਾਹਰਣ—

ਭਜਣ । ਕਰਨ । ਦੁਖਨ । ਦਰਨ ।।

2. ਦੇਖੋ, ਛੱਪਯ ਦਾ ਰੂਪ 14.

**ਕਮਲਾਵਤੀ** ਦੇਖੋ, ਪਦਮਾਵਤੀ ਦਾ ਰੂਪ 2.

**ਕਮੰਦ** ਦੇਖੋ. ਅਤਿਗੀਤਾ ਦਾ ਰੂਪ 2.

## ਕਰਖਾ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 37 ਮਾਤ੍ਰਾ. ਪਹਿਲਾ ਵਿਸ਼੍ਰਾਮ ਅੱਠ ਪਰ, ਦੂਜਾ ਬਾਰਾਂ ਪਰ, ਤੀਜਾ ਅੱਠ ਪਰ, ਚੌਥਾ ਨੌ ਪਰ, ਅੰਤ ਯਗਣ ।SS.

**ਇਸ ਛੰਦ ਵਿੱਚ ਵੀਰਰਸ ਦਾ ਵਰਣਨ ਉੱਤਮ ਹੁੰਦਾ ਹੈ. ਦਸਮਗ੍ਰੰਥ ਦੇ** 405 **ਚਰਿਤ੍ਰ ਵਿਖੇ ਲੇਖ ਹੈ—**

*ਜਿਸਤ ਅੱਖਰਾਂ ਦੀ ਗਿਣਤੀ ਦੇ ਪਦ ਸਮ, ਅਤੇ ਟੌਂਕ ਅੱਖਰਾਂ ਦੀ ਗਿਣਤੀ ਦੇ ਪਦ ਵਿਖਮ ਕਹਾਉਂਦੇ ਹਨ. †ਕ੍ਸ਼ਤ੍ਰ (ਬਲ) ਦਾ ਪਤਿ.

ਢਾਢਿ ਸੈਨ ਢਾਡੀ ਭਵ ਲਯੋ,

ਕਰਖਾ ਵਾਰ ਉਚਾਰਤ ਭਯੋ.

ਕਰਖਾ ਛੰਦ ਵਿਚ ਜਿਤਨੇ ਅੱਖਰ ਲਘੁ ਜਾਦਾ ਹੋਣ ਉਤਨੀ ਹੀ ਰੋਚੁਕਤਾ ਅਧਿਕ ਹੁੰਦੀ ਹੈ. ਇਸ ਛੰਦ ਦਾ ਨਾਮ "ਰਣਉੱਧਿਤ" ਭੀ ਹੈ. **ਉਦਾਹਰਣ**—

ਉਡਤ ਨਭ ਗਰਦ, ਮੁਖ ਜ਼ਰਦ ਨਿਤ ਭ੍ਰਮਤ ਰਵਿ,
ਉਦਧਿ ਉਰ ਦਰਦ, ਦਲ ਦਬਤ ਲੰਕਾ,
ਅਚਲ ਵਡ ਡਗਤ, ਸ਼ਿਮ ਜਗਤ ਨਹਿ ਲਗਤ ਲਿਵ,
ਖਗਤ ਭਯ ਭਗਤ, ਥਿਨਿ ਦਗਤ ਸ਼ੰਕਾ,
ਅਹਿਪ ਹਿਯ ਧੜਕ, ਪਿਠ ਕਮਠ ਲੁਠ ਕੜਕ ਉਠ,
ਖੜਕ ਸੁਨ ਭੜਕ, ਹਰ ਬ੍ਰਿਖਭ ਬੰਕਾ,
ਬਿਕਟ ਭਟ ਕਟਕ, ਰਿਪੁ ਠਟਕ ਤਨ ਤਜਤ ਜਬ,
ਗਜਤ ਗੁਰੁਸਿੰਘ, ਭਲ ਬਜਤ ਡੰਕਾ.

[ ਸਿਖੀ ਪ੍ਰਭਾਕਰ ]

**ਕਰਤਲ ਦੇਖੋ, ਛੱਪਯ ਦਾ ਰੂਪ 6.**
**ਕਰਭ ਦੇਖੋ, ਦੋਹਰੇ ਦਾ ਰੂਪ 13.**

## ਕਲਸ

**ਇਸ ਦਾ ਨਾਮ "ਉੱਲਾਸ" ਅਥਵਾ "ਹੁੱਲਾਸ" ਭੀ ਹੈ.** ਇਹ ਛੰਦ, ਦੋ ਛੰਦਾਂ ਦੇ ਮੇਲ ਤੋਂ ਬਣਾਯਾ ਜਾਂਦਾ ਹੈ. ਜੋ ਛੰਦ ਕਲਸ਼ (ਸਿਰ) ਪਰ ਰੱਖਿਆ ਜਾਵੇ ਉਸ ਦਾ ਅੰਤਿਮ ਪਦ, ਦੂਜੇ ਛੰਦ ਦੇ ਮੁੱਢ ਸਿੰਘਾਵਲੋਕਨ ਨਜਾਯ ਕਰਕੇ ਆਉਣਾ ਚਾਹੀਯੇ.* ਦਸਮਗ੍ਰੰਥ ਵਿਖੇ ਚੌਪਾਈ ਅਤੇ ਤ੍ਰਿਭੰਗੀ ਦੇ ਮੇਲ ਤੋਂ "ਕਲਸ" ਛੰਦ ਰਚਿਆਗਯਾ ਹੈ. **ਯਥਾ :—**

ਆਦਿ ਅਭੈ ਅਨਗਾਧ ਸਰੂਪੰ,
ਰਾਗ ਰੰਗ ਜਿਹ ਰੇਖ ਨ ਰੂਪੰ,
ਰੰਕ ਭਯੋ ਰਾਵਤ ਕਹੂੰ ਭੂਪੰ,
ਕਹੂੰ ਸਮੁਦ੍ਰ ਸਰਿਤਾ ਕਹੂੰ ਕੂਪੰ,—
ਸਰਿਤਾ ਕਹੂੰ ਕੂਪੰ, ਸਮੁਦ ਸਰੂਪੰ,
ਅਲਖ ਬਿਭੂਤੰ, ਅਮਿਤ ਗਤੰ,
ਅਦ੍ਵੈ ਅਬਿਨਾਸ਼ੀ, ਪਰਮ ਪ੍ਰਕਾਸ਼ੀ,
ਤੇਜ ਸੁਰਾਸੀ, ਅਕ੍ਰਿਤ ਕ੍ਰਿਤੰ,
ਜਿਹ ਰੂਪ ਨ ਰੇਖੰ, ਅਲਖ ਅਭੇਖੰ,
ਅਮਿਤ ਅਦ੍ਵੈਖੰ, ਸਰਬਮਈ,

---

*ਕੁੰਡਲੀਆ ਛੰਦ ਭੀ ਕਲਸ ਜਾਤਿ ਵਿੱਚੋਂ ਹੈ.

ਸਬ ਕਿਲਵਿਖ ਹਰਣੰ, ਪਤਿਤ ਉਧਰਣੰ,
ਅਸਰਣ ਸਰਣੰ, ਏਕ ਦਈ.

[ ਗ੍ਯਾਨ ਪ੍ਰਬੋਧ ]

**2. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਛੰਦਾਂ ਦੇ ਮੇਲ ਤੋਂ ਕਲਸ ਛੰਦ ਰਚੇ ਗਏ ਹਨ, ਜਿਨ੍ਹਾਂ ਦੇ ਕੁਛ ਰੂਪ ਇਸ ਥਾਂ ਲਿਖਦੇ ਹਾਂ. ਚੌਪਾਈ ਅਤੇ ਸਵੈਯੇ ਦੇ ਮੇਲ ਤੋਂ ਕਲਸ ਛੰਦ, ਯਥਾ—**

ਸਤਿਗੁਰੁ ਸੇਵ ਧਰਮਪਦ ਪਾਯਉ,
ਅਬਿਨਾਸੀ ਅਬਿਗੱਤ ਧਿਆਯਉ,
ਤਿਸ ਭੇਟੈ ਦਾਰਿਦ੍ਰ ਨ ਚੰਪੈ,
ਕਲਯਸਹਾਰ ਤਾਸ ਗੁਣ ਜੰਪੈ,—
ਜੰਪਉ ਗੁਣ ਬਿਮਲ ਸੁਜਨ ਜਨ ਕੇਰੇ,
ਅਮਿਅ ਨਾਮ ਜਾਕਉ ਫੁਰਿਆ,
ਇਨ ਸਤਿਗੁਰੁ ਸੇਵ ਸਬਦਰਸ ਪਾਯਾ,
ਨਾਮ ਨਿਰੰਜਨ ਉਰ ਧਰਿਆ,
ਹਰਿ ਨਾਮ ਰਸਿਕ ਗੋਬਿੰਦ ਗੁਣ ਗਾਹਕ,
ਚਾਹਕ ਤੱਤੁ ਸਮੱਤੁ ਸਰੇ,
ਕਵਿ ਕਲ੍ਯ ਠਕੁਰ ਹਰਿਦਾਸ ਤਨੇ,
ਗੁਰੁ ਰ ਮਦਾਸ ਸਰ ਅਭਰ ਭਰੇ.

[ ਗੁਰੂ ਗ੍ਰੰਥ ਸਾਹਿਬ, ਸਵੈਯੇ ਮ: 4 ਕੇ]

**3. ਨਿਤਾ ਅਤੇ ਸਾਰ ਛੰਦ ਦੇ ਮੇਲ ਤੋਂ ਕਲਸ.** ਨਿਤਾ ਦਾ ਲਛਣ ਹੈ—ਚਾਰ ਚਰਣ, ਪ੍ਰਤਿ ਚਰਣ, 12 ਮਾਤ੍ਰਾ, ਅੰਤ ਦੋ ਗੁਰੁ. ਉਦਾਹਰਣ—

ਹਮ ਘਰ ਸਾਜਨ ਆਏ,
ਸਾਚੇ ਮੇਲ ਮਿਲਾਏ,*—
ਸਹਿਜ ਮਿਲਾਏ ਹਰਿ ਮਨ ਭਾਏ ਪੰਚ ਮਿਲੇ ਸੁਖ ਪਾਯਾ,
ਸਾਈ ਵਸਤੁ ਪਰਾਪਤ ਹੋਈ ਜਿਸੁ ਸੇਤੀ ਮਨ ਲਾਯਾ,
ਅਨਦਿਨੁ ਮੇਲ ਭਯਾ ਮਨ ਮਾਨਯਾ ਘਰ ਮੰਦਿਰ ਸੋਹਾਏ,
ਪੰਚ ਸਬਦੁ ਧੁਨਿ ਅਨਹਦ ਬਾਜੇ ਹਮਘਰ ਸਾਜਨ ਆਏ.

[ ਸੂਹੀ ਛੰਤ ਮਹਲਾ 1 ]

**ਕਲਾਧਰ** ਦੇਖੋ, ਸੁਧਾਨਿਧਿ ਦਾ ਰੂਪ 2.
**ਕੜਖਾ** ਦੇਖੋ. ਕਰਖਾ.

---

*ਇਸ ਥਾਂ ਅਰਧ ਨਿਤਾ ਹੈ.

## ਕਾਫ਼ੀ

ਅਰਬੀ ਵਿਚ "ਕਾਫ਼ੀ" ਦਾ ਅਰਥ ਹੈ ਪਿੱਛੇ ਚਲਣ ਵਾਲਾ (ਅਨੁਗਾਮੀ). "ਕਾਫ਼ੀ" ਛੰਦ ਦਾ ਉਹ ਪਦ ਹੈ, ਜੋ ਸਥਾਈ (ਰਹਾਉ) ਹੋਵੇ, ਜਿਸ ਪਿੱਛੇ ਹੋਰ ਤੁਕਾਂ ਗਾਯਨ ਸਮੇਂ ਜੋੜੀਆਂ ਜਾਣ, ਅਰ ਜੋ ਮੁੜ ਮੁੜ ਗੀਤ ਦੇ ਤਾਲ ਵਿਸ਼੍ਰਾਮ ਪਰ ਆਵੇ.

ਕਾਫ਼ੀ ਛੰਦ ਦੀ ਖ਼ਾਸ ਜਾਤਿ ਨਹੀਂ ਹੈ. ਸੂਫ਼ੀ ਫ਼ਕੀਰ ਜੋ ਪ੍ਰੇਮਰਸ ਭਰੇ ਪਦ ਗਾਯਾ ਕਰਦੇ ਹਨ ਅਰੁ ਜਿਨ੍ਹਾਂ ਪਿੱਛੇ ਸਾਰੀ ਮੰਡਲੀ ਮੁਖੀਏ ਦੇ ਕਹੇ ਪਦ ਨੂੰ ਦੁਹਰਾਉਂਦੀ ਹੈ, ਉਹ ਕਾਫ਼ੀ ਨਾਮ ਤੋਂ ਪ੍ਰਸਿੱਧ ਹੈਨ.

**ਦੇਖੋ, ਮੀਆਂਬਖ਼ਸ਼ ਦੀ ਕਾਫ਼ੀ :—**

ਮਿਠੜੀ ਪੌਣ ਮੋਰ ਮਨ ਭਾਵੇ,
ਕੋਇਲ ਮਸ੍ਤ ਅਵਾਜ ਸੁਨਾਵੇ,
ਕੈਸੇ ਗੀਤ ਪਪੀਹਾ ਗਾਵੇ,
ਝਿਮ ਝਿਮ ਮੇਘ ਮਲਾਰੇ. × × ×

ਇਸ ਧਾਰਣਾ ਵਿੱਚ ਤਿੰਨ ਪਦ ਸੋਲਾ ਸੋਲਾਂ ਮਾਤ੍ਰਾ ਦੇ ਹੈਨ ਅੰਤ ਦਾ ਰਹਾਉ (ਕਾਫ਼ੀ) 12 ਮਾਤ੍ਰਾ ਦਾ ਹੈ.

2. ਬੁਲ੍ਹੇ ਸ਼ਾਹ ਫ਼ਕੀਰ ਦੀਆਂ ਕਾਫ਼ੀਆਂ ਭੀ ਪੰਜਾਬ ਵਿਖੇ ਬਹੁਤ ਪ੍ਰਸਿੱਧ ਹੈਨ, ਜੋ ਅੜਿੱਲ* ਦਾ ਇਕ ਭੇਦ ਹੈ. ਯਥਾ—

ਉਠ ਜਾਗ ਘੁਰਾੜੇ ਮਾਰ ਨਹੀਂ,
ਤੂ ਏਸ ਜਹਾਨੋਂ ਜਾਵੇਂਗੀ,
ਫਿਰ ਕਦਮ ਨਾ ਏਥੇ ਪਾਵੇਂਗੀ,
ਇਹ ਜੋਬਨ ਰੂਪ ਲੁਟਾਵੇਂਗੀ,
ਤੂ ਰਹਿਣਾ ਵਿਚ ਸੰਸਾਰ ਨਹੀਂ.
ਮੂੰਹ ਆਈ ਬਾਤ ਨ ਰਹਿੰਦੀ ਹੈ,
ਉਹ ਸ਼ੋਹ ਅਸਾਥੋਂ ਵੱਖ ਨਹੀਂ,
ਬਿਨ ਸ਼ਹੁ ਤੋਂ ਦੂਜਾ ਕੱਖ ਨਹੀਂ,
ਪਰ ਦੇਖਣ ਵਾਲੀ ਅੱਖ ਨਹੀਂ,
ਇਹ ਜਾਨ ਪਈ ਦੁਖ ਸਹਿੰਦੀ ਹੈ.

3. ਕਈਆਂ ਨੇ "ਤਾਟੰਕ" ਛੰਦ ਦੀ ਚਾਲ ਨੂੰ ਹੀ "ਕਾਫ਼ੀ" ਦਾ ਸਰੂਪ ਦੱਸਿਆ ਹੈ, ਪਰ ਏਹ ਸਹੀ ਨਹੀਂ. ਕਯੋਂਕਿ ਕਾਫ਼ੀ ਖ਼ਾਸ ਛੰਦ ਨਹੀਂ ਹੈ, ਕਿੰਤੂ ਗਾਉਣ ਦਾ ਇੱਕ ਢੰਗ ਹੈ.

4. ਸੰਪੂਰਣ ਜਾਤਿ ਦੀ ਇੱਕ ਰਾਗਣੀ ਭੀ "ਕਾਫ਼ੀ" ਹੈ. ਜਿਸ ਦਾ ਇਸ ਛੰਦਗ੍ਰੰਥ ਵਿਖੇ ਲਿਖਣਾ ਪ੍ਰਕਰਣ ਵਿਰੁੱਧ ਹੈ.

ਕਾਮਿਨੀਮੋਹਨਾ ਦੇਖੋ, ਅਚਕੜਾ.
ਕਾਵ੍ਯ ਦੇਖੋ, ਰੋਲਾ.

---

*ਦੇਖੋ, ਅੜਿੱਲ ਦਾ ਲਕ੍ਸ਼ਣ.

ਕਿਰੀਟ ਦੇਖੋ, ਸਵੈਯੇ ਦਾ ਰੂਪ 14.

## ਕਿਲਕਾ

ਇਸ ਨੂ 'ਅਸਤਾ'' ਅਤੇ ''ਤੋਟਕ'' ਭੀ ਆਖਦੇ ਹਨ. ਜੈਸੇ ਸੰਖਨਾਰੀ ਦਾ ਦੂਗਣਾ ਸੂਰੂਪ ਭੁਜੰਗ ਪ੍ਰਯਾਤ ਹੈ, ਤੈਸੇ ਹੀ ਤਿਲਕਾ ਦਾ ਦੂਗਣਾ ਰੂਪ ਕਿਲਕਾ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ ।।S, ।।S, ।।S, ।।S. ਉਦਾਹਰਣ—

ਪਕਰੈਂ ਨਿਤ ਪਾਪ ਪਰਾਤ ਘਨੇ,
ਜਨ ਦੇਖਨ ਕੇ ਤਰ ਸ਼ੁੱਧ ਬਨੇ,
ਜਗ ਛੋਰ ਭਜਾ ਗਤਿ ਧੱਮਨ ਕੀ,
ਸੁ ਜਹਾਂ ਤਂਹਿ ਪਾਪਕ੍ਰਿਆ ਪ੍ਰਚੁਰੀ.

[ ਦਸਮ ਗ੍ਰੰਥ, ਕਲਕੀ ]

## ਕੁਸਮਬਿਚਿਤ੍ਰ—ਕੁਸੁਮਵਿਚਿਤ੍ਰਾ

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਯ, ਨ, ਯ. ।।।, ।SS, ।।।, ।SS. ਉਦਾਹਰਣ

ਤਿਨ ਬਨਬਾਸੀ ਰਘੁਬਰ ਜਾਨੇ,
ਦੁਖ ਸੁਖ ਸੰਗੀ ਸੁਖ ਦੁਖ ਮਾਨੇ,
ਬਲਕਲ ਲੈਕੇ ਅਬ ਬਨ ਜੈਹੈਂ,
ਰਘੁਪਤਿ ਸੰਗੇ ਬਨਫਲ ਖੈਹੈਂ. [ ਦਸਮਗ੍ਰੰਥ ਰਾਮਾਵਤਾਰ ]

ਕੁਕੁਭ ਦੇਖੋ, ਕਕੁਭਾ.

## ਕੁੰਡਰੀਆ-ਕੁੰਡਲਿਯਾ-ਕੁੰਡਲੀਆ

ਲਛਣ – ਛੀ ਚਰਣ, ਪਹਿਲੇ ਦੋ ਚਰਣ ਦੋਹਾ, ਫੇਰ ਚਾਰ ਚਰਣ ਰੋਲਾ, ਅਰਥਾਤ ਚੋਬੀਹ ਚੋਬੀਹ ਮਾਤ੍ਰਾ ਦੇ ਚਾਰ ਚਰਣ. ਹਰੇਕ ਚਰਣ ਦਾ ਪਹਿਲਾ ਵਿਸ਼੍ਰਾਮ 11 ਮਾਤ੍ਰਾ ਪਰ, ਦੂਜਾ 13 ਪਰ. ਦੋਹੇ ਦਾ ਅੰਤਿਮ ਪਦ ਸਿੰਘਾਵਲੋਕਨ ਨਯਾਯ ਕਰਕੇ ਰੋਲੇ ਦਾ ਮੁੱਢ, ਅਤੇ ਰੋਲੇ ਦਾ ਅੰਤਿਮ ਪਦ ਦੋਹੇ ਦੇ ਆਦਿ ਹੋਣਾ ਚਾਹੀਯੇ. ਪਦਾਂ ਦਾ ਕੁੰਡਲਾਕਾਰ ਹੋਕੇ ਆਉਣਾ ਹੀ ''ਕੁੰਡਲੀਆ'' ਨਾਮ ਦਾ ਕਾਰਣ ਹੈ. ਇਹ ਛੰਦ ਕਲਸ ਜਾਤਿ ਵਿੱਚੋਂ ਹੈ. ਉਦਾਹਰਣ—

ਓਨਮ ਸ਼੍ਰੀ ਸਤਿਗੁਰੁ ਚਰਣ, ਆਦਿ ਪੁਰਖ ਆਦੇਸ਼,
ਏਕ ਅਨੇਕ ਬਿਬੇਕ ਸਸਿ, ਘਟ ਘਟ ਕਾ ਪਰਵੇਸ਼,—
ਘਟ ਘਟ ਕਾ ਪਰਵੇਸ਼, ਸ਼ੇਸ਼ ਪਹਿ ਕਹਤ ਨ ਆਵੈ,
ਨੇਤਿ ਨੇਤਿ ਕਹਿ ਨੇਤ, ਬੇਦ ਬੰਦੀਜਨ ਗਾਵੈ,
ਆਦਿ ਮੱਧ ਅਰ ਅੰਤ, ਹੁਤੇ ਹੁਤ ਹੈ ਪੁਨ ਹੋਨਮ,
ਆਦਿ ਪੁਰਖ ਆਦੇਸ਼, ਕਰਣ ਸ਼੍ਰੀ ਸਤਿਗੁਰੁ ਓਨਮ.

[ ਭਾਈ ਗੁਰਦਾਸ ਜੀ ]

2. ਦਸਮਗ੍ਰੰਥ ਵਿੱਚ ਚਾਰ ਚਰਣ ਦਾ ਕੁੰਡਲੀਆ ਆਂਉਂਦਾ ਹੈ, ਪਹਿਲੇ ਦੋ ਚਰਣ ਦੋਹਾ, ਪਿਛਲੇ ਦੋ ਚਰਣ ਰੋਲੇ ਦੇ, ਯਥਾ :—

ਦੀਨਨ ਕੀ ਰੱਛਾ ਨਮਿਤ, ਕਰ ਹੈਂ ਆਪ ਉਪਾਯ,
ਪਰਮਪੁਰਖ ਪਾਵਨ ਸਦਾ, ਆਪ ਪ੍ਰਗਟਹੈਂ ਆਯ,—
ਆਪ ਪ੍ਰਗਟਹੈਂ ਆਯ, ਦੀਨ ਰੱਛਾ ਕੇ ਕਾਰਣ,
ਅਵਤਾਰੀ ਅਵਤਾਰ, ਧਰਾ ਕੇ ਭਾਰ ਉਤਾਰਣ.

[ਦਸਮਗ੍ਰੰਥ, ਕਲਕੀ]

3. ਸਿੰਘਾਵਲੋਕਨ ਨਜਾਮ ਕਰਕੇ ਜੋ ਪਦ "ਕੁੰਡਲੀਏ" ਵਿੱਚ ਆਉਣ, ਜੇ ਉਨ੍ਹਾਂ ਵਿਖੇ "ਯਮਕ" ਹੋਵੇ ਤਦ ਛੰਦ ਦੀ ਹੋਰ ਭੀ ਸੁੰਦਰਤਾ ਹੈ, ਅਰਥਾਤ ਪਦ ਓਹੀ ਹੋਣ, ਪਰ ਅਰਥ ਭਿੰਨ ਹੋਵੇ, ਯਥਾ :—

ਹਾਲਾ* ਸੇਵਨ ਜਿਨ ਕਰੀ, ਕਾਲ ਨਿਮੰਤ੍ਰਣ ਦੀਨ,†
ਸੁਖ ਸੰਪਤਿ ਕੋ ਖੋਯਕੈ, ਭਯੇ ਅੰਤ ਅਤਿ ਦੀਨ,‡—
ਦੀਨ§ ਦੁਨੀ ਕੋ ਮਾਨ, ਤਾਨ ਨਿਜ ਤਨ ਕੋ ਖੋਯੋ,
ਬਿਖਬੇਲੀ ਕੋ ਬੀਜ, ਆਪਣੇ ਹਾਥਨ ਬੋਯੋ,
ਹਰਿ ਵ੍ਰਿਜੇਸ਼ ਕੁਲਕਾਨ, ਤਜਾਗ ਕਰਤੇ ਮੁਖ ਕਾਲਾ,
ਸਹੈਂ ਨਿਰਾਦਰ ਨਿਤਯ, ਫਿਰੈਂ ਦਰ ਦਰ ਬਦਹਾਲਾ.

ਕੁੰਦਲਤਾ ਦੇਖੋ, ਸਵੈਯੇ ਦਾ ਰੂਪ 18.

## ਕੁਮਾਰਲਲਿਤ--ਕੁਮਾਰਲਲਿਤਾ

ਲੱਛਣ—ਚਾਰ ਚਰਣ, ਪ੍ਰਤਿ ਚਰਣ ਜ, ਰ, ਲ, ਗ. ।ऽ।, ऽ।ऽ. ।, ऽ. ਉਦਾਹਰਣ—

ਕਿਸੂ ਨ ਦਾਨ ਦੇਹਿੰਗੇ,
ਸੁ ਸਾਧੁ ਲੂਟ ਲੇਹਿੰਗੇ. × × × [ਦਸਮਗ੍ਰੰਥ, ਕਲਕੀ]

2. ਇਸ ਛੰਦ ਦਾ ਦੂਜਾ ਰੂਪ-ਪ੍ਰਤਿ ਚਰਣ ਜ, ਸ, ਗ. ।ऽ।, ।।ऽ, ऽ. ਉਦਾਹਰਣ—

ਵਿਰੰਚ ਗੁਣ ਦੇਖੈ,
ਗਿਰਾ ਗੁਣ ਨ ਲੇਖੈ. × × × [ਰਾਮ ਚੰਦ੍ਰਿਕਾ]

## ਕੁਲਕ

**ਦਸਮਗ੍ਰੰਥ ਵਿੱਚ ਕੁਲਕ ਦਾ ਰੂਪ ਹੈ—ਚਾਰ ਚਰਣ, ਪ੍ਰਤਿ ਚਰਣ ਭ, ਜ. ऽ।।, ।ऽ।. ਉਦਾਹਰਣ—**

ਧੰਧਕਤ ਇੰਦ । ਚੰਚਕਤ ਚੰਦ ।
ਥੰ ਥਕਤ ਪੌਨ । ਭੰ ਭਜਤ ਮੌਨ ॥

[ਦਸਮਗ੍ਰੰਥ, ਦੱਤ ਅਵਤਾਰ]

*ਸ਼ਰਾਬ †ਦਿੱਤਾ. ‡ਦੁਖੀ ਅਤੇ ਦਰਿਦ੍ਰੀ.
§ਧਰਮ. ਪਰਮਾਰਥ.

**2. ਦੂਜਾ ਰੂਪ**—ਪ੍ਰਤਿ ਚਰਣ ਅੱਠ ਮਾਤ੍ਰਾ, ਅੰਤ ਦੋ ਗੁਰੁ. ਇਸ ਭੇਦ ਦਾ ਨਾਮ "ਛਕਤ" ਭੀ ਹੈ, ਯਥਾ—

ਦੁੰਦਭਿ ਬਾਜੇ । ਸਭ ਸੁਰ ਗਾਜੇ ।
ਸੀਸ ਨਿਵਾਯੇ । ਸਭ ਸੁਖ ਪਾਯੇ ॥

[ਦਸਮਗ੍ਰੰਥ, ਚੰਡੀ ਚਰਿਤ੍ਰ 2]

**3. ਤੀਜਾ ਰੂਪ**—ਪ੍ਰਤਿ ਚਰਣ ਅੱਠ ਮਾਤ੍ਰਾ, ਅੰਤ ਗੁਰੁ ਲਘੁ ਦਾ ਨਿਯਮ ਨਹੀਂ. ਇਸ ਭੇਦ ਦਾ ਨਾਮ "ਪ੍ਰਸਿੱਧ" ਹੈ. ਉਦਾਹਰਣ—

ਗਹਿ ਬਹੁ ਬਰਿਯਤ । ਨਰਕਹਿ ਡਰਿਯਤ ।
ਅਸ ਦੁਰਕਰਮੰ । ਛੁਟ ਜਗ ਧਰਮੰ ॥

[ਦਸਮਗ੍ਰੰਥ ਕਲਕੀ]

ਪਾਪਨ ਭਰਜਨ । ਪੁਨਜਨ ਭਰਜਨ ।
ਮਰਜਨ ਤਰਜਨ । ਕਰਤ ਅਮਰ ਜਨ.*

[ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ]

## ਕੁਲਕਾ

**ਦਸਮਗ੍ਰੰਥ ਵਿਖੇ ਏਹ "ਸ਼ਸ਼ਿਵਦਨਾ" ਦਾ ਹੀ ਰੂਪ ਹੈ. ਅਰਥਾਤ ਪ੍ਰਤਿ ਚਰਣ ਨ, ਯ,** ।।।, ।ऽऽ, ਉਦਾਹਰਣ—

ਸਰ ਸਿਜ ਰੂਪੰ । ਸਭ ਭਟ ਭੂਪੰ ।
ਅਤਿ ਛਬਿ ਸੋਭੰ । ਮੁਨਿ ਗਨ ਲੋਭੰ ॥

[ਦਸਮਗ੍ਰੰਥ, ਕਲਕੀ]

## ਕੋਰੜਾ

**ਇਸਦਾ ਨਾਮ "ਆਨੰਦ" ਭੀ ਹੈ**

**ਲਛਣ—ਚਾਰ ਚਰਣ, ਪ੍ਰਤਿ ਚਰਣ 13 ਅੱਖਰ. ਪਹਿਲਾ ਵਿਸ਼੍ਰਾਮ 6 ਪਰ, ਦੂਜਾ 7 ਪਰ, ਅੰਤ ਲਘੁ ਗੁਰੁ. ਜੇ ਇਸ ਦੇ ਅੰਤ ਰਗਣ** ऽ।ऽ **ਰੱਖੀਏ, ਤਦ ਚਾਲ ਬਹੁਤ ਸੁੰਦਰ ਹੁੰਦੀ ਹੈ. ਉਦਾਹਰਣ—**

ਸਤਗੁਰੁ ਕਹਜੋ, ਸੁਨੋ ਵੀਰ ਖ਼ਾਲਸਾ,
ਤਯਾਗ ਦੇਹੁ ਮਨੋ, ਵਡਿਆਈ ਲਾਲਸਾ,
ਹੋਇ ਨਿਸਕਾਮ, ਕਰੋ ਸੇਵਾ ਦੇਸ਼ ਕੀ,
ਚਾਹਤ ਹੋ ਕ੍ਰਿਪਾ, ਯਦਿ ਜਗਤੇਸ਼ ਕੀ.

**"ਪਯਾਰ" ਛੰਦ ਇਸੇ ਦਾ ਇੱਕ ਭੇਦ ਹੈ. ਦੇਖੋ, ਪਯਾਰ.**

---

*ਪਾਪਾਂ ਕਰਕੇ ਭੁੰਨੇ ਹੋਏ ਲੋਕਾਂ ਨੂੰ ਪੁੰਨਾ ਨਾਲ ਭਰਦੇ ਹਨ, ਮੌਤ ਕਰਕੇ ਤਾੜਿਤ ਜਨਾਂ ਨੂੰ ਗੁਰੂ ਅਰਜਨਦੇਵ ਅਮਰ ਕਰਦੇ ਹਨ.

ਕੰਜਅਵਲਿ ਦੇਖੋ, ਪੰਕਜ ਬਾਟਿਕਾ ਦਾ ਰੂਪ 2.

### ਕੰਠਅਭੂਖਣ—ਕੰਠਾਭੂਸਣ

ਲਛਣ—ਚਾਰ ਚਰਣ, ਪ੍ਰਤਿ ਚਰਣ ਤਿੰਨ ਭਗਣ ਦੋ ਗੁਰੁ. ऽ।।, ऽ।।, ऽ।।, ऽ, ऽ.

ਉਦਾਹਰਣ—

ਭਤੰ ਕੁਮਾਰ ਨ ਐ ਹਠ ਕੀਜੈ,
ਜਾਹ ਘਰੈਂ ਨ ਹਮੈ ਦੁਖ ਦੀਜੈ,
ਰਾਜ ਕਹਜੋ ਜੁ ਹਮੈ ਹਮ ਮਾਨੀ,
ਤ੍ਰਯੋਦਸ਼ ਬਖੰ ਬਸੈਂ ਬਨਧਾਨੀ.*

[ਦਸਮਗ੍ਰੰਥ, ਰਾਮਾਵਤਾਰ]

ਕ੍ਰਿਸ੍ਨ ਦੇਖੋ, ਛੱਪਯ ਦਾ ਰੂਪ 2.

## ਕ੍ਰਿਪਾਨ

### ਇਹ ਛੰਦ ਕਬਿੱਤ ਦੀ ਹੀ ਇੱਕ ਜਾਤਿ ਹੈ.

ਲਛਣ—ਪ੍ਰਤਿ ਚਰਣ 32 ਅੱਖਰ. ਅੱਠ ਅੱਠ ਵਰਣਾ ਪਰ ਅਨੁਪ੍ਰਾਸ ਸਹਿਤ ਚਾਰ ਵਿਸ਼੍ਰਾਮ. ਹਰੇਕ ਚਰਣ ਦਾ ਸੱਤਵਾਂ, ਪੰਦ੍ਰਵਾਂ, ਤੇਈਹਵਾਂ, ਅਤੇ ਇਕਤੀਹਵਾਂ ਅੱਖਰ ਗੁਰੁ, ਅਰੁ ਅੱਠਵਾਂ, ਸੋਲਵਾਂ, ਚੋਬੀਹਵਾਂ, ਅਤੇ ਬੱਤੀਹਵਾਂ ਲਘੁ.

ਇਸ ਛੰਦ ਦਾ ਪ੍ਰਯੋਗ ਵੀਰਰਸ ਵਿਖੇ ਵਿਸ਼ੇਸ਼ ਹੁੰਦਾ ਹੈ. ਉਦਾਹਰਣ—

ਸੈਨਾਪਤਿ ਕਾਲਾ ਖ਼ਾਨ, ਜੋਰਕੈ ਚਮੂ ਮਹਾਨ,
ਧਾਰ ਬਲ ਅਭਿਮਾਨ, ਡਟਜੋ ਹੈ ਮੈਦਾਨ ਆਨ,
ਰਿਸ ਕਰ ਪੈਂਦਾ ਖ਼ਾਨ, ਭਯੋ ਗੁਰੁ ਸਮੁਹਾਨ,
ਸਿੰਘਨਾਦ ਉੱਚ ਠਾਨ, ਬੋਲਜੋ ਨਹਿ ਪੈਹੋਂ ਜਾਨ,
ਗਹਿਕੈ ਰਕਾਬ ਪਾਨ, ਰੋਕ ਲੀਨ ਹੈ ਕਿੰਕਾਨ,
ਹੇਤ ਭੂਮਿ ਪੈ ਗਿਰਾਨ; ਲਾਵਤ ਸ਼ਰੀਰ ਤਾਨ,
ਸਤ੍ਰ ਬਨ ਕੋ ਕ੍ਰਿਸ਼ਾਨ,† ਵੀਰ ਸੋਢਿਵੰਸ਼ ਭਾਨ,‡
ਕਾਲਜੀਹ ਕੇ ਸਮਾਨ, ਝਾਰੀ ਸਿਰ ਪੈ ਕ੍ਰਿਪਾਨ.§

## ਕ੍ਰਿਪਾਨਕ੍ਰਿਤ

ਲਛਣ—ਚਾਰ ਚਰਣ, ਪ੍ਰਤਿ ਚਰਣ ਸ, ਨ, ਲ. ।।ऽ, ।।।, ।. ਉਦਾਹਰਣ—

---

*ਤੇਰਾਂ ਵਰ੍ਹੇ ਵਣ ਸਥਾਨ ਵਿਖੇ ਅਸੀ ਹੋਰ ਰਹਾਂਗੇ. ਭਰਤ ਜਦ ਰਾਮਚੰਦ੍ਰ ਜੀ ਪਾਸ ਪਹੁੰਚਿਆ ਹੈ, ਤਦ ਇੱਕ ਵਰ੍ਹਾ ਵਣਵਾਸ ਦਾ ਬੀਤ ਚੁੱਕਾ ਸੀ.

†ਕ੍ਰਿਸ਼ਾਨੁ. ਅਗਨਿ. ‡ਭਾਨੁ. ਸੂਰਜ.

§ਇਸ ਛੰਦ ਵਿੱਚ ਕਰਤਾਰਪੁਰ ਦੇ ਜੰਗ ਦਾ ਵਰਣਨ ਹੈ, ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ, ਸ਼ਾਹੀ ਸੈਨਾਪਤਿ ਕਾਲਾਖ਼ਾਨ ਦਾ, ਪੈਂਦਾਖ਼ਾਣ ਦਾ ਪੂਰਣਾ ਕਰਕੇ ਹੋਯਾ ਸੀ.

ਜਹਿੰ ਤੀਰ ਛੁਟਤ। ਰਣਧੀਰ ਜੁਟਤ।
ਛਰ ਛੀਰ ਉਠਤ। ਤਨੁਤ੍ਰਾਣ ਤ੍ਰੁਟਤ॥

[ਦਸਮਗ੍ਰੰਥ, ਕਲਕੀ]

2. ਦੱਤ ਅਵਤਾਰ ਵਿਖੇ "ਮਧੁਭਾਰ" ਦਾ ਹੀ ਨਾਮ ਕ੍ਰਿਪਾਨਕ੍ਰਿਤ ਆਯਾ ਹੈ, ਯਥਾ :—

ਮੁਨਿ ਅਤਿ ਅਪਾਰ। ਗੁਣ ਗਣ ਉਦਾਰ।
ਵਿਦ੍ਯਾ ਵਿਚਾਰ। ਨਿਤ ਕਰਤ ਚਾਰ।

ਕ੍ਰੀੜਾ ਦੇਖੋ, ਅਰੂਪਾ ਅਤੇ ਮਾਧੋ ਦਾ ਰੂਪ 1.
ਕ੍ਰੀੜਾਚਕ੍ਰ ਦੇਖੋ, ਭੁਜੰਗਪ੍ਰਯਾਤ ਦਾ ਰੂਪ 3.
ਕ੍ਰੌਂਚ—ਕ੍ਰੌਂਚਪਦਾ ਦੇਖੋ, ਸਵੈਯੇ ਦਾ ਰੂਪ 29.
ਖਟਪਦ ਦੇਖੋ, ਕੁੰਡਲੀਆ ਅਤੇ ਛੱਪਯ.
ਖੰਜਨ ਦੇਖੋ, ਸਵੈਯੇ ਦਾ ਰੂਪ 22
ਗਗਨ ਦੇਖੋ, ਛੱਪਯ ਦਾ ਰੂਪ 1.

## ਗ਼ਜ਼ਲ غزل

ਅ਼ਰਬੀ ਭਾਸ਼ਾ ਵਿੱਚ "ਗ਼ਜ਼ਲ" ਦਾ ਅਰਥ ਹੈ ਇਸਤ੍ਰੀਆਂ ਨਾਲ ਵਾਰਤਾਲਾਪ, ਅਰਥਾਤ ਪ੍ਰੇਮ ਪੂਰਿਤ ਕਾਵ੍ਯ. ਪਰੰਤੂ ਖ਼ਾਸ ਇਕ ਛੰਦ ਦੀ ਜਾਤਿ ਵਿਸ਼ਯ ਭੀ ਇਹ ਪਦ ਵਰਤੀਦਾ ਹੈ.*

ਇਸ ਛੰਦ ਦੇ ਅਨੰਤ ਭੇਦ ਹਨ. ਜੈਸੇ ਸਵੈਯਾ ਅਨੇਕ ਰੂਪ ਦਾ ਦੇਖੀਦਾ ਹੈ, ਐਸੇ ਹੀ ਗ਼ਜ਼ਲ ਦੇ ਬਹੁਤ ਰੂਪ ਹੈਨ. ਭਾਈ ਨੰਦ ਲਾਲ ਜੀ ਨੇ "ਦੀਵਾਨਗੋਯਾ" ਵਿੱਚ 10 ਅਰੁ 12 ਪਦ ਦੇ ਗ਼ਜ਼ਲ ਲਿਖੇ ਹਨ. ਜਿਨ੍ਹਾਂ ਦੇ ਕੁਛ ਕੁਛ ਮਾਤ੍ਰਾ ਦੇ ਭੀ ਭੇਦ ਹੈਨ. ਗ਼ਜ਼ਲ ਦੇ ਜਿਸਤ ਪਦਾਂ ਦਾ ਅਨੁਪ੍ਰਾਸ ਮਿਲਣਾ ਜ਼ਰੂਰੀ ਹੈ. ਦੇਖੋ, ਅੱਗੇ ਦਿਤੇ ਰੂਪ—

1. ਦਸ ਚਰਣ. ਪ੍ਰਤਿ ਚਰਣ 27 ਅਥਵਾ 23 ਮਾਤ੍ਰਾ. ਜਿਸਤ ਪਦ ਦਾ ਤੁਕਾਂਤ ਮਿਲਦਾ, ਅਰੁ ਗੁਰੁ ਅੱਖਰ ਪਰ ਸਮਾਪਤੀ. ਉਦਾਹਰਣ—

ਦੀਨ ਦੁਨਿਯਾ ਕਰ ਕਮੰਦੇ ਆਂ ਪਰੀ ਰੁਖ਼ਸਾਰੇ ਮਾ,
ਹਰ ਦੋ ਆ਼ਲਮ ਕ਼ੀਮਤੇ ਯਕ ਤਾਰ ਮੂਯੇ ਯਾਰੇ ਮਾ. × × ×
ਗਾਹੇ ਸੂਫ਼ੀ ਗਾਹੇ ਜ਼ਾਹਦ ਗਹ ਕ਼ਲੰਦਰ ਮੇ ਸ਼ਵਦ,
ਰੰਗਹਾਯੇ ਮੁਖ਼ਤਲਿਫ਼ ਦਾਰਦ ਬੁਤੇ ਅ਼ੱਯਾਰੇ ਮਾ. × × ×

[ਦੀਵਾਨਗੋਯਾ]

---

*ਬਾਬੂ ਜਗੰਨਾਥ ਜੀ ਨੇ "ਵਿਧਾਤਾ" ਛੰਦ ਦਾ ਹੀ ਰੂਪਾਂਤਰ ਗ਼ਜ਼ਲ ਨੂੰ ਦੱਸਿਆ ਹੈ. ਵਿਧਾਤਾ ਦਾ ਲਛਣ ਹੈ—ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ. 14—14 ਪਰ ਵਿਸ਼੍ਰਾਮ. ਉਦਾਹਰਣ—

ਕਰੋ ਹਿੰਮਤ ਤਜੋ ਆਲਸ, ਬਿਤਾਓ ਜ਼ਿੰਦਗੀ ਸੁਖ ਸੇ.

2. ਬਾਰਾਂ ਚਰਣ, ਪ੍ਰਤਿ ਚਰਣ 21 ਮਾਤ੍ਰਾ. ਜਿਸਤ ਪਦਾਂ ਦਾ ਅਨੁਪ੍ਰਾਸ ਮਿਲਦਾ ਅਤੇ ਗੁਰੁ ਅਖਰ ਪਰ ਪਦਾਂਤ. ਉਦਾਹਰਣ—

ਖ਼ੁਸ਼ਮ੍ ਉਮ੍ ਕਿ ਦਰ ਯਾਦ ਬਿਗੁਜ਼ਰਦ, ਵਰਨਹ,
ਚਿ ਹਾਸਲਸ੍ ਅਜ਼ੀਂ ਗੁੰਬਦੇ ਕਬੂਦ ਮਰਾ. × × ×

[ਦੀਵਾਨਗੋਯਾ]

3. ਦਸ਼ ਚਰਣ, ਟੌਂਕ ਚਰਣਾਂ ਦੀਆਂ ਮਾਤ੍ਰਾ 24, ਅਤੇ ਜਿਸਤ ਪਦਾਂ ਦੀਆਂ 27. ਜਿਸਤ ਪਦਾਂ ਦਾ ਤੁਕਾਂਤ ਮਿਲਦਾ. ਲਘੁ ਅਖਰ ਪਰ ਪਦ ਦੀ ਸਮਾਪਤੀ. ਉਦਾਹਰਣ—

ਗੋਯਾ ਨਿਗਾਹੇ ਯਾਰ ਕਿ ਮਖ਼ਮੂਰ ਗਸ਼ਹ ਏਮ,
ਕੈ ਖ਼੍ਵਾਹਸ਼ੇ ਮਯ ਰੰਗੀਨ ਪੁਰ ਅਸਰਾਰ ਮੇ ਕੁਨੇਮ. × × ×

[ਦੀਵਾਨਗੋਯਾ]

4. ਪੰਜਾਬੀ ਕਵੀ ਭੀ ਅਨੇਕ ਵਜ਼ਨ ਦੀ ਗ਼ਜ਼ਲ ਲਿਖਦੇ ਹਨ. ਜਿਨ੍ਹਾਂ ਵਿੱਚੋਂ ਇੱਕ ਰੂਪ ਇਹ ਹੈ :—

ਅੱਠ ਚਰਣ, ਟੌਂਕ ਚਰਣਾਂ ਦੀਆਂ ਮਾਤ੍ਰਾ 27, ਅਰੁ ਜਿਸਤ ਚਰਣਾਂ ਦੀਆਂ 23. ਜਿਸਤ ਚਰਣਾਂ ਦੇ ਅਨੁਪ੍ਰਾਸ ਦਾ ਮੇਲ, ਅਰੁ ਅੰਤ ਗੁਰੁ. ਟੌਂਕ ਪਦਾਂ ਦਾ ਯਮਕ ਅਨਮੇਲ ਅਤੁ ਅੰਤ ਲਘੁ. ਉਦਾਹਰਣ—

ਮਿਟਗਈ ਮਨ ਕੀ ਬੁਰਾਈ ਸ਼ਾਂਤਿ ਨੇ ਕੀਨੋ ਨਿਵਾਸ,
ਸਤਗੁਰੂ ਕੀ ਕ੍ਰਿਪਾ ਪਾਈ ਜਨਮ ਮਰਣਾ ਕਟਗਯਾ,
ਸਭਿਨ ਸੇ ਕੀਨੀ ਮਿਤਾਈ ਦੂਰ ਕੀਨੋ ਦ੍ਵੈਤਭਾਵ,
ਹੈਂ ਦਿਖਾਤੇ ਸਗੇ ਭਾਈ ਪਟਲ ਭ੍ਰਮ ਕਾ ਫਟਗਯਾ. × × ×

ਗਯੰਦ ਦੇਖੋ, ਦੋਹਰੇ ਦਾ ਰੂਪ 10.

## ਗਾਹਾ

ਏਹ ਛੰਦ ਦੋ ਤੁਕਾਂ ਦਾ ਹੁੰਦਾ ਹੈ. ਪ੍ਰਤਿ ਤੁਕ ਦੋ ਵਿਸ਼੍ਰਾਮ ਦੇ ਹਿਸਾਬ ਚਾਰ ਪਾਦ ਹੁੰਦੇ ਹਨ. ਪਹਿਲੇ ਦੀਆਂ ਬਾਰਾਂ ਮਾਤ੍ਰਾ, ਦੂਜੇ ਦੀਆਂ ਅਠਾਰਾਂ, ਤੀਜੇ ਦੀਆਂ ਬਾਰਾਂ ਅਰੁ ਚੌਥੇ ਪਾਦ ਦੀਆਂ ਪੰਦ੍ਰਾਂ ਮਾਤ੍ਰਾ, ਅੰਤ ਗੁਰੁ. ਇਸ ਦਾ ਨਾਮ "ਆਰਯਾ" ਭੀ ਹੈ. ਉਦਾਹਰਣ—

ਰਾਮਚੰਦ੍ਰ ਪਦਪਦਮੰ, ਵ੍ਰਿੰਦਾਰਕ* ਵ੍ਰਿੰਦਾਭਿਵੰਦਨੀਯੰ,
ਕੇਸ਼ਵ ਮਤਿ ਭੂਤਨਯਾ† ਲੋਚਨੰ ਚੰਚਰੀ‡ ਕਾਯਤੇ.

[ਰਾਮਚੰਦ੍ਰਿਕਾ]

2. ਦੇਖੋ, ਗਾਹਾ ਦੂਜਾ.

## ਗਾਹਾਦੂਜਾ

ਦਸਮਗ੍ਰੰਥ ਵਿਖੇ "ਗਾਹਾਦੂਜਾ" ਸਿਰਲੇਖ ਹੇਠ ਗਾਹਾ ਛੰਦ ਦਾ ਇਹ ਸਰੂਪ ਹੈ :-

---

*ਦੇਵਤਾ. †ਸੀਤਾ. ‡ਚੰਚਰੀਕ. ਭੌਰਾ.

ਦੋ ਚਰਣ, ਪ੍ਰਤਿ ਚਰਣ 27 ਮਾਤ੍ਰਾ. ਪਹਿਲਾ ਵਿਸ਼੍ਰਾਮ 14 ਪਰ, ਦੂਜਾ 13 ਪਰ.

ਉਦਾਹਰਣ—

ਮਾਤਵੰ ਮਦਿਅੰ ਕੁਨਾਰੰ, ਅਨਰਤੰ ਧਮੰਣੋ ਤ੍ਰਿਆਇ,
ਕੁਕਰਮਣੋ ਕਥਿਤੰ ਥਦਿਤੰ, ਲੱਜਣੋਹ ਤਜਤੰ ਨਰੰ.

[ਦਸਮਗ੍ਰੰਥ, ਕਲਕੀ]

## ਗੀਆ

ਏਹ ਹਰਿਗੀਤਿਕਾ ਦਾ ਪਹਿਲਾ ਸਰੂਪ ਹੈ. ਦੇਖੋ, ਹਰਿਗੀਤਿਕਾ, ਅਤੇ ਗੀਤਮਾਲਿਤ ਦਾ ਰੂਪ 2.

## ਗੀਤਮਾਲਿਤੀ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ. ਚੌਦਾਂ ਚੌਦਾਂ ਪਰ ਦੋ ਵਿਸ਼੍ਰਾਮ, ਅੰਤ ਰਗਣ ऽ।ऽ ਉਦਾਹਰਣ—

ਪਛਿਰਾਜ ਰਾਵਨ ਮਾਰਕੈ, ਰਘੁਰਾਜ ਸੀਤਹਿ ਲੈਗਯੋ,
ਨਭ ਓਰ ਖੋਰ ਨਿਹਾਰਕੈ, ਸੁ ਜਟਾਯੁ ਸਿਯ ਸੰਦੇਸ ਦਯੋ,
ਤਬ ਜਾਨ ਰਾਮ ਗਏ ਬਲੀ, ਸਿਯ ਸਤਜ ਰਾਵਨ ਹੀ ਹਰੀ,
ਹਨੁਵੰਤ ਮਾਰਗ ਮੋ ਮਿਲੇ, ਤਬ ਮਿਤ੍ਰਤਾ ਤਿਹ ਸੋਂ ਕਰੀ.

[ਦਸਮਗ੍ਰੰਥ ਰਾਮਾਵਤਾਰ]

2. ਵਿਸ਼੍ਰਾਮ ਭੇਦ ਕਰਕੇ ਇਸੇ ਛੰਦ ਦੀ "ਗੀਯਮਾਲਤੀ" ਸੰਗ੍ਯਾ ਹੈ. ਪ੍ਰਤਿ ਚਰਣ ਪਹਿਲਾ ਵਿਸ਼੍ਰਾਮ 16 ਪਰ, ਦੂਜਾ 12 ਪਰ, ਅੰਤ ਰਗਣ ऽ।ऽ.* ਉਦਾਹਰਣ—

ਗੁਰੁ ਕਲਪਤਰੁ ਕਰ ਸ਼ਾਖ ਸੁੰਦਰ,
ਫੂਲ ਫਲ ਯੁਤ ਸੋਭਤੀ,
ਛਬਿ ਲਲਿਤ ਲਹਿ ਲਹਿ ਲਖਤ ਜਿਹ ਜਗ,
ਅਮਰ ਹੂੰ ਬ੍ਰਿਤਿ ਲੋਭਤੀ. × × ×

[ਨਿਰਮਲ ਪ੍ਰਭਾਕਰ]

## ਗੀਤਾ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 26 ਮਾਤ੍ਰਾ. ਪਹਿਲਾ ਵਿਸ਼੍ਰਾਮ 14 ਪਰ, ਦੂਜਾ 12 ਪਰ. ਅੰਤ ਗੁਰੁ ਲਘੁ. ਉਦਾਹਰਣ—

ਮੋਤੀ ਤ ਮੰਦਿਰ ਊਸਰਹਿ, ਰਤਨੀ ਤ ਹੋਇ ਜੜਾਉ,
ਕਸਤੂਰਿ ਕੁੰਗੂ ਅਗਰ ਚੰਦਨ, ਲੀਪ ਆਵਹਿ ਚਾਉ. × × ×

[ਸਿਰੀ ਰਾਗ ਮਹਲਾ 1]

*ਇਹੀ ਹਰਿਗੀਤਿਕਾ ਦਾ ਪਹਿਲਾ ਰੂਪ ਹੈ.

ਯਕ ਅਰਜ ਗੁਫਤਮ ਪੇਸ ਤੋ, ਦਰਗੋਸ ਕੁਨ ਕਰਤਾਰ,
ਹੱਕਾ ਕਬੀਰ ਕਰੀਮ ਤੂ, ਬੇਐਬ ਪਰਵਦਗਾਰ— × × ×

[ਤਿਲੰਗ ਮਹਲਾ 1]

**2. ਗੀਤਾ ਦਾ ਦੂਜਾ ਰੂਪ—ਤੇਰਾਂ ਤੇਰਾਂ ਮਾਤ੍ਰਾ ਪਰ ਦੋ ਵਿਸ਼ਾਮ, ਅੰਤ ਗੁਰੁ ਲਘੁ. ਉਦਾਹਰਣ—**

ਸੇਂਵੀ ਸਤਗੁਰੁ ਆਪਣਾ, ਹਰਿ ਸਿਮਰੀ ਦਿਨ ਸਭਿ ਰੈਣ,
ਆਪ ਤਜਾਗ ਸਰਣੀ ਪਵਾਂ, ਮੁਖ ਬੋਲੀ ਮਿਠੜੇ ਬੈਣ. × × ×

[ਮਾਝ ਮਹਲਾ 5 ਦਿਨਰੈਣ]

ਗੀਤਾਮਾਲਿਤੀ ਦੇਖੋ, ਗੀਤਮਾਲਿਤੀ.

## *ਗੀਤਿਕਾ*

ਲਛਣ—ਚਾਰ ਚਰਣ, ਪ੍ਰਤਿ ਚਰਣ 26 ਮਾਤ੍ਰਾ. 14—12 ਪਰ ਵਿਸ੍ਰਾਮ, ਅੰਤ ਲਘੁ ਗੁਰੁ.* ਉਦਾਹਰਣ—

ਦਾਸ ਚਖ ਭੇ ਕੁਮੁਦ ਕੇ ਸਮ, ਚੰਦ ਸ੍ਰੀ ਕਲਗੀਧਰੰ. × × ×

2. **ਦੂਜਾ ਰੂਪ**—ਚਾਰ ਚਰਣ, ਪ੍ਰਤਿ ਚਰਣ 25 ਮਾਤ੍ਰਾ. 14—11 ਪਰ ਵਿਸ੍ਰਾਮ, ਅੰਤ ਲਘੁ ਗੁਰੁ. ਉਦਾਹਰਣ—

ਪਰਮਾਦਿ ਪੁਰਖ ਮਨੋਪਿਮੰ, ਸਤਜਾਦਿ ਭਾਵ ਰਤੰ,
ਪਰਮਦਭੁਤੰ ਪਰਕ੍ਰਿਤਿ ਪਰੰ, ਜਦਿ ਚਿੰਤ ਸਰਬਗਤੰ. × × ×

[ਗੂਜਰੀ ਜੈਦੇਵ ਜੀ]

3. **ਗਣ ਛੰਦ ਗੀਤਿਕਾ ਇੰਉ ਹੈ**—ਚਾਰ ਚਰਣ, ਸ, ਜ, ਜ, ਭ, ਰ, ਸ, ਲ, ਗ. IIS, ISI, ISI. SII, SIS, IIS, I, S. **ਉਦਾਹਰਣ—**

ਜਿਨਕੇ ਰਿਦੇ ਸੁਮਤੀ ਨਿਵਾਸਤ
ਸੋ ਕਭੀ ਦੁਖ ਪਾਤ ਨਾ,
ਜਿਨ ਹੈ ਰਟੀ ਗੁਰੁ ਕੀ ਗਿਰਾ
ਨਹਿ ਸੋ ਸਹੈਂ ਯਮਯਾਤਨਾ. × × ×

**ਮਾਤ੍ਰਾ ਦੇ ਲਿਹਾਜ਼ ਏਹ ਹਰਿਗੀਤਿਕਾ ਦਾ ਹੀ ਪ੍ਰਥਮ ਰੂਪ ਹੈ, ਪਰੰਤੁ ਇਸ ਰੂਪ ਵਿੱਚ ਗਣ ਹਿਸਾਬ ਪ੍ਰਧਾਨ ਹੈ.**

**ਗੀਯਾਮਾਲਿਤੀ ਦੇਖੋ,**
ਗੀਤਮਾਲਿਤੀ ਦਾ ਰੂਪ 2.

**ਗੁਪਾਲ** ਦੇਖੋ, ਚੌਪਈ ਦਾ ਰੂਪ 2.

*ਦੇਖੋ,—ਕਮਲ ਨੇਤਰ ਕਟਿ ਪਿਤੰਬਰ, ਅਧਰ ਮੁਰਲੀ ਗਿਰਿਧਰੰ. × × ×

## ਗੰਗਾਧਰ-ਗੰਗੋਦਕ

ਦੇਖੋ ਸਵੈਯੇ ਦਾ ਭੇਦ 22.

## ਘੱਤਾ

ਪਿੰਗਲ ਗ੍ਰੰਥਾਂ ਵਿਖੇ ਘੱਤਾਂ ਦੋ ਚਰਣ ਦਾ ਛੰਦ ਹੈ.

ਲਛਣ—ਪ੍ਰਤਿ ਚਰਣ 32 ਮਾਤ੍ਰਾ. ਅੱਠ ਅੱਠ ਮਾਤ੍ਰਾ ਪਰ ਚਾਰ ਵਿਸ਼੍ਰਾਮ, ਅੰਤ ਗੁਰੂ ਲਘੁ ਦਾ ਨਿਯਮ ਨਹੀਂ. ਉਦਾਹਰਣ—

ਉੱਤਮ ਕਰਣੀ ਨਿਤਪ੍ਰਤਿ ਕਰਣੀ,
ਹੈ ਯਹਿ ਵਰਣੀ ਸਿੱਖਨ ਰੀਤੀ. × × ×

2. ਕੇਸ਼ਵਦਾਸ ਨੇ ਘੱਤਾ ਦਾ ਰੂਪ ਦਿੱਤਾ ਹੈ—ਦੋ ਚਰਣ, ਪ੍ਰਤਿ ਚਰਣ 30 ਮਾਤ੍ਰਾ, ਪਹਿਲਾ ਵਿਸ਼੍ਰਾਮ ਦਸ ਪਰ, ਦੂਜਾ ਅੱਠ ਪਰ, ਤੀਜਾ 12 ਪਰ, ਅੰਤ ਤਿੰਨ ਲਘੁ, ਅਰਥਾਤ ·ਨਗਣ ।।।. ਉਦਾਹਰਣ—

ਨਿੰਦਾ ਕੇ ਤਜਾਗੀ ਗੁਰੁ ਅਨੁਰਾਗੀ,
ਗੁਰੁਸਿਖ ਧਾਰੀ ਸਦਗੁਨ. × × ×

3. ਦਸਮਗ੍ਰੰਥ ਵਿਖੇ ਘੱਤਾ ਤਿੰਨ ਚਰਣ ਦਾ ਛੰਦ ਹੈ, ਪਹਿਲੇ ਚਰਣ ਵਿਖੇ 24 ਮਾਤ੍ਰਾ, 11—13 ਪਸ ਵਿਸ਼੍ਰਾਮ. ਦੂਜੇ ਚਰਣ ਦੀਆਂ 16 ਮਾਤ੍ਰਾ, 8—8 ਪਰ ਵਿਸ਼੍ਰਾਮ. ਤੀਜੇ ਵਿੱਚ 32 ਮਾਤ੍ਰਾ, 8—8 ਅਰੁ 16 ਪਰ ਵਿਸ਼੍ਰਾਮ, ਅੰਤ ਦੋ ਲਘ. ਇਹ ਭੇਦ ਵਿਖਮਤਰ ਛੰਦ ਹੈ. ਉਦਾਹਰਣ—

ਧਰਮ ਨ ਕਰਹੀਂ ਏਕ, ਅਨੇਕ ਪਾਪ ਕੈਹੈਂ ਸਭ,
ਲਾਜ ਬੇਚ ਤਹਿੰ, ਫਿਰੈ ਸਗਲ ਜਗ,
ਪਾਪ ਕਮੈਹੈਂ ਦੁਰਗਤਿ ਪੈਹੈਂ, ਪਾਪ ਸਮੁੰਦਰ ਜੈਹੈਂ ਨਹੀਂਤਰ.

[ ਦਸਮਗ੍ਰੰਥ ਕਲਕੀ ]

## ਘਨਕਲਾ

ਇਸ ਦਾ ਨਾਮ "ਚਿਤ੍ਰਕਲਾ" ਭੀ ਹੈ. ਲਛਣ—ਚਾਰ ਚਰਣ, ਪ੍ਰਤਿ ਚਰਣ 63 ਮਾਤ੍ਰਾ. ਤਿੰਨ ਵਿਸ਼੍ਰਾਮ ਸੋਲਾਂ ਸੋਲਾਂ ਮਾਤ੍ਰਾ ਪਰ, ਚੌਥਾ ਪੰਦ੍ਰਾਂ ਪਰ, ਅੰਤ ਗੁਰੁ ਲਘੁ. ਪਹਿਲੇ ਅਰੁ ਦੂਜੇ ਵਿਸ਼੍ਰਾਮ ਦਾ ਅਨੁਪ੍ਰਾਸ ਮਿਲਵਾਂ. ਉਦਾਹਰਣ—

*ਹਰਿ ਹਰਿ ਸਿਮਰਹੁ ਅਗਮ ਅਪਾਰਾ,—
ਜਿਸ ਸਿਮਰਤ ਦੁਖ ਮਿਟੈ ਹਮਾਰਾ, –
ਹਰਿ ਹਰਿ ਸਤਿਗੁਰੁ ਪੁਰਖ ਮਿਲਾਵਹੁ,—
ਗੁਰੁ ਮਿਲਿਐ ਸੁਖ ਹੋਈ ਰਾਮ. × × [ ਜੈਤਸਰੀ ਮਹਲਾ 4 ]

*ਇਹ ਚਾਰ ਸਤਰਾਂ ਦੀ ਇੱਕੋ ਤੁਕ ਹੈ. ਦੇਖੋ, ਲਛਣ.

ਸੁਣ ਸੁਣ ਜੀਵਾ ਸੋਇ ਤੁਮਾਰੀ,—
ਤੂ ਪ੍ਰੀਤਮ ਠਾਕੁਰ ਅਤਿ ਭਾਰੀ,—
ਤੁਮਰੇ ਕਰਤਬ ਤੁਮਹੀ ਜਾਣਹੁ,—
ਤੁਮਰੀ ਓਟ ਗੁਪਾਲਾ ਜੀਉ. × × [ ਮਾਝ ਮਹਲਾ 5 ]

**2. ਦੂਜਾ ਰੂਪ—ਚੌਥੀ ਯਤਿ 14 ਮਾਤ੍ਰਾ ਪਰ, ਅੰਤ ਦੋ ਗੁਰੁ. ਕੁੱਲ 62 ਮਾਤ੍ਰਾ.**

ਉਦਾਹਰਣ—

ਵੇਕੀ ਵੇਕੀ ਜੰਤ ਉਪਾਏ,—
ਦੁਇ ਪੰਦੀ ਦੋ ਰਾਹ ਚਲਾਏ,—
ਗੁਰੁ ਪੂਰੇ ਵਿਣ ਮੁਕਤਿ ਨ ਹੋਈ,—
ਸੱਚ ਨਾਮ ਜਪ ਲਾਹਾ ਹੇ. × ×

[ ਮਾਰੂ ਸੋਲਹੇ ਮਹਲਾ 1 ]

ਗੁਰੁਬਾਣੀ ਰਿਦ ਮਾਹਿ ਬਸਾਓ,—
ਧਰਮ ਕਿਰਤ ਕਰ ਛਕੋ ਛਕਾਓ,—
ਦੇਸ਼ ਕੌਮ ਪੈ ਤਨ ਧਨ ਵਾਰੋ,—
ਇਹ ਗੁਰੁਸਿੱਖੀ ਰੀਤੀ ਹੈ. × ×

**3. ਤੀਜਾ ਰੂਪ—ਚੌਥਾ ਵਿਸ਼੍ਰਾਮ 13 ਮਾਤ੍ਰਾਂ ਪਰ ਅੰਤ ਲਘੁ ਗੁਰੁ, ਕੁੱਲ 61 ਮਾਤ੍ਰਾ,**

ਉਦਾਹਰਣ—

ਜੋ ਦੀਸੈ ਸੋ ਏਕੋ ਤੂ ਹੈ,—
ਬਾਣੀ ਤੇਰੀ ਸ੍ਰਵਣ ਸੁਣੀਐ.—
ਦੂਜੀ ਅਵਰਨ ਜਾਪਸਿ ਕਾਈ, —
ਸਗਲ ਤੁਮਾਰੀ ਧਾਰਣਾ. × × ×

[ ਮਾਰੂ ਸੋਲਹੇ ਮਹਲਾ 5]

ਪੜ੍ਹਦਾ ਸਾਂ ਮੈ ਪਾਪਾਂ ਪੱਟੀ,—
ਬਹਿੰਦਾ ਕੂੜ ਕਪਟ ਦੀ ਹੱਟੀ,—
ਸਤਗੁਰੁ ਮੇਰੀ ਦੁਵਿਧਾ ਕੱਟੀ,—
ਨਰਕਹੁੰ ਪਕੜ ਨਿਕਾਲਿਆ.
ਕੋਠੀ ਅੰਧੀ ਸੂਝੇ ਨਾਹੀ,—
ਗੋਤੇ ਖਾਂਦਾ ਮਾਯਾ ਮਾਹੀਂ—
ਸਤਗੁਰ ਸੱਚੇ ਨੋ ਸਾਲਾਹੀ, —
ਚਾਨਣ ਕਰ ਵੇਖਾਲਿਆ.
ਦਾੜ੍ਹੀ ਤੇਰੀ ਨੂਰ ਝਮੱਕੇ,—
ਮੱਥਾ ਕੌਲਾਂ ਵਾਂਙ ਟਹੱਕੇ,—

ਸ਼ਰਨ ਤੇਰਿ ਜਮ ਜੋਹ ਨ ਸਾਕੈ,—
ਸੇਵਕ ਕੇ ਰਖਵਾਲਿਆ.
ਸਾਧੂ* ਜਨ ਗੁਰੁ ਦਰਸ਼ਨ ਕੀਤਾ,
ਧੋ ਚਰਨਾਮ੍ਰਿਤ ਗੁਰੁ ਦਾ ਪੀਤਾ,—
ਨਾਮ ਦਾਨ ਗੁਰੁ ਪੂਰੇ ਦੀਤਾ,—
ਅੰਮ੍ਰਿਤ ਨਾਮ ਪਿਆਲਿਆ.

[ ਗੁਰੁਵਿਲਾਸ ਪਾਤਸ਼ਾਹੀ 6 ]

## ਘਨਪਾਲ

**ਵਰਣਿਕ ਛੰਦ "ਰੂਪਘਨਾਛਰੀ," ਗਣਛੰਦ ਹੋਕੇ "ਘਨਪਾਲ" ਸੰਗ੍ਯਾ ਧਾਰਦਾ ਹੈ. ਇਸ ਦੇ ਪ੍ਰਤਿ ਚਰਣ 32 ਅੱਖਰ ਇਸ ਹਿਸਾਬ ਨਾਲ ਹੋਯਾ ਕਰਦੇ ਹਨ :—**

ਰ, ਤ, ਨ, ਨ, ਰ, ਜ, ਰ, ਨ, ਭ, ਨ, ਗ, ਲ. SIS, SSI, III, III, SIS, ISI, SIS, III, SII, III. S, I. ਅੱਠ ਅੱਠ ਅੱਖਰਾਂ ਪਰ ਚਾਰ ਵਿਸ਼੍ਰਾਮ. ਉਦਾਹਰਣ—

ਜਾਨਤੋ ਨਾ ਅੰਤ ਜਿਹ, ਨਿਗਮ ਪੁਰਾਣ ਵੇਦ,
ਹਾਰ ਹਾਰ ਸ਼ੇਸ਼ ਮਤਿ, ਪਾਯ ਨਾ ਸਕਤ ਜਾਂਹਿ,
ਕਾਲ ਹੂੰ ਕੋ ਕਾਲ ਅਜ, ਅਮਰ ਦਯਾਲੁ ਦੇਵ,
ਪੂਜਤੋ ਵ੍ਰਿਜੇਸ਼ਹਰਿ, ਲਾਯ ਚਿਤ ਹਿਤ ਤਾਂਹਿ. × × ×

## ਨਾਕਰੀ—ਘਨਾਛਰੀ

**ਇਹ ਛੰਦ ਕਬਿੱਤ ਦਾ ਹੀ ਇੱਕ ਰੂਪ ਹੈ.**

ਲਛਣ—ਪ੍ਰਤਿ ਚਰਣ 32 ਅੱਖਰ, ਅੱਠ ਅੱਠ ਅੱਖਰਾਂ ਪਰ ਚਾਰ ਵਿਸ਼੍ਰਾਮ, ਅੰਤ ਦੋ ਲਘੁ.

ਉਦਾਹਰਣ—

(ੳ) ਨਿਕਸਤ ਮਜਾਨ ਤੇ ਹੀ, ਛਟਾ ਘਨ ਮਜਾਨ ਤੇ ਹੀ,
ਕਾਲਜੀਹ ਲਹ ਲਹ, ਹੋਯ ਰਹੀ ਹਲ ਹਲ,
ਲਾਗੈ ਅਰਿ ਗਰ ਗੇਰੈ, ਧਰ ਪਰ ਧਰ ਸਿਰ.
ਧਰਤ ਨਾ ਧੀਰ ਚਾਰੋਂ, ਚੱਕ ਪਰੈਂ ਚਲ ਚਲ. × × ×

[ ਗੁਰੁਪ੍ਰਤਾਪ ਸੂਰਜ ]

**(ਅ) ਚਾਰ ਵਿਸ਼੍ਰਾਮਾਂ ਦੀ ਥਾਂ ਸੋਲਾਂ ਸੋਲਾਂ ਪਰ ਦੋ ਵਿਸ਼੍ਰਾਮ ਦਾ ਭੀ "ਘਨਾਛਰੀ" ਹੋਯਾ ਕਰਦਾ ਹੈ. ਯਥਾ :—**

ਤਿਹ ਜਨ ਜਾਨਹੁ ਜਗਤੁ ਪਰ ਜਾਨੀਅਤ,
ਬਾਸੁਰ ਰਯਨਿ ਬਾਸ ਜਾਕੋ ਹਿਤ ਨਾਮ ਸਿਉ,

---

*ਬੀਬੀ ਬੀਰੋ ਜੀ ਦੇ ਪਤਿ ਭਾਈ ਸਾਧੂ ਨੇ ਏਹ ਬੇਨਤੀ ਆਪਣੇ ਸੌਹਰੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੇਵਾ ਵਿੱਚ ਕੀਤੀ

ਪਰਮ ਅਤੀਤ ਪਰਮੇਸੁਰ ਕੈ ਰੰਗ ਰੰਗਯੋ,
ਬਾਸਨਾ ਤੇ ਬਾਹਰ ਪੈ ਦੇਖੀਅਤ ਧਾਮ ਸਿਉ. × × ×

[ ਸ੍ਰੀ ਗੁਰੁ ਗ੍ਰੰਥ ਸਾਹਿਬ, ਸਵੈਯੇ ਮ: 5 ਕੇ ]

(ੲ) ਘਨਾਛਰੀ ਦਾ ਦੂਜਾ ਰੂਪ ਹੈ "ਰੂਪਘਨਾਛਰੀ". ਪ੍ਰਤਿ ਚਰਣ 32 ਅੱਖਰ. ਇਕਤੀਹਵਾਂ ਦੀਰਘ ਅਰੁ ਬਤੀਹਵਾਂ ਲਘੁ. ਸੋਲਾਂ ਸੋਲਾਂ ਪਰ ਦੋ ਵਿਸ਼੍ਰਾਮ, ਉਦਾਹਰਣ—

ਅਬਿਚਲ ਨਗਰ ਉਜਾਗਰ ਸਗਲ ਜਗ,
ਜਾਹਰ ਜਹੂਰ ਜਹਾਂ ਜੋਤਿ ਹੈ ਜਬਰ ਜਾਂਨ,
ਖੰਡੇ ਹੈਂ ਪ੍ਰਚੰਡ ਖਰ ਖੜਗ ਕੁਵੰਡ* ਧਰੇ,
ਖੰਜਰ ਤੁਫੰਗ ਪੁੰਜ ਕਰਦ ਕ੍ਰਿਪਾਨ ਬਾਂਨ,
ਸਕਤੀ ਸਰੋਹੀ ਸੈਫ ਸਾਂਗ ਜਮਦਾੜ੍ਹ ਚਕ੍ਰ,
ਢਾਲੇ ਗਨ ਭਾਲੇ ਰਿਪੁ ਘਾਲੇ ਛਿਪ੍ਰ ਜੰਗ ਠਾਂਨ,
ਚਮਕਤ ਚਾਰੋਂ ਓਰ ਘੋਰ ਰੂਪ ਕਾਲਿਕਾ ਕੋ,
ਬੰਦਨਾ ਕਰਤ ਕਵਿ ਜੋਰ ਪਾਨਿ ਤਾਂਹਿ ਥਾਨ.

[ ਗੁਰੁਪ੍ਰਤਾਪ ਸੂਰਯ ]

ਸੰਪਤਿ ਅਤੋਟ ਜਾਂਕੋ ਕੰਚਨ ਰਚਿਤ ਕੋਟ,
ਸੁੰਦਰ ਸਰੂਪ ਕਾਮ ਕਾਮਨੀ ਕਰਤ ਰਾਗ,
ਪਾਕ ਕਰੇ ਪਾਵਕ ਪਿਲਾਇ ਪਾਨੀਪਤਿ,†
ਸੇਜਾ ਰਚੇ ਸੁਰਪਤਿ ਪਵਨ ਬੁਹਾਰੇ ਬਾਗ,
ਜੀਵਨ ਮ੍ਰਿਗੇਂਦ੍ਰ ਇਕ ਕਰਤਾਰ ਸੇਵ ਬਿਨ,
ਈਸ‡ ਨ ਬਚਾਇ ਸਕੇ ਕਾਮ ਕੀ ਜਰਤ ਆਗ,
ਕਾਲ ਤੇ ਨ ਡਰੇ ਲਰ ਮਰੇ ਤਾਂਕੇ ਸੀਸ ਬੈਠ,
ਮੂਛਨ ਪੈ ਪੂਛ ਫੇਰ ਚੁੰਚਨ ਸਵਾਰੇਂ ਕਾਗ.

[ ਸਿੱਖ੍ਯਾ ਸੁਧਾਧਰ ]

ਦੇਖਕੈ ਪ੍ਰਤਾਪ ਤਾਪ ਤਪਨ§ ਕੋ ਮੰਦ ਹੋਤ,
ਤਰੁਨ:: ਹਰਨ ਤੇਜ ਕਾਲ ਕੀਨ ਛੀਨ ਛੀਨ,
ਸਸਿਮੁਖੀ ਪਿਕਬੈਨੀ ਸੁੰਦਰੀ ਕੁਰੰਗਨੈਨੀ,
ਸੁਰੀ ਨਰੀ ਕਿੰਨਰੀ ਪ੍ਰਬੀਨ ਲੀਨ ਬੀਨ ਬੀਨ,
ਜੀਵਨ ਮ੍ਰਿਗੇਂਦ੍ਰ ਜਾਂਕੋ ਕੰਚਨ ਰਚਿਤ ਗੜ੍ਹ,
ਯੁਵਾ ਜੋਰ ਰਾਮ ਬੈਰ ਰਾਵਨ ਸੇ ਪੀਨ ਪੀਨ,
ਸ਼ਿਵ ਸੇ ਸਹਾਈ ਭਾਈ ਜਾਕੇ ਕੁੰਭ ਕਾਨਨ ਸੇ,

---

*ਕੋਚੰਡ. ਧਨੁਖ.

†ਵਰੁਣ. ‡ਸ਼ਿਵ. §ਅਗਨਿ. ::ਸੂਰਯ.

ਇੰਦ੍ਰਜੀਤ ਸੇ ਸਪੂਤ ਬਿਕੇ ਕੌਡੀ ਤੀਨ ਤੀਨ.

[ਸਿਕ੍ਸਾਸੁਧਾਧਰ]

**(ਸ) ਘਨਾਛਰੀ ਦਾ ਤੀਜਾ ਰੂਪ ਹੈ "ਜਲਹਰਣ".**

ਲਛਣ—ਪ੍ਰਤਿ ਚਰਣ 32 ਅੱਖਰ. ਸੋਲਾਂ ਸੋਲਾਂ ਪਰ ਦੋ ਵਿਸ਼੍ਰਾਮ, ਇਕਤੀਹਵਾਂ ਅੱਖਰ ਲਘੁ ਅਤੇ ਬਤੀਹਵਾਂ ਦੀਰਘ. ਉਦਾਹਰਣ—

ਦੇਵਨ ਕੇ ਧਾਮ ਧੂਲਿ ਧੂੰਸਨਕੈ ਧੇਨੁਨ ਕੋ,
ਧਾਰਾਧਰ ਦੂਹ ਧੂਮ ਧਾਮ ਕਲੂ ਧਾਕ ਪਰਾ,
ਸਾਹਿਬ ਸੁਜਾਨ ਫਤੇ ਸਿੰਘ ਦੇਗ ਤੇਗ ਧਨੀ,
ਦੇਤ ਜੋ ਨ ਭ੍ਰਾਤਨ ਸੋਂ ਸੀਸ ਕਰ ਪੂੰਨ ਹਰਾ,
ਚਾਰੋਂ ਦਿਸਾ ਸਿੰਧੁ ਲੋਂ ਅਭਾਵਕੈ ਮ੍ਰਜਾਦ ਬ੍ਰਿੰਦ,
ਹਿੰਦੂ ਊਚ ਨੀਚਨ ਮੇ ਹੋਤੀ ਇਸਲਾਮੀ ਸ਼ਰਾ,
ਲੋਪ ਹੋਤੀ ਸ਼ਰਮ ਔ ਮਰਮ ਨ ਪਾਤੇ ਧੀਰ,
ਕਰਮ ਪਲਾਤੋ ਬਜੋਮ ਧਰਮ ਧਸਾਤੋ ਧਰਾ.

[ ਸਿੱਖੀ ਪ੍ਰਭਾਕਰ ]

(ਹ) ਘਨਾਛਰੀ ਦਾ ਚੌਥਾ ਰੂਪ ਹੈ "ਦੇਵ-ਘਨਾਛਰੀ"

ਲਛਣ—ਪ੍ਰਤਿ ਚਰਣ 33 ਅੱਖਰ, ਤਿੰਨ ਵਿਸ਼੍ਰਾਮ ਅੱਠ ਅੱਠ ਪਰ ਚੌਥਾ ਨੌ ਪਰ, ਅੰਤ ਨਗਣ ।।।. ਉਦਾਹਰਣ—

ਸਿੰਘ ਜਿਮ ਗਾਜੇ ਸਿੰਘ, ਸੇਨਾ ਸਿੰਘ ਘਟਾ* ਅਰੁ,
ਬੀਜਰੀ ਜਯੋਂ ਖੱਗ ਉਠੈਂ, ਤੀਖਨ ਚਮਕ ਚਮਕ. × × ×

**ਚਉਪਈ ਦੇਖੋ, ਚੌਪਈ.**

## ਚਉਬੋਲਾ

ਲਛਣ—ਚਾਰ ਚਣ, ਪ੍ਰਤਿ ਚਰਣ 15 ਮਾਤ੍ਰਾ, ਅੰਤ ਲਘੁ ਗੁਰੁ. ਇਹ ਚੌਪਈ ਦਾ ਹੀ ਇੱਕ ਰੂਪ ਹੈ. ਦੇਖੋ ਚੌਪਈ ਦਾ ਰੂਪ 3.

**2.** ਕਿਸੇ ਜਾਤਿ ਦਾ ਛੰਦ, ਜਿਸ ਦੇ ਤੁਕਾਂਤ ਭਿੰਨ ਭਿੰਨ ਹੋਣ. ਚਾਰ ਅਨੁਪ੍ਰਾਸ ਵੱਖਰੇ ਹੋਣ ਕਾਰਣ ਇਹ ਸੰਗਯਾ ਹੈ†, ਦੇਖੋ, ਰਾਮਾਵਤਾਰ ਵਿਖੇ ਸਵੈਯੇ ਦੀ ਇਸੇ ਕਾਰਣ ਚਉਬੋਲਾ ਸੰਗਯਾ ਹੋਗਈ ਹੈ, ਯਥਾ :—

ਸ੍ਰੀ ਰਘੁਰਾਜ ਸਰਾਸਨ ਲੈ ਰਿਸ
ਠਾਨ ਘਨੀ ਰਨ ਬਾਨ ਪ੍ਰਹਾਰੇ,
ਬੀਰਨ ਮਾਰ ਦੁਸਾਰ ਗਏ ਸਰ
ਅੰਬਰ ਤੇ ਬਰਸੇ ਜਨੁ ਓਰੇ,
ਬਾਜਿ ਗਜੀ ਰਥ ਸਾਜ ਗਿਰੇ ਧਰ
ਪੱਤਿ‡ ਅਨੇਕ ਸੁ ਕੌਨ ਗਨਾਵੈ,

*ਭਾਦੋਂ ਦੀ ਘਟਾ. †ਦੇਖੋ, ਅਨੇਕਤੁਕਾ. ‡ਪਦਾਤਿ. ਪੈਦਲ.

ਫਾਗੁਨ ਪੌਨ ਪ੍ਰਚੰਡ ਬਹੇ ਬਨ
ਪਤ੍ਰਿਨ ਕੇ ਮਨੁ ਪਤ੍ਰ ਉਡਾਨੇ.

3. ਸੰਗੀਤ ਅਨੁਸਾਰ "ਚਤੁਰੰਗ" ਦਾ ਨਾਮ ਭੀ ਚਉਬੋਲਾ ਹੈ. ਜਿਸ ਪ੍ਰਬੰਧ ਵਿਚ ਸਾਧਾਰਣ ਗੀਤ, ਸਰਗਮ, ਤਰਾਨਾ ਅਤੇ ਮ੍ਰਿਦੰਗ ਦੇ ਬੋਲ ਹੋਣ, ਉਹ ਚਤੁਰੰਗ ਹੈ. ਦੇਖੋ, ਹੇਠ ਲਿਖਿਆ ਮੇਘ ਰਾਗ ਦਾ ਚਤੁਰੰਗ :—

ਸਾਤ ਸੁਰਨ ਅਰ ਤੀਨ ਗ੍ਰਾਮ ਇਕਬੀਸ
ਮੂਰਛਨਾ ਕਹੇ ਚਤੁਰੰਗ ਸਚਾਈ ਸੇ,
ਰਾਗ ਮੇਘ ਮੇ ਤਾਲ ਸਵਾਰੀ ਕਰ ਦਿਖਾਵੇ,
ਗੁਨੀਅਨ ਗੁਨੀਕੋ ਗੁਨਕਰ ਬਤਾਵੇ,
ਸਾਸਾਸਾ ਧਪ ਮਗ ਰੇ ਸਾ ਸਾਸਾ ਸਾਸਾ
ਨੀ ਸਾਸਾ ਮਮਮ ਧਧਧ ਮ ਸਾ ਮਮ ਧਧਧ,
ਤੋਮ ਦਿਰ ਦਾਨੀ ਤਦਾਨੀ ਦਿਰ ਦਿਰ ਤੋਮ ਦਿਰ ਦਿਰ
ਤੋਮ ਦਿਰ ਦਿਰ ਤੋਮ ਤੋਮ ਤੋਮ ਤਾ ਨੋਮ,
ਧਾਤਾ ਧੁੰਮ ਕਿਟ ਧਾ ਧਿਨ ਨਿਕ ਧਿਨਨਿਕ ਕੜਾਨ
ਤਿਕ ਧਾ ਧਲਾਨਿਧ ਧੁਧੁਕਿਟ ਤਿਕਾ ਗਿਡ
ਨਿਗ ਧਾ ਤਿਕ ਤਿਕਟ ਤਿਕਾ ਕਿਟ ਤਿਕਾ ਗਿਦੀ ਗਿਨ.
ਉਮਡੇ ਮੇਘ ਬਰਸੇ ਏ, ਏ, ਗਰਜੇ ਬਾਦਰਵਾ
ਚਮਕੇ ਬੀਜੁਰੀ ਪੀਆ.

4. ਜਿਸ ਛੰਦ ਵਿੱਚ ਚਾਰ ਭਾਸ਼ਾ (ਬੋਲੀਆਂ) ਹੋਣ ਉਹ ਭੀ "ਚਉਬੋਲਾ" ਹੈ, ਯਥਾ ਹੇਠ ਲਿਖੇ ਉਦਾਹਰਣ ਵਿੱਚ ਵ੍ਰਿਜਭਾਸ਼ਾ, ਮੁਲਤਾਨੀ, ਡਿੰਗਲ ਅਤੇ ਖੜੀ ਹਿੰਦੀ ਪਾਈ ਜਾਂਦੀ ਹੈ :—

ਗਾਜੇ ਮਹਾਂ ਸੂਰ ਘੂੰਮੀ ਰਣੰ ਹੂਰ
ਭੂੰਮੀ ਨਭੰ ਪੂਰ ਬੇਖੰ ਅਨੂਪੰ,
ਵਲੇ ਵਲੀ ਸਾਂਈ ਜੀਂਵੀਂ ਜੁਗ ਤਾਂਈ
ਤੈਡੇ* ਘੋਲੀ ਜਾਂਈ ਅਲਾਵੀ ਤ ਐਸੇ,
ਲਗੋਂ ਲਾਰ ਥਾਨੇ† ਬਰੋ ਰਾਜ ਮ੍ਹਾਨੇ
ਕਹੋ ਔਰ ਕਾਂਨੇ‡ ਹਠੀ ਛਾਡ ਥੇ ਸੋਂ,§
ਬਰੋ ਆਨ ਮੋਕੋ ਭਜੋਂ ਆਜ ਤੋਕੋ
ਚਲੋ ਦੇਵਲੋਕੋ ਤਜੋ ਬੇਗ ਲੰਕਾ.

[ਦਸਮਗ੍ਰੰਥ, ਰਾਮਾਵਤਾਰ]

*ਤੈਥੋਂ. †ਲੜ ਤੁਹਾਡੇ. ਆਪਦੇ ਪੱਲੇ. ‡ਕਿਸ ਨੂੰ.
§ਤੇਰੇ ਜੇਹਾ ਸ਼ਹੁ.

5. ਓਹ ਛੰਦ ਭੀ ਚਉਬੋਲਾ ਹੈ ਜਿਸ ਦੇ ਚੌਥੇ ਪਦ ਦੇ ਆਦਿ ਸੰਬੋਧਕ ਪਦ ਹੋਵੇ. ਦੇਖੋ, ਅੜਿਲ ਦਾ ਭੇਦ 5.

6. ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਪ੍ਰੇਮੀਆਂ ਦੇ ਬੋਲ* (ਵਚਨ) ਜਿਸ ਬਾਣੀ ਵਿਖੇ ਕਥਨ ਕੀਤੇ ਹਨ, ਉਸ ਦੀ "ਚਉਬੋਲਾ" ਸੰਗਯਾ ਹੈ, ਚਾਹੋ ਛੰਦ ਇਸਦਾ ਦੋਹਾ ਹੈ. ਯਥਾ—

ਮੂਸਨ ਮਸਕਰ† ਪ੍ਰੇਮ ਕੀ ਰਹੀ ਜੁ ਅੰਬਰ ਛਾਇ,
ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ.

[ਚਉਬੋਲੇ ਮਹਲਾ 5]

7. ਕਿਸੇ ਕਿਸੇ ਦੇ ਮਤ ਵਿੱਚ "ਤਾਟੰਕ" ਛੰਦ ਦਾ ਨਾਮ ਹੀ ਚਉਬੋਲਾ ਹੈ. ਦੇਖੋ, ਤਾਟੰਕ.

8. ਅਨੇਕ ਕਵੀਆਂ ਨੇ ਦੋ ਚਰਣ ਦਾ ਚਉਬੋਲਾ ਛੰਦ ਮੰਨਿਆ ਹੈ. ਪ੍ਰਤਿ ਚਰਣ 30 ਮਾਤ੍ਰਾ. ਪਹਿਲਾ ਵਿਸ਼੍ਰਾਮ 16 ਪਰ, ਦੂਜਾ 14 ਪਰ, ਅੰਤ ਲਘੁ ਗੁਰੁ. ਉਦਾਹਰਣ—

ਸ਼ਸਤ੍ਰ ਸਜਾਇ ਧਜਾਯ ਜਗਤੇਸ਼੍ਵਰ, ਸੂਰਬੀਰਤਾ ਚਿੱਤ ਧਰੋ,
ਆਲਸ ਕਾਯਰਤਾ ਕੰਜੂਸੀ, ਕਦੀ ਨ ਇਕ ਨ ਇਨ ਕਾ ਸੰਗ ਕਰੋ.

ਚਕੋਰ ਦੇਖੋ, ਚਿਤ੍ਰਪਦਾ, ਅਤੇ ਸਵੈਯੇ ਦਾ ਰੂਪ 11.

## ਚਚਰੀਆ

**ਦਸਮਗ੍ਰੰਥ ਵਿੱਚ ਇਸ ਦਾ ਉਦਾਹਰਣ ਨਹੀਂ ਮਿਲਦਾ ਪਰ ਸ਼ਸਤ੍ਰਨਾਮ ਮਾਲਾ ਵਿਖੇ ਹਵਾਲਾ ਹੈ, ਯਥਾ :—**

"ਹੋ, ਛੰਦ ਚਚਰੀਆ ਮਾਂਹਿ ਨਿਸ਼ੰਕ ਪ੍ਰਮਾਨਿਯੈ."

**ਪਿੰਗਲਗ੍ਰੰਥਾਂ ਵ੍ਰਿਚ ਇਸ ਦਾ ਨਾਮ ਚਰਚਰੀ, ਚੰਚਰੀ, ਚੰਚਲੀ ਅਤੇ ਵਿਬੁਧਪ੍ਰਿਯਾ ਆਯਾ ਹੈ.**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਰ, ਸ, ਜ, ਜ, ਭ, ਰ. SIS, IIS, ISI, ISI, SII, SIS. ਉਦਾਹਰਣ—

ਆਇਯੋ ਤਿਹ ਕਾਲ ਬ੍ਰਾਹਮਣ ਯਗ੍ਯ ਕੋ ਥਲ ਦੇਖਕੈ,
ਤਾਂਹਿ ਪੂਛਤ ਬੋਲਕੈ ਰਿਖਿ ਭਾਂਤ ਭਾਂਤ ਵਿਸੇਖ ਕੈ,
ਸੰਗ ਸੁੰਦਰ ਰਾਮ ਲਛਮਨ ਦੇਖ ਦੇਖ ਸੁ ਹਰਖੰਈ,
ਬੈਠਕੈ ਸੁਇ ਰਾਜ ਮੰਡਲ ਵਣੰਈ ਸੁਖ ਵਖੰਈ.

[ਰਾਮਚੰਦ੍ਰਿਕਾ]

**2. ਮਾਤ੍ਰਿਕ ਚੰਚਰੀ ਦਾ ਸੁਰੂਪ ਹੈ**—ਚਾਰ ਚਰਣ, ਪ੍ਰਤਿ ਚਰਣ 46 ਮਾਤ੍ਰਾ. ਤਿਨ ਵਿਸ਼੍ਰਾਮ 12—12 ਮਾਤ੍ਰਾ ਪਰ ਅਨੁਪ੍ਰਾਸ ਸਹਿਤ. ਚੌਥਾ ਵਿਸ਼੍ਰਾਮ ਦਸ ਮਾਤ੍ਰਾ ਪਰ, ਅੰਤ ਗੁਰੁ. ਇਸ ਭੇਦ ਦਾ ਨਾਮ "ਹਰਿਪ੍ਰਿਯਾ" ਭੀ ਹੈ. ਉਦਾਹਰਣ—

*ਸੰਮਨ. ਜਮਾਲ, ਮਸਕਨ ਅਤੇ ਮੂਸਨ. †ਚਾਂਦਨੀ. ਚੰਦ੍ਰਿਕਾ.

ਤਯਾਗ ਦੇਹੁ ਮਨੋ ਪਾਪ, ਕੀਜੈ ਸਭ ਸੇ ਮਿਲਾਪ,
ਜਾਪੋ ਕਰਤਾਰ ਜਾਪ, ਸ਼ਾਂਤ ਚਿਤ ਹੋਇਕੈ,
ਦੇਸ਼ ਸਾਥ ਪ੍ਰੇਮ ਧਾਰ, ਜਾਤੀ ਅਭਿਮਾਨ ਟਾਰ,
ਵਿਦਯਾ ਕਰਕੈ ਪ੍ਰਚਾਰ, ਅਭਿਮਾਨ ਖੋਇ ਕੈ.×××

ਇਸ ਦਾ ਅਤੇ ਕਬਿੱਤ (ਮਨਹਰ) ਦਾ ਇਤਨਾ ਹੀ ਭੇਦ ਹੈ ਕਿ ਇਸ ਵਿੱਚ ਮਾਤ੍ਰਾ ਦਾ ਅਤੇ ਮਨਹਰ ਵਿੱਚ ਅਖਰਾਂ ਦਾ ਹਿਸਾਬ, ਮੁੱਖ ਹੁੰਦਾ ਹੈ. ਜੇ ਇਸ ਦੀ ਤੁਕ ਇਉਂ ਪੜ੍ਹੀ ਜਾਵੇ— "ਤਯਾਗ ਦੇਓ ਮਨੋ ਪਾਪ, ਕੀਜੈ ਸਭੀ ਸੇ ਮਿਲਾਪ, ਜਪੋ ਕਰਤਾਰ ਜਾਪ, ਸ਼ਾਂਤ ਚਿੱਤ ਹੋਇ ਕੈ". ਤਦ ਮਨਹਰ ਤਾਂ ਰਹੇਗਾ, ਪਰ ਹਰਿਪ੍ਰਿਯਾ ਨਹੀਂ ਕਹਾਵੇਗਾ.

## ਚਤੁਸਪਦੀ—ਚਤੁਰਪਦੀ

ਸਾਮਾਨਯ ਕਰਕੇ ਚਾਰ ਪਦਾਂ ਵਾਲੇ ਛੰਦ ਦੀ ਸਗਯਾ ਹੈ. ਵਿਸ਼ੇਸ਼ ਕਰਕੇ ਇਸ ਛੰਦ ਦਾ ਰੂਪ ਹੈ—ਚਾਰ ਚਰਣ, ਪ੍ਰਤਿ ਚਰਣ 30 ਮਾਤ੍ਰਾ. ਪਹਿਲਾ ਵਿਸ਼੍ਰਾਮ 10 ਪਰ, ਦੂਜਾ 8 ਪਰ, ਅਰੁ ਤੀਜਾ 12 ਪਰ, ਅੰਤ ਇੱਕ ਸਗਣ, ਇੱਕ ਗੁਰੁ. ਇਸ ਦਾ ਨਾਮ "ਚਵਪੈਯਾ" ਅਥਵਾ "ਚੌਪੈਯਾ" ਭੀ ਹੈ. ਉਦਾਹਰਣ—

ਜਪ ਹੈਂ ਨ ਭਵਾਨੀ, ਅਕਥ ਕ੍ਹਾਨੀ,
ਪਾਪ ਕਰਮ ਰਤਿ ਐਸੇ,
ਮਾਨਹੈਂ ਨ ਦੇਵੰ, ਅਲਖ ਅਭੇਵੰ,
ਦੁਰਕ੍ਰਿਤ ਮੁਨਿਵਰ ਜੈਸੇ,
ਚੀਨਹੈਂ ਨ ਬਾਤੰ, ਪਰਤ੍ਰਿਯ ਰਾਤੰ,
ਧਰਮ ਨ ਕਰਮ ਉਦਾਸੀ,
ਜਾਨਹੈਂ ਨ ਬਾਤੰ, ਅਧਿਕ ਅਗਯਾਤੰ,
ਅੰਤ ਨਰਕ ਕਰ ਬਾਸੀ.

[ ਦਸਮਗ੍ਰੰਥ ਕਲਕੀ ]

**ਚਤੁਰੰਗ** ਦੇਖੋ, ਚਉਬੋਲਾ ਦਾ ਭੇਦ 3.
**ਚਬੋਲਾ** ਦੇਖੋ, ਚਉਬੋਲਾ.
**ਚਰਚਰੀ** ਦੇਖੋ. ਚਚਰੀਆ.

## ਚਰਪਟ

**ਦਸਮਗ੍ਰੰਥ ਵਿਖੇ ਇਸ ਛੰਦ ਦੇ ਦੋ ਸਰੂਪ ਹੈਨ,** ਇੱਕ—ਭ, ਗ, ਗ. ऽ।।, ऽ, ऽ. ਇਹ "ਉਛਾਲ" "ਹੰਸਕ" ਅਤੇ "ਪੰਕ੍ਤਿ" ਦਾ ਹੀ ਨਾਮਾਂਤਰ ਹੈ, ਉਦਾਹਰਣ—

ਅੰਮ੍ਰਿਤ ਕਮੇਂ । ਅੰਮ੍ਰਿਤ ਧਮੇਂ ।
ਅੱਖਲ ਜੋਗੇ । ਅੱਚਲ ਭੋਗੇ ।। [ ਜਾਪੁ ]

2. **ਦੂਜਾ ਰੂਪ**—ਪ੍ਰਤਿ ਚਰਣ ਸ, ਗ, ਗ. ।।ऽ, ऽ, ऽ. ਯਥਾ :—

ਸਰਬੰ ਦੇਵੰ । ਸਰਬੰ ਭੇਵੰ ।
ਸਰਬੰ ਕਾਲੇ । ਸਰਬੰ ਪਾਲੇ ॥ [ ਜਾਪੁ ]

**ਦੱਤਾਵਤਾਰ ਵਿਖੇ ਇਹੀ ਰੂਪ ਚਰਪਟ ਦਾ ਫੇਰ ਆਯਾ ਹੈ, ਯਥਾ :—**

ਗਲਿਤੰ ਜੋਗੰ । ਦਲਿਤੰ ਭੋਗੰ ।
ਭਗਵੇ ਭੇਸੰ । ਸੁਫਲੇ ਦੇਸੰ ॥

## ਚਰਪਟਛੀਗਾ

**ਏਹ ਚਰਪਟ ਛੰਦ ਦਾ ਹੀ ਇਕ ਭੇਦ ਹੈ.** ਛੀ ਮਾਤ੍ਰਾ ਅਤੇ ਇੱਕ ਗੁਰੁ, ਅਰਥਾਤ ਕੁੱਲ ਅੱਠ ਮਾਤ੍ਰਾ. ਉਦਾਹਰਣ—

ਚਿਤ੍ਰੰ ਬਰਮਾ । ਚਾਰੰ ਚਰਮਾ ।
ਬੀਰੰ ਬਰਣੰ । ਭੀਰੰ ਭਰਣੰ ॥

[ ਦਸਮਗ੍ਰੰਥ ਰਾਮਾਵਤਾਰ ]

2. ਉੱਪਰਲਾ ਲਛਣ ਅਰਥਾਤ ਛੀ ਮਾਤ੍ਰ ਅਤੇ ਗੁਰੁ, ਹੀ ਸਹੀ ਰੱਖਕੇ ਏਹ ਛੰਦ "ਅਕਵਾ," "ਅਜਬਾ," "ਕਨਜਾ," ਅਤੇ "ਤਿਲਕਾ," ਦਾ ਭੀ ਰੂਪ ਹੋ ਸਕਦਾ ਹੈ. ਯਥਾ-

ਖੱਗੰ ਖਤਾਤਾ । ਗਜਾਨੰ ਗਜਾਤਾ ।
ਚਿਤ੍ਰੰ ਜੋਧੀ । ਜੁੱਧੰ ਕ੍ਰੋਧੀ ॥

[ ਦਸਸਗ੍ਰੰਥ ਰਾਮਾਵਤਾਰ ]

**ਚਲ ਦੇਖੋ, ਦੋਹਰੇ ਦਾ ਰੂਪ 8.**

**ਚਵਪੈਯਾ ਦੇਖੋ, ਚਤੁਰਪਦੀ ਅਤੇ ਪਦਮਾਵਤੀ ਦਾ ਰੂਪ 2.**

## ਚਾਚਰੀ

**ਏਹ "ਸੁਧੀ" ਛੰਦ ਦਾ ਹੀ ਨਾਮਾਂਤਰ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਜ, ਗ, ।ऽ।, ऽ. ਉਦਾਹਰਣ—

ਅਲੇਖ ਹੈਂ । ਅਭੇਖ ਹੈਂ ।
ਅਨਾਮ ਹੈਂ । ਅਕਾਮ ਹੈਂ ॥

[ ਜਾਪੁ ]

2. ਚਾਚਰੀ ਦਾ ਦੂਜਾ ਰੂਪ ਹੈ "ਸ਼ਸ਼ੀ" ਛੰਦ. ਅਰਥਾਤ ਪ੍ਰਤਿ ਚਰਣ ਇੱਕ ਯਗਣ. ਯਥਾ :—

ਗੁਬਿੰਦੇ । ਮੁਕੰਦੇ । ਉਦਾਰੇ । ਅਪਾਰੇ ॥

[ ਜਾਪੁ ]

ਕਲਕੀ ਅਵਤਾਰ ਵਿੱਚ ਭੀ ਇਹੀ ਰੂਪ ਦਿੱਤਾ ਹੈ, ਯਥਾ :—

ਹਕਾਰੈਂ । ਪਚਾਰੈਂ । ਪ੍ਰਹਾਰੈਂ । ਕ੍ਰਵਾਰੈਂ* ॥

---

*ਕਰਵਾਲ—ਤਲਵਾਰ.

ਗੁਰੁਪ੍ਰਤਾਪ ਸੂਰਜ ਵਿੱਚ ਭੀ ਇਹੀ ਰੂਪ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ. ਯਥਾ :—

ਤੁਫੰਗੈਂ । ਨਿਸੰਗੈਂ । ਉਠਾਈ । ਚਲਾਈ ॥

**ਚਾਂਦ੍ਰਾਯਣ** ਦੇਖੋ, ਪੁਨਹਾ ਅਤੇ ਅੜਿੱਲ ਦਾ ਰੂਪ 4.

## ਚ਼ਾਮਰ

**ਇਸ ਦਾ ਨਾਮ "ਸੋਮਵੱਲਰੀ" ਅਤੇ "ਤੂਣ" ਭੀ ਹੈ.** ਲਛਣ—ਚਾਰ ਚਰਣ, ਪ੍ਰਤਿ ਚਰਣ ਗੁਰੁ ਲਘੁ ਦੇ ਕ੍ਰਮ ਅਨੁਸਾਰ 15 ਅੱਖਰ. ਅਥਵਾ ਪ੍ਰਤਿ ਚਰਣ—ਰ, ਜ, ਰ, ਜ. ਰ. SIS, ISI, SIS, ISI, SIS. ਉਦਾਹਰਣ—

ਸ਼ਸਤ੍ਰ ਅਸਤ੍ਰ ਲੈ ਸਕੋਪ ਬੀਰ ਬੱਲਕੈ ਸਬੈ,<br>
ਕੋਪ ਓਪ ਦੈ ਹਠੀ ਸੁ ਧਾਯਕੈ ਪਰੇ ਤਬੈ,<br>
ਕਾਨ ਕੇ ਪ੍ਰਮਾਨ ਬਾਨ ਤਾਨ ਤਾਨ ਛੋਰਹੀਂ,<br>
ਝੂਝ ਝੂਝਕੈ ਮਰੈਂ ਨ ਨੈਕ ਮੁੱਖ ਮੋਰਹੀਂ.

[ ਦਸਮਗ੍ਰੰਥ ਕਲਕੀ ]

**ਚਾਰਣੀ ਦੋਹਰਾ** ਦੇਖੋ, ਦੋਹਰੇ ਦਾ ਰੂਪ 9.

**ਚਿਤ੍ਰ** ਦੇਖੋ, ਚੰਚਲਾ.

**ਚਿਤ੍ਰਕਲਾ** ਦੇਖੋ, ਘਨਕਲਾ—

## ਚਿਤ੍ਰਪਦਾ

ਲਛਣ—ਚਾਰ ਚਰਣ, ਪ੍ਰਤਿ ਚਰਣ ਦੋ ਭਗਣ, ਦੋ ਗੁਰੁ. SII, SII, S, S. ਇਸ ਭੇਦ ਦਾ ਨਾਮ ਬਚਿਤ੍ਰਪਦ (ਵਿਚਿਤ੍ਰਪਦ) ਭੀ ਹੈ. ਉਦਾਹਰਣ—

ਪ੍ਰੇਮ ਕਰੈਂ ਗੁਰੁਬਾਨੀ । ਸੀਖ ਧਰੈਂ ਸੁਖਦਾਨੀ ।<br>
ਕੇਸ਼ ਕ੍ਰਿਪਾਨ ਧਰੰਤੇ । ਸਿੰਘ ਸਰੂਪ ਲਖੰਤੇ ॥

**2. ਚਿਤ੍ਰਪਦਾ ਦਾ ਦੂਜਾ ਰੂਪ**—ਪ੍ਰਤਿ ਚਰਣ ਸੱਤ ਭਗਣ, ਅੰਤ ਗੁਰੁ ਲਘੁ. SII, SII, SII, SII, SII, SII, SII, S, I. ਇਸ ਦੀ "ਚਕੋਰ" ਸੰਗ੍ਯਾ ਭੀ ਹੈ. ਉਦਾਹਰਣ—

ਪਾਰ ਪਰੇ ਜਗ ਸਾਗਰ ਤੇ ਉਰ ਤੇ<br>
ਪਰਦਾ ਭ੍ਰਮ ਕੋ ਸਭ ਪਾਰ,<br>
ਪਾਰਦ* ਕੇ ਸਮ ਜੋ ਮਨ ਚੰਚਲ<br>
ਤਾਂ ਮਹਿ ਮੂਲ ਵਿਕਾਰ ਉਪਾਰ,<br>
ਪਾਰਨ† ਪ੍ਰੇਮ ਕਰੈਂ ਗੁਰੁ ਨਾਨਕ<br>
ਜੋ ਸ਼ਰਣਾਗਤ ਕੇ ਪ੍ਰਤਿਪਾਰ,

---

* ਪਾਰਾ. † ਪਾਲਨ.

ਪਾਰਸ ਜਜੋਂ ਛੁਇ ਜਾਤ ਜਿਨੈ
ਸਮ ਲੋਹ ਜੁ ਕੰਚਨ ਹੋਤ ਅਪਾਰ.

[ ਗੁਰੁਪ੍ਰਤਾਪ ਸੂਰਯ ]

## ਚੁਲਿਯਾਲਾ--ਚੂਲਕਾ*

ਲਛਣ—ਦੋ ਚਰਣ, ਪ੍ਰਤਿ ਚਰਣ 29 ਮਾਤ੍ਰਾ, 13—16 ਪਰ ਵਿਸ਼੍ਰਾਮ, ਅੰਤ ਯਗਣ ।SS. ਅਥਵਾ ਇਉਂ ਕਹੋ ਕਿ ਦੋਹਰੇ ਦੇ ਅੰਤ ਇੱਕ ਯਗਣ ਜੋੜਨ ਤੋਂ "ਚੂਲਕਾ" ਛੰਦ ਬਣ ਜਾਂਦਾ ਹੈ. ਉਦਾਹਰਣ—

ਮਰਦਾਨਾ ਸੁਨਕਰ ਤਬੈ,
ਪਦ ਪਰ ਧਾਰ ਲਿਲਾਰ ਅਲਾਵੈ,
ਸਤ੍ਯ ਵਚਨ ਤੁਮ ਕਹਿਤ ਹੋ,
ਜੋ ਭਵ ਕੇ ਦੁਖ ਦਾਰਿ† ਮਿਟਾਵੈ.

[ ਨਾਨਕ ਪ੍ਰਕਾਸ਼ ]

## ਚੌਪਈ§

ਲਛਣ—ਚਾਰ ਚਰਣ, ਪ੍ਰਤਿ ਚਰਣ ਪੰਦ੍ਰਾਂ ਮਾਤ੍ਰਾ, ਪਹਿਲਾ ਵਿਸ਼੍ਰਾਮ ਅੱਠ ਪਰ, ਦੂਜਾ ਸੱਤ ਪਰ, ਅੰਤ ਗੁਰੁ ਲਘੁ. ਇਸ ਦਾ ਨਾਮ "ਜਯਕਰੀ" ਭੀ ਹੈ. ਉਦਾਹਰਣ—

ਸੁਣਿਐ ਈਸਰੁ ਬਰਮਾ ਇੰਦੁ,
ਸੁਣਿਐ ਮੁਖਿ ਸਾਲਾਹਣ ਮੰਦੁ,
ਸੁਣਿਐ ਜੋਗ ਜੁਗਤਿ ਤਨ ਭੇਦ,
ਸੁਣਿਐ ਸਾਸਥ ਸਿੰਮ੍ਰਿਤਿ ਵੇਦ.

[ ਜਪੁ ]

2. ਜੇ ਪੰਦ੍ਰਾਂ ਮਾਤ੍ਰਾ ਦੀ ਚੌਪਈ ਦੇ ਅੰਤ ਜਗਣ ਹੋਵੇ, ਤਦ "ਗੁਪਾਲ" ਅਤੇ "ਭੁਜੰਗਿਨੀ" ਸੰਗ੍ਯਾ ਹੈ. ਉਦਾਹਰਣ—

ਸੁਣਿਐ ਸਤੁ ਸੰਤੋਖੁ ਗਿਆਨੁ,
ਸੁਣਿਐ ਅਠਸਠਿ ਕਾ ਇਸਨਾਨੁ,
ਸੁਣਿਐ ਪੜਿ ਪੜਿ ਪਾਵਹਿ ਮਾਨੁ,

---

*ਕਈ ਛੰਦਗ੍ਰੰਥਾਂ ਦਾ ਮਤ ਹੈ ਕਿ ਜੇ ਦੋ ਚਰਣ ਦਾ ਇਹ ਛੰਦ ਹੋਵੇ ਤਦ ਅੰਤ ਵਿਚ ਇੱਕ ਜਗਣ ਇੱਕ ਲਘੁ—।S।, ।. ਹੋਣਾ ਚਾਹੀਯੇ, ਅਰ ਜੇ ਚਾਰ ਚਰਣ ਦਾ ਹੋਵੇ ਤਦ ਅੰਤ ਯਗਣ ।SS ਚਾਹੀਯੇ.

†ਸ਼ੋਕ, ਰੰਜ.

§ਪਿੰਗਲ ਗ੍ਰੰਥਾਂ ਵਿਚ ਚੌਪਈ ਅਤੇ ਚੌਪਾਈ ਭਿੰਨ ਭਿੰਨ ਦੱਸੇ ਹਨ, ਪਰੰਤੂ ਸਿੱਖਕਾਵ੍ਯ ਵਿਖੇ ਇਕੋ ਹਨ.

ਸੁਣਿਐ ਲਾਗੈ ਸਹਿਜ ਧਿਆਨੁ.

[ਜਪੁ]

3. ਪ੍ਰਤਿ ਚਰਣ 16 ਮਾਤ੍ਰਾ, ਅੰਤ ਗੁਰੁ. ਇਸ ਚੌਪਈ ਦਾ ਨਾਮ "ਰੂਪਚੌਪਈ" ਭੀ ਹੈ. ਇਸ ਦੇ ਅੰਤ ਜਗਣ ਅਤੇ ਤਗਣ ਦਾ ਨਿਸ਼ੇਧ ਹੈ. ਉਦਾਹਰਣ—

ਜਾਤਿ ਪਾਤਿ ਜਿਹ ਚਿਹਨ ਨ ਬਰਨਾ,
ਅਬਿਗਤ ਦੇਵ ਅਛੈ ਅਨਭਰਮਾ,
ਸਬ ਕੋ ਕਾਲ ਸਭਿਨ ਕੋ ਕਰਤਾ,
ਰੋਗ ਸੋਗ ਦੋਖਨ ਕੋ ਹਰਤਾ.

[ਅਕਾਲਉਸਤਤਿ]

4. ਜੇ 16 ਮਾਤ੍ਰਾ ਦੀ ਚੌਪਈ ਦੇ ਅੰਤ ਦੋ ਗੁਰੁ ਹੋਣ ਤਦ "ਸੰਖਿਨੀ" ਸੰਗਯਾ ਹੈ. ਕਿਤਨਿਆਂ ਦੇ ਮਤ ਵਿੱਚ ਸੰਖਿਨੀ ਚੌਪਈ ਦੇ ਅੰਤ ਯਗਣ ਹੋਣਾ ਜ਼ਰੂਰੀ ਹੈ. ਇਹ ਦੋਵੇਂ ਲਛਣ ਅੱਗੇ ਲਿਖੇ ਉਦਾਹਰਣਾਂ ਵਿੱਚ ਘਟਦੇ ਹਨ. ਯਥਾ :—

ਨੈਨਹੁ ਦੇਖ ਸਾਧੁ ਦਰਸੇਰੈ,
ਸੋ ਪਾਵੈ ਜਿਸੁ ਲਿਖਤ ਲਿਲੇਰੈ,
ਸੇਵਉ ਸਾਧੁਸੰਗ ਚਰਨੇਰੈ,
ਬਾਛਉ ਧੂਰਿ ਪਵਿਤ੍ਰ ਕਰੇਰੈ. [ਕਾਨੜਾ ਮਹਲਾ 5]
ਤਾਤ ਮਾਤ ਜਿਹ ਜਾਤ ਨ ਪਾਤਾ,
ਏਕ ਰੰਗ ਕਾਹੂ ਨਹਿ ਰਾਤਾ,
ਸਰਬ ਜੋਤਿ ਕੇ ਬੀਚ ਸਮਾਨਾ,
ਸਬਹੂੰ ਸਰਬ ਠੌਰ ਪਹਿਚਾਨਾ.

[ਅਕਾਲ ਉਸਤਤਿ]

## ਚੌਪਦ

ਲਛਣ—ਚਾਰ ਚਰਣ, ਪ੍ਰਤਿ ਚਰਣ 24 ਮਾਤ੍ਰਾ. 11—13 ਪਰ ਵਿਸ਼੍ਰਾਮ, ਅੰਤ ਦੋ ਗੁਰੁ. ਦੇਖੋ, ਰਸਾਵਲ ਦਾ ਰੂਪ 4.

**ਚੌਪਾਈ. ਦੇਖੋ, ਚੌਪਈ.**
**ਚੌਪੈਯਾ ਦੇਖੋ, ਚਤੁਸਪਦੀ.**
**ਚੌਬੋਲਾ ਦੇਖੋ, ਚਉਬੋਲਾ.**
**ਚੰਚਰੀ—ਚੰਚਰੀਆ ਦੇਖੋ, ਚਚਰੀਆ.**

## ਚੰਚਲਾ

**ਇਸ ਦਾ ਨਾਮ "ਚਿਤ੍ਰ", "ਬਿਰਾਜ" ਅਤੇ "ਬ੍ਰਹਮਰੂਪਕ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਗੁਰੁ ਲਘੁ ਕ੍ਰਮ ਨਾਲ 16 ਅੱਖਰ, ਅਥਵਾ ਰ, ਜ, ਰ, ਜ, ਰ, ਲ. SIS, ISI, SIS, ISI, SIS, I. ਉਦਾਹਰਣ—

ਮਾਰਬੇ ਕੁ ਤਾਂਹਿ ਤਾਕ ਧਾਂਇ ਬੀਰ ਸਾਵਧਾਨ,
ਹੋਨ ਲਾਗ ਯੁੱਧ ਕੇ ਜਹਾਂ ਤਹਾਂ ਸਭੈ ਬਿਧਾਨ,
ਭੀਮ ਭਾਂਤ ਧਾਇਕੈ ਨਿਸ਼ੰਕ ਘਾਇ ਕਤੰ ਆਇ,
ਜੂਝ ਜੂਝਕੈ ਪਰੈਂ ਸੁ ਦੇਵਲੋਕ ਬਸ੍ਯ ਜਾਇ.

[ਦਸਮਗ੍ਰੰਥ, ਕਲਕੀ]

**ਦੇਖੋ, ਬਿਰਾਜ ਦਾ ਦੂਜਾ ਰੂਪ.**

**ਚੰਚਲੀ** ਦੇਖੋ, ਚਚਰੀਆ.

**ਚੰਡਰਸਾ** ਦੇਖੋ, ਅਕਰਾ.

**ਚੰਦ੍ਰਕਲਾ** ਦੇਖੋ, ਸਵੈਯੇ ਦਾ ਰੂਪ 15.

**ਚੰਦ੍ਰਮਣੀ** ਦੇਖੋ, ਉੱਲਾਲਾ.

## ਚੰਪਕਮਾਲਾ

**ਇਸ ਦਾ ਨਾਮ "ਰੁਕਮਵਤੀ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਭ, ਮ, ਸ, ਗ. SII, SSS, IIS, S. ਉਦਾਹਰਣ —

ਦੀਰਘ ਰੌਰਾ ਦ੍ਵੈ ਦਿਸ ਹੋਵਾ,
ਚਾਹਤ ਹਾਥੀ ਕੋ ਤਬ ਢੋਵਾ,*
ਸਿੰਘ ਭਏ ਘੋਰੇ ਅਸਵਾਰਾ,
ਲੋਹਗੜ੍ਹੀ ਕੋ ਦ੍ਵਾਰ ਨਿਹਾਰਾ. [ਗੁਰੁਪ੍ਰਤਾਪ ਸੂਰਯ]

**ਛਕ੍ਰਤ** ਦੇਖੋ, ਕੁਲਕ ਦਾ ਰੂਪ 2.

## ਛਪਾ-ਛਪੈ-ਛੱਪਯ

**ਛੀ ਚਰਣ ਹੋਣ ਕਰਕੇ ਇਸ ਦਾ ਨਾਮ "ਖਟਪਦ" ਅਤੇ ਛੱਪਯ ਹੈ. ਇਸ ਛੰਦ ਦੀਆਂ ਤਿੰਨ ਜਾਤੀਆਂ ਪ੍ਰਸਿੱਧ ਹਨ :—**

(ੳ) ਪਹਿਲਾਂ ਰੋਲਾ, ਅੰਤ ਦੋ ਚਰਣ ਦੋਹਾ. ਦੇਖੋ, ਛੱਪਯ ਦਾ ਸਰੂਪ 15.

(ਅ) ਪਹਿਲਾਂ ਰੋਲਾ, ਅੰਤ ਦੋ ਚਰਣ ਉੱਲਾਲ ਦੇ, ਜਿਸ ਦੀਆਂ ਪ੍ਰਤਿ ਚਰਣ 26 ਮਾਤ੍ਰਾ ਹੁੰਦੀਆਂ ਹਨ. ਦੇਖੋ, ਛੱਪਯ ਦਾ ਸਰੂਪ 16.

(ੲ) ਪਹਿਲੀ ਚਾਰ ਤੁਕਾਂ ਰੋਲਾ, ਅਰਥਾਤ ਪ੍ਰਤਿ ਚਰਣ 24 ਮਾਤ੍ਰਾ, 11—13 ਪਰ ਵਿਸ਼੍ਰਾਮ. ਅੰਤ ਦੀਆਂ ਦੋ ਤੁਕਾਂ ਉੱਲਾਲ ਛੰਦ, ਅਰਥਾਤ ਪ੍ਰਤਿ ਚਰਣ 28 ਮਾਤ੍ਰਾ. 15—13 ਪਰ ਵਿਸ਼੍ਰਾਮ. ਕੁੱਲ ਮਾਤ੍ਰਾ 152. ਛੱਪਯ ਦੀ ਇਹ ਜਾਤਿ ਪਹਿਲੇ ਦੋ ਭੇਦਾਂ ਨਾਲੋਂ ਸਰਵਪ੍ਰਿਯ ਹੈ.

ਗੁਰੁ ਲਘੁ ਅਕਰਾਂ ਦੇ ਵੱਧ ਘੱਟ ਹੋਣ ਕਰਕੇ ਛੱਪਯ ਦੇ 71 ਭੇਦ ਹਨ, ਪਰ ਅਸੀਂ ਇਸ ਥਾਂ ਓਹ ਸਰੂਪ ਦਿਖਾਉਨੇ ਹਾਂ ਜੋ ਸਿੱਖਕਾਵ੍ਯ ਵਿਖੇ ਪਾਏ ਜਾਂਦੇ ਹਨ.—

---

*ਏਹ ਆਨੰਦ ਪੁਰ ਦੇ ਜੰਗ ਦਾ ਵਰਣਨ ਹੈ ਜਦ ਪਹਾੜੀ ਰਾਜਿਆਂ ਨੇ ਕਿਲੇ ਦਾ ਦਰਵਾਜ਼ਾ ਤੋੜਨ ਲਈਂ ਮਸਤ ਹਾਥੀ ਤਯਾਰ ਕੀਤਾ ਸੀ.

1. ਜਿਸ ਛੱਪਯ ਵਿਚ 12 ਗੁਰੁ ਅਤੇ 128 ਲਘੁ ਹੋਣ ਉਸ ਦੀ "ਗਗਨ" ਸੰਗਜ੍ਯਾ ਹੈ. ਉਦਾਹਰਣ—

ਗਰੁੜ ਸਰਨ ਡਰ ਸਰਪ
ਸਰਦ ਭਲ ਭਵਨ ਤਪਤ ਡਰ,
ਡਰ ਤਸਕਰ ਢਿਗ ਭੂਪ
ਅਗਨਿ ਡਰ ਬਰਸਤ ਘਨਬਰ,
ਕਲ੍ਯਾ ਸੁਤਰੁ ਤਲ ਰਹਿਤ
ਬਿਪਤ ਡਰ ਤਮ ਡਰ ਦਿਨਕਰ,
ਮਲਯਾਚਲ ਦੁਰਗੰਧ
ਹਿਮਾਚਲ ਧੂਲਿ ਡਰਤ ਨ!,
ਘਰ ਸ਼ਾਰਦੂਲ ਸ੍ਰਿੰਗਾਲ* ਡਰ
ਚਟਕ ਬਟੁਕ† ਡਰ ਬਾਜ ਪਗ,
ਧਰ ਗੁਰੁਪੰਥ ਪੁਨ ਯਮ ਨਰਕ
ਡਰ ਵਢ ਅਚਰਜ ਸਮਝ ਜਗ.

[ਸਿੱਖੀ ਪ੍ਰਭਾਕਰ]

2. ਜਿਸ ਛੱਪਯ ਦੇ 22 ਗੁਰੁ ਅਤੇ 108 ਲਘੁ ਹੋਣ, ਉਸ ਦੀ "ਕ੍ਰਿਸ਼੍ਨ" ਸੰਗਜ੍ਯਾ ਹੈ. ਯਥਾ :—

ਅਮਰ‡ ਸਿਮਰ ਕਰ ਜਾਹਿੰ
ਸਮਰ§ ਜਯ ਪਾਵਹਿੰ ਅਰਿ ਹਰ,
ਹਰ ਨਿਤ ਲਾਵਹਿ ਧ੍ਯਾਨ
ਗ੍ਯਾਨ ਪਾਵਹਿੰ ਮੁਨਿ ਉਰ ਧਰ,
ਧਰਨਿ ਭਜਨ ਵਿਦਤਾ੍ਯ
ਸਭਿਨ ਮੇਂ ਵ੍ਯਾਪਯੋ ਸਮਸਰ,
ਸਰਨ ਦਾਸ ਗਤਿ ਲਹਿਤ
ਦਹਿਤ ਦੁਖ ਦੋਖਨ ਕੋ ਦਰ,::
ਦਰ ਦੇਤ ਬਤਾਇ ਸੁ ਮੁਕ੍ਤਿ ਕੋ
ਹੋਂਹਿ ਪ੍ਰਸੀਦਿਤ** ਚਿਤ ਸਿਮਰ,
ਮਰ ਜਨਮਨ ਕੋ ਸੰਕਟ ਕਟਤ
ਜਯ ਜਯ ਜਯ ਸ੍ਰੀ ਗੁਰੁ ਅਮਰ.

[ਗੁਰੁਪ੍ਰਤਾਪ ਸੂਰਜ]

*ਗਿੱਦੜ.
†ਚਿੜੇ ਦਾ ਬੱਚਾ.
‡ਦੇਵਤਾ.
§ ਯੁੱਧ.
::ਡਰ. ਭਯ.
**ਪ੍ਰਸੰਨਤਾ ਸਹਿਤ.

3. ਜਿਸ ਛੱਪਯ ਵਿਚ 23 ਗੁਰੁ ਅਤੇ 106 ਲਘੁ ਹੋਣ, ਉਸ ਦਾ ਨਾਮ "ਕਨਕ" ਹੈ, **ਯਥਾ** :—

ਬਨ ਟੁੱਟਤ ਗਿਰਿ ਫਟਤ
ਛੁਟਤ ਧੀਰਜ ਸੁ ਧਰਨਿ ਤਨ,
ਦਿੱਗਜ ਦਿਗ ਕਲਮਲਿਤ*
ਹਲਤ ਤਲ ਸ਼ੇਸ਼ ਨਾਗ ਮਨ,
ਉਡਤ ਰੇਨੁ ਹਯ ਖੁਰਨ
ਸੂਰ ਬਰ ਕਹੂੰ ਲੁੱਕ ਗਯ,
ਭੱਭੀਛਨ ਭਰਹਰਤ
ਮੂੰਦ ਗਢ ਦ੍ਵਾਰ ਦੁਰਤ ਭਯ.
ਕਰ ਗਹਿ ਕ੍ਰਿਪਾਣ ਗੋਬਿੰਦ ਗੁਰੁ
ਜਬ ਸਲੋਹ ਪੱਖਰ ਸਜਤ,
ਹਲ ਚਲਤ ਤਿਹੂੰ ਪੁਰ ਚਕ੍ਰਵੈ†
ਘਰਨਿ ਛਾਡ ਘਰ ਤੇ ਭਜਤ.

[ਹੰਸਰਾਮ, ਦਸ਼ਮੇਸ਼ ਦਾ ਦਰਬਾਰੀ ਕਵਿ]

4. ਗੁਰੁ 25 ਅਤੇ 102 ਲਘੁ ਵਾਲਾ ਛੱਪਯ "ਮਲਯ" ਹੈ, **ਯਥਾ** :—

ਗੁਰੁ ਜਿਨ ਕਉ ਸੁਪ੍ਰਸੰਨ,
ਨਾਮਹਰਿ ਰਿਦੈ ਨਿਵਾਸੈ,
ਜਿਨ ਕਉ ਗੁਰੁ ਸੁਪ੍ਰਸੰਨ,
ਦੁਰਤ ਦੂਰੰਤਰ ਨਾਸੈ,
ਗੁਰੁ ਜਿਨ ਕਉ ਸੁਪ੍ਰਸੰਨ,
ਮਾਨ ਅਭਿਮਾਨ ਨਿਵਾਰੈ,
ਜਿਨ ਕਉ ਗੁਰੁ ਸੁਪ੍ਰਸੰਨ,
ਸਬਦ ਲਗ ਭਵਜਲ ਤਾਰੈ,
ਪਰਚਉ ਪ੍ਰਮਾਣ ਗੁਰੁ ਪਾਇਅਉ,
ਤਿਨ ਸਕਯੱਥਉ ਜਨਮ ਜਗ,
ਸ੍ਰੀ ਗੁਰੂ ਸਰਣ ਭਜ ਕਲਯ ਕਬਿ,
ਭੁਗਤਿ ਮੁਕਤਿ ਸਭ ਗੁਰੂ ਲਗ.

[ਸ੍ਰੀ ਗੁਰੁ ਗ੍ਰੰਥ ਸਾਹਿਬ, ਸਵੈਯੇ ਮ: 4 ਕੇ]

5. ਜਿਸ ਵਿਚ 26 ਗੁਰੁ ਅਤੇ 100 ਲਘੁ ਹੋਣ, ਉਹ "ਧਵਲ" ਛੱਪਯ ਹੈ, **ਯਥਾ**—

*ਵਯਾਕੁਲ. †ਚਕ੍ਰ ਵਰਤੀ ਰਾਜ.

ਰਤਨ ਜਟਿਤ ਰਥ ਸੁਭਤ
ਖਚਿਤ ਬਜ੍ਰਨ* ਮੁਕਤਾਫਲ,
ਹੀਰ ਚੀਰ ਆਭਰਨ
ਧਰੇ ਸਾਰਥੀ ਮਹਾਬਲ,

ਕਨਕ ਦੇਖ ਕੁਰਰਾਤ†
ਕਠਿਨ ਕਾਮਨਿ ਬ੍ਰਿਤਿ ਹਾਰਤ,
ਪਟ ਅੰਬਰ ਜ਼ਰਕਸ਼ੀ
ਪਰਮ ਭੂਖਨ ਤਨ ਧਾਰਤ,
ਇਹ ਛਬਿ ਅਨੰਦ ਮਦਨਜ‡ ਨ੍ਰਿਪਤਿ
ਜਦਿਨ ਗਰਜ ਦਲ ਗਾਹ ਹੈ,
ਬਿਨ ਇਕ ਧੀਰਜ ਸੁਨ ਰੇ ਨ੍ਰਿਪਤਿ !
ਔਰ ਸਮੂਹਿ ਕੋ ਚਾਹ ਹੈ ?

[ਦਸਮਗ੍ਰੰਥ, ਪਾਰਸਨਾਥ]

6. ਜਿਸ ਛੱਪਯ ਵਿਖੇ 28 ਗੁਰੁ ਅਤੇ 96 ਲਘੁ ਹੋਣ, ਉਹ "ਕਰਤਲ" ਹੈ, **ਯਥਾ** :—

ਦਿਸਟਿ ਧਰਤ ਤਮ ਹਰਨ
ਦਹਨ ਅਘ ਪਾਪ ਪ੍ਰਨਾਸਨ,
ਸਬਦ ਸੂਰ ਬਲਵੰਤ
ਕਾਮ ਅਰ ਕ੍ਰੋਧ ਬਿਨਾਸਨ,

ਲੋਭ ਮੋਹ ਵਸਿ ਕਰਣ
ਸਰਣ ਜਾਚਕ ਪ੍ਰਤਿਪਾਲਣ,
ਆਤਮਰਤ ਸੰਗ੍ਰਹਣ
ਕਹਣ ਅੰਮ੍ਰਿਤ ਕਲ ਢਾਲਣ,
ਸਤਗੁਰੂ ਕਲਜ ਸਤਗੁਰੁ ਤਿਲਕ
ਸਤਿ ਲਾਗੈ ਸੋ ਪੈ ਤਰੈ,
ਗੁਰੁ ਜਗਤ ਫਿਰਣਸੀ ਅੰਗਰਉ§
ਰਾਜ ਜੋਗ ਲਹਣਾ ਕਰੈ.

[ਸ੍ਰੀ ਗੁਰੁ ਗ੍ਰੰਥ ਸਾਹਿਬ, ਸਵੈਯ ਮਹਲੇ 2 ਕੇ]

7. ਗੁਰੁ 29 ਅਤੇ 94 ਲਘੁ ਵਾਲੇ ਛੱਪਯ ਦੀ "ਬੁੱਧਿ"

*ਹੀਰੇ.
†ਕੁੜ੍ਹਦਾ ਹੈ. ਹਸਦ ਕਰਦਾ ਹੈ
‡ਕਾਮ ਦਾ ਪੁਤ੍ਰ
§ਫੇਰੂ ਦੇ ਸਿੰਹ ਰੂਪ ਪੁਤ੍ਰ ਗੁਰੂ ਅੰਗਦ ਜੀ.

ਸੰਗਯਾ* ਹੈ. ਉਦਾਹਰਣ—

ਚਕ੍ਰ ਚਿਹਨ ਅਰੁ ਬਰਨ
ਜਾਤਿ ਅਰੁ ਪਾਤਿ ਨਹਿਨ ਜਿਹ,
ਰੂਪ ਰੰਗ ਅਰ ਰੇਖ
ਭੇਖ ਕੋ ਕਹਿ ਨ ਸਕਤ ਕਿਹ,
ਅਚਲ ਮੂਤਿੰ ਅਨੁਭਵ ਪ੍ਰਕਾਸ਼
ਅਮਿਤੋਜ† ਕਹਿੱਜੈ,
ਕੋਟਿ ਇੰਦ੍ਰ ਇੰਦ੍ਰਾਣ
ਸ਼ਾਹ ਸ਼ਾਹਾਨ ਗਣਿੱਜੈ,
ਤ੍ਰਿਭਵਣ ਮਹੀਪ ਸੁਰ ਨਰ ਅਸੁਰ
ਨੇਤਿ ਨੇਤਿ ਬਨ ਤ੍ਰਿਣ ਕਹਿਤ,
ਤਵ ਸਰਬ ਨਾਮ ਕੱਥੈ ਕਵਨ ?
ਕਰਮ ਨਾਮ, ਬਰਣਤ ਸੁਮਤਿ.

[ ਜਾਪੁ, ਪਾਤਸ਼ਾਹੀ 10 ]

8. ਜਿਸ ਵਿਖੇ 32 ਗੁਰੁ ਅਤੇ 88 ਲਘੁ ਹੋਣ, ਉਸ਼ ਦਾ ਨਾਮ "ਮਕਰ" ਹੈ. ਉਦਾਹਰਣ—

ਪੁਹਪ ਧਨੁਸ ਅਲਿ ਪਨਚ‡ ਮਤਸ ਜਿਹ ਧੁਜਾ ਬਿਰਾਜੈ,
ਬਾਜਤ ਝਾਂਝਰ ਤੂਰ ਮਧੁਰ ਬੀਣਾ ਧੁਨਿ ਬਾਜੈ,
ਸਬ ਬਜੰਤ੍ਰ ਜਿਹ ਸੰਗ ਬਜਤ ਸੁੰਦਰ ਛਬਿ ਸੋਹਤ,
ਸੰਗ ਸੈਨ ਅਬਲਾ ਸੰਬੂਹ ਸੁਰ ਨਰ ਮੁਨਿ ਮੋਹਤ,
ਅਸ ਮਦਨ ਰਾਜਰਾਜਾ ਨ੍ਰਿਪਤਿ ਜਦਿਨ ਕ੍ਰੁੱਧ ਕਰ ਧਾਇ ਹੈ,
ਬਿਨ ਇਕ ਬਿਬੇਕ ਤਾਂਕੇ ਸਮੁਹਿ ਔਰ ਦੂਸਰ ਕੋ ਜਾਇ ਹੈ ?

[ਦਸਮਗ੍ਰੰਥ, ਪਾਰਸਨਾਥ ]

9. ਜਿਸ ਛੱਪਯ ਦੇ 33 ਗੁਰੁ ਅਤੇ 86 ਲਘੁ ਹੋਣ, ਓਹ "ਮੇਰੁ" ਹੈ. ਉਦਾਹਰਣ—

ਕਰਤ ਨਿਰਤ ਸੁੰਦਰੀ ਬਜਤ ਬੀਣਾ ਧੁਨਿ ਮੰਗਲ,
ਉਪਜਤ ਰਾਗ ਸਬੂਹ ਬਜਤ ਬੈਰਾਗੀ ਬੰਗਲ,
ਭੈਰਵ ਰਾਗ ਬਸੰਤ ਦੀਪ§ ਹਿੰਡੋਲ ਮਹਾਂ ਸੁਰ,
ਉਘਟਤ ਤਾਨ ਤਰੰਗ ਸੁਨਤ ਰੀਝਤ ਧੁਨਿ ਸੁਰ ਨਰ,

---

*ਭਾਈ ਨਿਹਾਲ ਸਿੰਘ ਜੀ ਨੇ "ਚਕ੍ਰਧਰ ਚਰਿਤ੍ਰ ਚਾਰੁ ਚੰਦ੍ਰਿਕਾ" ਵਿਖੇ ਇਸ ਦੀ "ਚਕ੍ਰਧਰ" ਸੰਗਜਾ ਦੱਸੀ ਹੈ.

†ਅਮਿਤ—ਓਜ. ਅਪ੍ਰਮਾਣ ਬਲ.

‡ਭੌਰਿਆਂ ਦਾ ਚਿੱਲਾ.

§ਦੀਪਕ.

ਇਹ ਛਬਿ ਪ੍ਰਭਾਵ, ਰਿਤੁਰਾਜ* ਨ੍ਰਿਪ
ਜਦਿਨ ਰੋਸ ਕਰ ਧਾਇ ਹੈ,
ਬਿਨ ਇਕ ਬਿਬੇਕ ਤਾਂਕੇ ਨ੍ਰਿਪਤਿ !
ਔਰ ਸਮੁਹਿ ਕੋ ਜਾਇ ਹੈ ?

[ ਦਸਮਗ੍ਰੰਥ, ਪਾਰਸਨਾਥ ]

10. ਗੁਰੁ 34, ਲਘੁ 84 ਵਾਲਾ ਛੱਪਯ "ਸਾਰਸ" ਹੈ. **ਉਦਾਹਰਣ—**

ਗੁਣ ਗਾਵੈ ਰਵਦਾਸ ਭਗਤ ਜੈਦੇਵ ਤ੍ਰਿਲੋਚਨ,
ਨਾਮਾ ਭਗਤ ਕਬੀਰ ਸਦਾ ਗਾਵਹਿ ਸਮਲੋਚਨ†
ਭਗਤ ਬੇਣਿ ਗੁਣ ਰਵੈ ਸਹਿਜ ਆਤਮ ਰੰਗ ਮਾਣੈ,
ਜੋਗ ਧਯਾਨ ਗੁਰੁਗਯਾਨ ਬਿਨਾ ਪ੍ਰਭੁ ਅਵਰ ਨ ਜਾਣੈ,
ਸੁਖਦੇਉ ਪਰੀਖਯਤ ਗੁਣ ਰਵੈ ਗੋਤਮ ਰਿਖਿ ਜਸ ਗਾਇਓ,
ਕਬਿ ਕੱਲ ਸੁਜਸ ਨਾਨਕ ਗੁਰੂ ਨਿਤ ਨਵਤਨ ਜਗ ਛਾਇਓ.

[ ਸ੍ਰੀ ਗੁਰੁ ਗ੍ਰੰਥ ਸਾਹਿਬ, ਸਵੈਯੇ ਮ: 1 ਕੇ ]

11. ਜਿਸ ਵਿੱਚ 35 ਗੁਰੁ ਅਤੇ 82 ਲਘੁ ਹੋਣ, ਉਸ ਦੀ "ਸਮਰ" ਸੰਗਯਾ ਹੈ, **ਯਥਾ :—**

ਧੂਮ੍ਰ ਧੁਜਾ ਰਥ ਧੂਮ੍ਰ ਸਾਰਥੀ ਧੂਮ੍ਰ ਬਿਰਾਜਤ,
ਧੂਮ੍ਰ ਬਸਤ੍ਰ ਤਨ ਧਰੇ ਨਿਰਖ ਧੂਮ੍ਰਹਿ ਮਨ ਲਾਜਤ,
ਧੂਮ੍ਰ ਧਨੁਖ ਕਰ ਛਕਯੋ ਬਾਨ ਧੂਮਰੇ ਸੁਹਾਏ,
ਸੁਰ ਨਰ ਨਾਗ ਭੁਜੰਗ ਜੱਛ ਅਰੁ ਅਸੁਰ ਲਜਾਏ,
ਇਹ ਛਬਿ ਪ੍ਰਭਾਵ ਆਲਸ ਨ੍ਰਿਪਤਿ ਜਦਿਨ ਜੁੱਧ ਕਹਿਂ ਜੁੱਟ ਹੈ,
ਉੱਦਮ ਬਿਹੀਨ ਸੁਰ ਰੇ ਨ੍ਰਿਪਤਿ ! ੌਰ ਸਕਲ ਦਲ ਫੁੱਟ ਹੈ.

[ ਦਸਮਗ੍ਰੰਥ, ਪਾਰਸਨਾਥ ]

12. ਜਿਸ ਛੱਪਯ ਵਿਖੇ 38 ਗੁਰੁ ਅਤੇ 76 ਲਘੁ ਹੋਣ, ਓਹ "ਅਜੰਗਮ" ਹੈ, **ਯਥਾ :—**

ਬੇਦ ਭੇਦ ਨਹਿ ਲਖੈ ਬ੍ਰਹਮ ਬ੍ਰਹਮਾ ਨਹਿ ਬੁੱਝੈ,
ਬਯਾਸ ਪਰਾਸਰ ਸੁਕ ਸਨਾਦਿ ਸਿਵ ਅੰਤ ਨ ਸੁੱਝੈ,
ਸਨਤਕ੍ਵਾਰ ਸਨਕਾਦਿ ਸਬੈਂ ਜੌ ਸਮਾ ਨ ਪਾਵਹਿ,
ਲਖ ਲਖਮੀ ਲਖ ਬਿਸ੍ਨੁ ਕਿਸ੍ਨੁ ਕਇ ਨੇਤਿ ਬਤਾਵਹਿ,
ਅਸੰਭਰੂਪ‡ ਅਨਭੈ ੍ਰਭਾ ਅਤਿ ਬਲਿਸ੍ਟ ਜਲ ਥਲ ਕਰਣ,
ਅੱਚੁਤ ਅਨੰਤ ਅਦ੍ਵੈ ਅਮਿਤ ਨਾਥ ਨਿਰੰਜਨ ਤ੍ਵ ਸ਼ਰਣ.

[ ਦਸਮਗ੍ਰੰਥ ਗਯਾਨਪ੍ਰਬੋਧ ]

---

*ਬਸੰਤ †ਸਮਦ੍ਰਿਸ਼੍ਟਾ. ‡ਅਜਨਮ ਰੂਪ.

13. ਗੁਰੁ 41 ਲਘੁ 70 ਵਾਲਾ ਛੱਪਯ "ਬਾਰਣ" ਹੈ. **ਉਦਾਹਰਣ—**

ਗੁਣ ਗਾਵਹਿ ਨਵ ਨਾਥ ਧੰਨ ਗਰੁ ਸਾਚ ਸਮਾਯੋ,
ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ* ਕਹਾਯੋ,
ਗੁਣ ਗਾਵੈ ਬਲਿਰਾਉ ਸਪਤ ਪਾਤਾਲ ਬਸੰਤੋ,
ਭਰਥਰਿ ਗੁਣ ਉੱਚਰੈ ਸਦਾ ਗੁਰੁ ਸੰਗ ਰਹੰਤੋ,
ਦੂਰਬਾ† ਪਰੂਰਉ‡ ਅੰਗਰੈ§ ਗੁਰੁ ਨਾਨਕ ਜਸ ਗਾਇਓ,
ਕਬਿ ਕੱਲ ਸੁਜਸ ਨਾਨਕ ਗੁਰੂ ਘਟ ਘਟ ਸਹਿਜ ਸਮਾਇਓ.

[ ਸ੍ਰੀ ਗੁਰੁ ਗ੍ਰੰਥ ਸਾਹਿਬ, ਸਵੈਯੇ ਮ: 1 ਕੇ ]

14. ਗੁਰੁ 43 ਲਘੁ 66 ਵਾਲਾ ਛੱਪਯ "ਕਮਲ" ਹੈ, **ਉਦਾਹਰਣ—**

ਜਵਨ ਕ੍ਰੁੱਧਕੈ ਜੁੱਧ ਕਰਣ ਕੈਰਵ ਰਣ ਘਾਏ,
ਜਾਸ ਕੋਪ ਕੇ ਕੀਨ ਸੀਸ ਦਸਸੀਸ ਗਵਾਏ,
ਜੌਨ ਕ੍ਰੁੱਧ ਕੇ ਕਿਯੇ ਦੇਵ ਦਾਨਵ ਰਣ ਲੁੱਝੇ,
ਜਾਸ ਕ੍ਰੁੱਧ ਕੇ ਕੀਨ ਖਸ੍ਰਿ :: ਕੁਲ ਜਾਦਵ ਜੁੱਝੇ,
ਸੋ ਤਾਸ ਮਾਨ ਸੈਨਾਧਿਪਤਿ ×
ਜਦਿਨ ਰੋਸ ਵਹ ਆਇਹੈ,
ਬਿਨ ਇਕ ਬਿਬੇਕ ਸੁਨ ਹੋ ਨ੍ਰਿਪਤਿ !
ਅਵਰ ਸਮੁਹਿ ਕੋ ਜਾਇਹੈ ?

[ਦਸਮਗ੍ਰੰਥ, ਪਾਰਸਨਾਥ ]

15. ਜਿਸ ਛੱਪਯ ਦੇ ਪਹਿਲੇ ਚਾਰ ਚਰਣ ਰੋਲਾ ਛੰਦ, ਅੰਤ ਦੋ ਚਰਣ ਦੋਹਾ ਹੋਵੇ, ਉਸ ਦੀ ਸੰਗਯਾ "ਰੋਲਹੰਸਾ" ਹੈ. ਇਸ ਦੀਆਂ ਕੁੱਲ ਮਾਤ੍ਰਾ 144 ਹੁੰਦੀਆਂ ਹਨ. **ਉਦਾਹਰਣ--**

ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ,
ਕਾਮ ਕ੍ਰੋਧ ਅਰ ਲੋਭ ਮੋਹ ਵਸਿ ਕਰੈ ਸਭੈ ਬਲ,
ਸਦਾ ਸੁੱਖ ਮਨ ਵਸੈ ਦੁੱਖ ਸੰਸਾਰਹਿ ਖੋਵੈ,
ਗੁਰੁ ਨਵਨਿਧਿ ਦਰਿਆਉ ਜਨਮ ਹਮ ਕਾਲਖ ਧੋਵੈ,
ਸੁਕਹੁ ਟੱਲ ਗੁਰੁ ਸੇਵਿਐ ਅਹਿ ਨਿਸ ਸਹਿਜ ਸੁਭਾਇ,
ਦਰਸਨ ਪਰਸਜੈ ਗੁਰੂ ਕੈ ਜਨਮ ਮਰਣ ਦੁਖ ਜਾਂਇ.

[ਸ੍ਰੀ ਗੁਰੁ ਗ੍ਰੰਥ ਸਾਹਿਬ, ਸਵੈਯੇ, ਮ: 2 ਕੇ ]

16. ਅਜੇਹੇ ਛੱਪਯ ਭੀ ਹੋਯਾ ਕਰਦੇ ਹਨ ਜਿਨ੍ਹਾਂ ਦੇ ਅੰਤ ਉੱਲਾਲ ਛੰਦ 28 ਮਾਤ੍ਰਾ ਦੀ

---

*ਚਕ੍ਰਵਰਤੀ. †ਦੁਰਵਾਸਾ.
‡ਪਰੂਰਵਾ. §ਅੰਗਿਰਾ. ::ਖਸ਼ਟਿ ਸੱਠ.
× ਸੈਨਾ ਅਧਿਪਤਿ, ਸਿਪਹਸਾਲਾਰ.

ਥਾਂ 26 ਮਾਤ੍ਰਾ ਦਾ ਹੁੰਦਾ ਹੈ. ਅਰ ਮਾਤ੍ਰਾ ਦੀ ਕੁੱਲ ਗਿਣਤੀ 148 ਹੁੰਦੀ ਹੈ. 26 ਮਾਤ੍ਰਾ ਦਾ ਉੱਲਾਲ, ਦੋਹੇ ਦੇ ਅੰਤ ਦੋ ਲਘੁ ਅਥਵਾ ਇੱਕ ਗੁਰੁ ਜੋੜਨ ਤੋਂ ਬਣ ਜਾਂਦਾ ਹੈ. ਤੇਰਾਂ ਤੇਰਾਂ ਮਾਤ੍ਰਾ ਪਰ ਦੋ ਵਿਸ਼੍ਰਾਮ, ਯਥਾ—

ਮੰਦ ਕਰਮ ਨਹਿ ਕੀਨ ਜਿਨ,
ਨ੍ਰਿਭੈ ਰਹਿਤ ਸੰਸਾਰ ਨਿਤ.

**ਅਥਵਾ—**

ਨ੍ਰਿਭੈ ਰਹਿਤ ਸੰਸਾਰ ਜੋ.

**ਛਬਿ** ਦੇਖੋ, ਮਧੁਭਾਰ.

## ਛੰਤ—ਛੰਦ

**ਪਦ ਕਾਵ੍ਯ ਦਾ ਨਾਮ "ਛੰਦ" ਹੈ.** ਇਸ ਸਿਰਲੇਖ ਹੇਠ ਅਨੇਕ ਜਾਤੀਆਂ ਦੇ ਛੰਦ ਗੁਰੁਬਾਣੀ ਵਿੱਚ ਪਾਏ ਜਾਂਦੇ ਹਨ, ਪਰ ਸਿਰਲੇਖ ਕੇਵਲ ਛੰਤ ਅਤੇ ਛੰਦ ਹੋਯਾ ਕਰਦਾ ਹੈ.* ਪਾਠਕਾਂ ਦੇ ਗ੍ਯਾਨ ਵਾਸਤੇ ਕੁਛ ਉਦਾਹਰਣ ਦਿਖਾਂਉਦੇ ਹਾਂ.

1. ਹੁੱਲਾਸ ਦਾ ਭੇਦ ਰੂਪ (ਛੰਤ) ਛੰਦ—

ਅਨਦੋ ਅਨਦ ਘਣਾ ਮੈ ਸੋ ਪ੍ਰਭੁ ਡੀਠਾ ਰਾਮ,
ਚਾਖਿਅੜਾ ਚਾਖਿਅੜਾ ਮੈ ਹਰਿਰਸ ਮੀਠਾ ਰਾਮ,—
ਹਰਿਰਸ ਮੀਠਾ ਮਨ ਮਹਿ ਵੂਠਾ ਸਤਗੁਰੁ ਤੂਠਾ ਸਹਜ ਭਯਾ,
ਗ੍ਰਿਹ ਵਸਿ ਆਯਾ ਮੰਗਲ ਗਾਯਾ ਪੰਚ ਦੁਸ੍ਟ ਉਇ ਭਾਗ ਗਯਾ,
ਸੀਤਲ ਆਘਾਣੇ ਅੰਮ੍ਰਿਤਿ ਬਾਣੇ ਸਾਜਨ ਸੰਗ ਬਸੀਠਾ,
ਕਹੁ ਨਾਨਕ ਹਰਿ ਸਿਉ ਮਨ ਮਾਨਿਆ ਸੋ ਪ੍ਰਭੁ ਨੈਣੀ ਡੀਠਾ.

[ ਆਸਾ ਛੰਤ ਮਹਲਾ 5 ]

2. ਗੁਰ ਪ੍ਰਤਾਪ ਸੂਰਯ ਵਿੱਚ ਕੇਵਲ "ਛੰਦ" ਪਦ ਲਿਖਕੇ "ਹੰਸਗਤਿ" ਛੰਦ ਦ ਰੂਪਾਂਤਰ ਦਿੱਤਾ ਹੈ, **ਯਥਾ**—

ਗੁਰੁ ਤੇ ਵਿਛੜਾ ਸਿੱਖ, ਲੋਭੀ ਨਾਮਕਹੁ,
ਬਖਸ਼ੈ ਗੁਰੁਬਖਸ਼ੰਦ, ਮੇਲੈ ਛਾਡਰਹੁ,
ਔਗੁਣ ਹਾਰੇ ਨੀਤ, ਚਲੇ ਨਾ ਸਾਚ ਮਗ.
ਲੰਪਟ ਭਏ ਕੁਟੰਬ, ਨ ਮਿਥ੍ਯਾ ਲਖ੍ਯੋ ਜਗ.

---

*ਜੈਸੇ ਸ਼ਸਤ੍ਰਨਾਮਮਾਲਾ ਵਿਚ ਤੋਮਰ ਦੀ ਥਾਂ ਕੇਵਲ ਛੰਦ ਪਾਠ ਹੈ, ਯਥਾ :—

ਬਲਈਸ ਆਦਿ ਬਖਾਨ। ਪੁਨ ਬਾਸਨੀ ਪਦ ਠਾਨ।
ਸਭ ਨਾਮ ਤੁੱਪਕ ਹੋਇ। ਨਹਿ ਭੇਦ ਯਾਮਹਿ ਕੋਇ॥

ਭੁਲਸੀ ਦਾਸ ਜੀ ਨੇ ਭੀ ਹਰਿਗੀਤਿਕਾ ਆਦਿਕ ਛੰਦਾਂ ਦਾ ਸਿਰਲੇਖ ਕੇਵਲ "ਛੰਦ" ਦਿੱਤਾ ਹੈ.

3. ਸੁਗੀਤਿਕਾ ਦਾ ਇੱਕ ਭੇਦ ਆਸਾ ਰਾਗ ਦੇ ਛੰਤਾਂ ਵਿੱਚ ਦੇਖੀਦਾ ਹੈ. ਪ੍ਰਤਿ ਚਰਣ 25 ਮਾਤ੍ਰਾ. 15—10 ਪਰ ਵਿਸ਼੍ਰਾਮ. ਅੰਤ ਦੋ ਗੁਰੁ. **ਉਦਾਹਰਣ**—

ਹਰਿ ਅੰਮ੍ਰਿਤ ਭਿੰਨੇ ਲੋਇਣਾ, ਮਨ ਪ੍ਰੇਮ ਰਤੰਨਾ,
ਮਨੁ ਰਾਮ ਕਸਵਟੀ ਲਾਇਆ, ਕੰਚਨ ਸੋ ਵਿੰਨਾ. × × ×

[ ਆਸਾ ਛੰਤ ਮਹਲਾ 4 ]

## ਛੰਦਵਡਾ

**ਦਸਮਗ੍ਰੰਥ ਵਿਚ "ਹਰਿਗੀਤਿਕਾ" ਲਿਖਣ ਦੀ ਥਾਂ "ਛੰਦਵਡਾ" ਪਾਠ ਲਿਖਿਆ** ਹੈ. ਇਸ ਦਾ ਲਕ੍ਸ਼ਣ ਹੈ—ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ. 16—12 ਪਰ ਵਿਸ਼੍ਰਾਮ, ਅੰਤ ਰਗਣ ऽ।ऽ. **ਉਦਾਹਰਣ**—

ਪਤਿ ਸ਼ਬ੍ਦ ਆਦਿ ਉਚਾਰ ਕੈ
ਮ੍ਰਿਗ ਸ਼ਬ੍ਦ ਬਹੁਰ ਬਖਾਨਿਯੈ,
ਅਰਿ ਸ਼ਬ੍ਦ ਬਹੁਰ ਉਚਾਰ ਤੁੱਪਕ
ਨਾਮ ਕੋ ਪਹਿਚਾਨਿਯੈਂ,
ਨਹਿ ਭੇਦ ਯਾਮਹਿ ਨੈਕ ਹੈ
ਸਭ ਸੁਕਵਿ ਮਾਨਹੁ ਚਿੱਤ ਮੇ,
ਜਹਿਂ ਜਾਨਿਯ ਤਹਿ ਦੀਜਿਯੇ
ਪਦ ਛੰਦ ਔਰ ਕਬਿੱਤ ਮੇ.

[ਦਸਮਗ੍ਰੰਥ, ਸ਼ਸਤ੍ਰਨਾਮਮਾਲਾ ]

**ਜਯਕਰੀ** ਦੇਖੋ, ਚਉਪਈ ਦਾ ਪਹਿਲਾ ਭੇਦ.
**ਜਲਹਰਣ** ਦੇਖੋ, ਘਨਾਕ੍ਸ਼ਰੀ ਦਾ ਰੂਪ (ਸ).
**ਜੀਵਨ** ਦੇਖੋ, ਅਜੂਬਾ,

## ਝੂਲਨਾ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਅੱਠ ਯਗਣ. ਏਹ "ਮਦਿਰਾ" ਸਵੈਯੇ ਦਾ ਰੂਪ ਹੈ. ।ऽऽ, ।ऽऽ, ।ऽऽ, ।ऽऽ, ।ऽऽ, ।ऽऽ, ।ऽऽ, ।ऽऽ. ਉਦਾਹਰਣ—

ਸੁਨੇ ਕੂਕ ਕੇ ਕੋਕਿਲਾ ਕੋਪ ਕੀਨੇ
ਮੁਖੰ ਦੇਖਕੈ ਚੰਦ ਦਾਰੇਰ ਖਾਈ,
ਲਖੇ ਨੈਨ ਬਾਂਕੇ ਮਨੈ ਮੀਨ ਮੋਹੈਂ
ਲਖੈ ਜਾਤ ਕੇ ਸੂਰ ਕੀ ਜੋਤਿ ਛਾਈ.
ਮ ਫੂਲ ਫੂਲੇ ਲਗੇ ਨੈਨ ਝੂਲੇ
ਲਖੇ ਲੋਗ ਭੂਲੇ ਬਨੇ ਜੋਰ ਐਸੇ,
ਲਖੇ ਨੈਨ ਥਾਰੇ ਬਿਧੇਰਾਮ ਪਜਾਰੇ
ਰੰਗੇ ਰੰਗ ਸ਼ਾਰਾਬ ਸ਼ਾਹਾਬ ਜੈਸੇ.

[ ਦਸਮਗ੍ਰੰਥ, ਰਾਮਾਵਤਾਰ ]

2. **ਝੂਲਨਾ ਦਾ ਦੂਜਾ ਰੂਪ**—ਪ੍ਰਤਿ ਚਰਣ ਸੱਤ ਸਗਣ, ਅਤੇ ਅੰਤ ਇੱਕ ਯਗਣ. ।।S,।।S, ।।S, ।।S, ।।S. ।।S. ।।S, ।SS. ਉਦਾਹਰਣ—

ਨਹਿ ਨਾਮ ਜਪਜੋ ਨਹਿ ਦਾਨ ਕਰਜੋ,
ਨਹਿ ਸਤ੍ਰਨ ਕੇ ਮਿਰ ਕਾਟ ਦੀਜੇ.

ਪਰਕੇ ਹਿਤ ਚਿੱਤ ਦ੍ਰਵਜੋ ਨ ਕਭੀ
ਹਿਤ ਕੌਮ ਵਸਜੋ ਨ ਕਦਾਪਿ ਹੀਯੇ. × × ×

3. **ਝੂਲਨੇ ਦਾ ਤੀਜਾ ਰੂਪ**—ਪ੍ਰਤਿ ਚਰਣ 37 ਮਾਤ੍ਰਾ. ਤਿਨ ਵਿਸ਼੍ਰਾਮ ਦਸ ਦਸ ਪਰ, ਚੌਥਾ ਸੱਤ ਮਾਤ੍ਰਾ ਪਰ ਅੰਤ ਯਗਣ ।SS. **ਉਦਾਹਰਣ—**

ਚੰਦ ਸਤ ਭੇਦਿਆ, ਨਾਦ ਸਤ ਪੂਰਿਆ,
ਸੂਰ ਸਤ ਖੋੜਸਾ, ਦੱਤ ਕੀਆ,
ਅਬਲ ਬਲ ਤੋੜਿਆ, ਅਚਲ ਚਲ ਥੱਪਿਆ,
ਅਘੜ ਘੜਿਆ ਤਹਾਂ, ਅਪਿਉ ਪੀਆ. × ×

[ ਮਾਰੂ ਜੈਦੇਵ ]

ਕਰਤ ਚਿੰਕਾਰ ਗਨ, ਪ੍ਰੇਤ ਭੈਰੋਂ ਤਹਾਂ,
ਭੇਰਿ ਭੂੰਕਾਰ ਘਨ, ਗਰਜ ਧਾਯੇ,
ਪਰਤ ਝੜ ਲਾਯ ਨਭ, ਛਾਯ ਧਾਰਾ ਪ੍ਰਬਲ,
ਘਟਾ ਘਨ ਸ਼ਸਤ੍ਰ ਦਿਸ, ਘੋਰ ਛਾਯੋ. × × ×

[ ਸਰਬਲੋਹ ]

4. **ਚੌਥਾ ਰੂਪ**—ਅੰਤ ਯਗਣ ਦੀ ਥਾਂ ਕੇਵਲ ਦੋ ਗੁਰੁ. ਯਥਾ :—

ਹਲਤ ਸੁਖ ਪਲਤ ਸੁਖ, ਨਿੱਤ ਸੁਖ ਸਿਮਰਨੋ,
ਨਾਮ ਗੋਬਿੰਦ ਕਾ, ਸਦਾ ਲੀਜੈ. × × ×

[ ਧਨਾਸਰੀ ਮਹਲਾ 5 ]

## ਝੂਲਾ

**ਦਸਮਗ੍ਰੰਥ ਵਿਚ "ਸੋਮਰਾਜੀ" ਅਥਵਾ "ਅਰਧਭੁਜੰਗ" ਦਾ ਨਾਮ "ਝੂਲਾ" ਆਯਾ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਦੋ ਯਗਣ ।SS, ।SS. ਉਦਾਹਰਣ—

ਇਤੇ ਰਾਮ ਰਾਜੰ । ਕਰੈਂ ਦੇਵ ਕਾਜੰ,
ਧਰੇ ਬਾਨ ਪਾਨੰ । ਭਰੇ ਬੀਰ ਮਾਨੰ.

[ ਦਸਮਗ੍ਰੰਥ ਰਾਮਾਵਤਾਰ ]

**ਝੋਲਨਾ** ਦੇਖੋ, ਝੂਲਨਾ ਦਾ ਤੀਜਾ ਰੂਪ.

2. ਚੋਥੇ ਸਤਿਗੁਰੂ ਦੀ ਮਹਿਮਾ ਵਿੱਚ ਭਟਾਂ ਨੇ ਵਿਖਮਪਦ "ਝੁਲਨਾ" ਰਚਿਆ ਹੈ, ਜਿਸ ਦੇ ਪੰਜ ਪਦਾਂ ਵਿੱਚ 21—41—46—41 ਅਤੇ 41 ਕ੍ਰਮ ਨਾਲ ਮਾਤ੍ਰਾ ਹੈਨ. **ਉਦਾਹਰਣ** –

ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪ ਪ੍ਰਾਨੀਅਹੁ,
ਸ਼ਬਦ ਹਰਿ ਹਰਿ ਜਪੈ ਨਾਮ ਨਵਨਿਧਿ ਅਪੈ,
ਰਸਨਿ ਅਹਿਨਿਸ ਰਸੈ, ਸੱਤਿਕਰ ਜਾਨੀਅਹੁ,
ਫੁਨ ਪ੍ਰੇਮਰੰਗ ਪਾਈਐ, ਗੁਰੁਮੁਖਹਿ ਧਯਾਈਐ,
ਅੰਨਮਾਰਗ ਤਜਹੁ, ਭਜਹੁ ਹਰਿ ਗਯਾਨੀਅਹੁ,
ਬਚਨ ਗੁਰ ਰਿਦ ਧਰਹੁ, ਪੰਚ ਭੂ ਬਸਿ ਕਰਹੁ,
ਜਨਮ ਕੁਲ ਉੱਧਰਹੁ, ਦ੍ਵਾਰ ਹਰਿ ਮਾਨੀਅਹੁ,
ਜਉਤ ਸਭ ਸੁੱਖ ਇਤ, ਉੱਤ ਤੁਮ ਬੰਛਵਹੁ,
ਗੁਰੂ ਗੁਰੁ ਗੁਰੂ ਗੁਰੁ, ਗੁਰੂ ਜਪ ਪ੍ਰਾਨੀਅਹੁ.

[ ਸ੍ਰੀ ਗੁਰੁ ਗ੍ਰੰਥ ਸਾਹਿਬ, ਸਵੈਯੇ ਮ: 4. ਕੇ ]

## ਡਖਣਾ

ਏਹ ਕੋਈ ਛੰਦ ਦੀ ਜਾਤਿ ਨਹੀਂ, ਕਿੰਤੂ ਸ਼੍ਰੀ ਗੁਰੁ ਨਾਨਕ ਦੇਵ ਦੀ ਜਨਮਭੂਮਿ ਤੋਂ ਦੱਖਣ ਵੱਲ ਦੀ ਭਾਸ਼ਾ, ਅਰਥਾਤ ਮੁਲਤਾਨ ਸ਼ਾਹੀਵਾਲ ਦੇ ਇਲਾਕੇ ਦੀ ਬੋਲੀ ਵਿੱਚ ਜੋ ਰਚਨਾ ਹੈ, ਉਹ "ਡਖਣੇ" ਨਾਮ ਤੋਂ ਪ੍ਰਸਿੱਧ ਹੈ. ਇਸ ਵਿੱਚ "ਦ" ਦੀ ਥਾਂ "ਡ" ਵਰਤਿਆ ਹੈ. ਛੰਦਾਂ ਦੀ ਰਚਨਾ ਦਹਾ ਅਤੇ ਸੋਰਠਾ ਹੈ. **ਯਥਾ** :—

ਜਾਮੂ ਪੱਸੀ ਹੱਠ ਮੈ, ਪਿਰੀ ਮਹਿੰਜੇ ਨਾਲ,
ਹੱਭੇ ਡੁੱਖ ਉਲਾਹਿਅਮ, ਨਾਨਕ ਨਦਰਿ ਨਿਹਾਲ.
ਸੁੱਖ ਸਮੂਹਾ ਭੋਗ, ਭੂਮਿ ਸਬਾਈ ਕੋ ਧਣੀ,
ਨਾਨਕ ਹੱਭੇ ਰਗ, ਮਿਰਤਕ ਨਾਮ ਵਿਹੂਣਿਆ.
ਮਤੜੀ ਕਾਂਢਕੁ ਆਹ, ਪਾਵ ਧੁਵੰਦੇ ਪੀਵਸਾਂ,
ਮੂ ਤਨ ਪ੍ਰੇਮ ਅਥਾਹ, ਪੱਸਣ ਕੂ ਸੱਚਾ ਧਣੀ.

[ ਵਾਰ ਮਾਰੂ 2 ]

## ਡਿਉਢ--ਡਿਉਢਾ

### ਇਸ ਦਾ ਨਾਮ "ਦੁਭੰਗੀ" ਅਤੇ "ਮਦਨਹਰ" ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ 40 ਮਾਤ੍ਰਾ, ਪਹਿਲਾ ਵਿਸ਼੍ਰਾਮ 10 ਪਰ, ਦੂਜਾ 8 ਪਰ, ਤੀਜਾ 14 ਪਰ, ਚੌਥਾ 8 ਪਰ, ਤੀਜੇ ਅਰੁ ਚੌਥੇ ਪਦ ਦਾ ਅਨੁਪ੍ਰਾਸ ਮਿਲਵਾਂ. ਹਰੇਕ ਚਰਣ ਦੇ ਆਦਿ ਦੋ ਲਘੁ ਅੰਤ ਇੱਕ ਗੁਰੁ. **ਉਦਾਹਰਣ**—

ਕਲਗੀਧਰ ਸੁਾਮੀ, ਅੰਤਰਯਾਮੀ,
ਜੋ ਸਿਰ ਪੈ ਨਿਜ ਹਾਥ ਧਰੈ, ਸਭ ਦੁੱਖ ਹਰੈ,

ਕਰ ਰੰਕਨ ਰਾਜਾ, ਦੇਇ ਸਮਾਜਾ,

ਸਜਾਲਨ ਕੋ ਸਮ ਸਿੰਘ ਕਰੈ, ਬਲ ਤੇਜ ਭਰੈ. × × ×

2. **ਦੂਜਾ ਰੂਪ**—ਪ੍ਰਤਿ ਕਰਨ 36 ਮਾਤ੍ਰਾ, ਪਹਿਲਾ ਵਿਸ਼੍ਰਾਮ 16 ਪਰ, ਦੂਜਾ 12 ਪਰ, ਤੀਜਾ 8 ਪਰ, ਦੂਜੇ ਤੀਜੇ ਵਿਸ਼੍ਰਾਮ ਪਰ ਦੋ ਦੋ ਗੁਰੁ ਅਰੁ ਅਨੁਪ੍ਰਾਸ ਦਾ ਮੇਲ. ਹਰੇਕ ਚਰਣ ਦੇ ਆਦਿ ਲਘੁ. **ਉਦਾਹਰਣ**—

ਪਰਉਪਕਾਰ ਰਾਤ ਦਿਨ ਕਰਦਾਂ,

ਧਰੇ ਨ ਮਨ ਹੰਕਾਰਾ, ਗੁਰੁ ਦਾ ਪਜਾਰਾ,

ਭੁਜਬਲ ਸਾਥ ਕਮਾਵੇ ਰੋਜ਼ੀ,

ਕਦੇ ਨ ਹੱਥ ਪਸਾਰਾ, ਬਿਨ ਕਰਤਾਰਾ. × × ×

3. **ਡਿਉਢਾ ਦਾ ਤੀਜਾ ਰੂਪ ਹੈ "ਫਨੀਸ਼" ਛੰਦ**. ਇਸ ਦਾ ਲਛਣ ਹੈ—ਚਾਰ ਚਰਣ, ਪ੍ਰਤਿ ਚਰਣ 42 ਮਾਤ੍ਰਾ. ਪਹਿਲਾ ਵਿਸ਼੍ਰਾਮ ਦਸ ਪਰ, ਦੂਜਾ, ਚੌਥਾ ਅਤੇ ਪੰਜਵਾਂ ਵਿਸ਼੍ਰਾਮ ਅੱਠ ਅੱਠ ਮਾਤ੍ਰਾ ਪਰ. ਅੰਤ ਦੋ ਗੁਰੁ. ਪਹਿਲੇ ਤਿੰਨ ਵਿਸ਼੍ਰਾਮਾਂ ਦਾ ਅਨੁਪ੍ਰਾਸ ਆਪੱ ਵਿੱਚੀ ਮਿਲਦਾ. ਚੌਥੇ ਅਰੁ ਪੰਜਵੇਂ ਵਿਸ਼੍ਰਾਮ ਦਾ ਅਨੁਪ੍ਰਾਸ ਪਰਸਪਰ ਮਿਲਵਾਂ. ਉਦਾਹਰਣ—

ਜਿਨ ਮਨਮਤਿ ਤਯਾਗੀ, ਗੁਰਮਤਿ ਪਾਗੀ,

ਭੇ ਅਨੁਰਾਗੀ, ਸ਼੍ਰੀ ਗੁਰੁਬਾਨੀ, ਜੋ ਸੁਖਦਾਨੀ × × ×

**ਡਿੱਲਾ** ਦੇਖੋ, ਸੁਪ੍ਰਿਯਾ.

## ਤਰ ਨਰਾਜ

**ਇਸ ਦਾ ਨਾਮ "ਸਮਾਨਿਕਾ" ਭੀ ਹੈ.** ਲਛਣ—ਚਾਰ ਚਰਣ, ਪ੍ਰਤਿ ਚਰਣ ਰ, ਜ, ਗ. SIS, ISI, S. ਅਥਵਾ ਗੁਰੁ ਲਘੁ ਕ੍ਰਮ ਨਾਲ ਸੱਤ ਅਖਰ. **ਉਦਾਹਰਣ**—

ਛਾਡ ਸੁਭ੍ਰ ਸਾਜ ਕੋ,

ਲਾਗ ਹੈਂ ਅਕਾਜ ਕੋ. × × ×

[ ਦਸਮਗ੍ਰੰਥ, ਕਲਕੀ ]

## ਤਰਲਨਯਨ

ਲਛਣ—ਚਾਰ ਚਰਣ. ਪ੍ਰਤਿ ਚਰਣ ਚਾਰ ਨਗਣ. III, III, III, III. **ਉਦਾਹਰਣ**—

ਧਰ ਮਨ ਧਰਮ ਕਿਰਤ ਕਰ,

ਕਬਹੁ ਨ ਗਮਨਹੁ ਪਰਘਰ,

ਨਿਜ ਸਮ ਲਖ ਜਗ ਸਭਿ ਨਰ.

ਗੁਰਮਤ ਨਿਯਮਨ ਅਨੁਸਰ.

### ਤਵੀਲ طویل

ਅਰਬੀ ਭਾਸ਼ਾ ਵਿੱਚ "ਤਵੀਲ" ਦਾ ਅਰਥ ਲੰਮਾ ਹੈ, ਅਰੁ ਲੰਮੇ ਸਤੋਤ੍ਰ ਨੂੰ ਤਵੀਲ ਸੱਦੀਦਾ

ਹੈ. ਫ਼ਾਰਸੀ ਦੇ ਕਵੀਆਂ ਨੇ "ਤਵੀਲ" ਦਾ ਵਜ਼ਨ ਦੱਸਿਆ ਹੈ :—"ਫ਼ਊਲੁਨ ਮਫ਼ਾਈਲਨ 2." ਗਜ਼ਾਨ ਪ੍ਰਬੋਧ ਵਿੱਚ ਇਸ ਛੰਦ ਦਾ ਬਹਿਰ ਦਸਮੇਸ਼ ਨੇ ਵਰਤਿਆ ਹੈ. ਦੇਖੋ "ਬਹਿਰ ਤਵੀਲ".

## ਤਾਟੰਕ

ਲਛਣ—ਚਾਰ ਚਰਣ, ਪ੍ਰਤਿ ਚਰਣ 30 ਮਾਤ੍ਰਾ. ਪਹਿਲਾ ਵਿਸ਼੍ਰਾਮ 16 ਪਰ, ਦੂਜਾ 14 ਪਰ, ਅੰਤ ਮਗਣ, SSS. ਉਦਾਹਰਣ—

ਜਿਉ ਜਿਉ ਜਪੈ ਤਿਵੈ ਸੁਖ ਪਾਵੈ,
ਸਤਿਗੁਰੁ ਸੇਵ ਸਮਾਵੈ ਗੋ,
ਭਗਤਜਨਾ ਕੀ ਖਿਨ ਖਿਨ ਲੋਚਾ,
ਨਾਮ ਜਪਤ ਸੁਖ ਪਾਵੈ ਗੋ. × × ×

[ ਕਾਨੜਾ ਅਸ਼ਟਪਦੀਆਂ ਮਹਲਾ 4 ]

2. ਤਾਟੰਕ ਦਾ ਦੂਜਾ ਭੇਦ—ਅੰਤ ਮਗਣ ਦੀ ਥਾਂ ਕੇਵਲ ਇਕ ਗੁਰੁ ਦਾ ਨਿਯਮ ਉਦਾਹਰਣ—

ਅੰਤਰ ਸਬਦ ਨਿਰੰਤਰ ਮੁਦ੍ਰਾ,
ਹਉਮੈ ਮਮਤਾ ਦੂਰ ਕਰੀ,
ਕਾਮ ਕ੍ਰੋਧ ਅਹੰਕਾਰ ਨਿਵਾਰੈ,
ਗੁਰੁ ਕੇ ਸਬਦ ਸੁ ਸਮਝ ਪਰੀ,
ਖਿੰਥਾ ਝੋਲੀ ਭਰਪੁਰ ਰਹਿਆ,
ਨਾਨਕ ਤਾਰੈ ਏਕ ਹਰੀ,
ਸਾਚਾ ਸਾਹਿਬ ਸਾਚੀ ਨਾਈ,
ਪਰਖੈ ਗੁਰ ਕੀ ਬਾਤ ਖਰੀ.

[ ਸਿਧਗੋਸਟਿ ]

## ਤਾਰਕ

**ਦਸਮਗ੍ਰੰਥ ਵਿਖੇ ਏਹ "ਅਸਤਾ" ਅਤੇ "ਤੋਟਕ" ਦਾ ਹੀ ਨਾਮਾਂਤਰ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ IIS, IIS, IIS, IIS. **ਉਦਾਹਰ** —

ਕਲਕੀ ਅਵਤਾਰ ਰਿਸਾਵਹਿੰਗੇ,
ਭਟ ਓਘ ਪ੍ਰਯੋਘ ਗਿਰਾਵਹਿੰਗੇ. × × ×

[ ਦਸਮਗ੍ਰੰਥ, ਕਲਕੀ ]

2. ਪਿੰਗਲਗ੍ਰੰਥਾਂ ਵਿਖੇ ਚਾਰ ਸਗਣਾਂ ਦੇ ਅੰਤ ਇੱਕ ਗੁਰੁ ਲਾਉਣ ਕਰਕੇ "ਤਾਰਕ" ਹੁੰਦਾ ਹੈ, ਦਹਮਗ੍ਰੰਥ ਵਿੱਚ ਇਸ ਭੇਦ ਦਾ ਨਾਮ "ਤਾਰਕਾ" ਹੈ. **ਦੇਖੋ ਤਾਰਕਾ.**

## ਤਾਰਕਾ

ਲਛਣ—ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ, ਅੰਤ ਇੱਕ ਗੁਰੁ. IIS. IIS, IIS, IIS, S. **ਉਦਾਹਰਣ—**

ਦਿਜਦੇਵ ਤਬੈ ਗੁਰ ਚੌਬਿਸ ਕੈਕੈ,
ਗਿਰਿਮੇਰੁ ਗਏ ਸਭ ਹੀ ਮੁਨਿ ਲੈਕੈ. × × ×

[ਦਸਮਗ੍ਰੰਥ, ਦੱਤਾਵਤਾਰ]

## ਤਿਲਕੜੀਆ

**ਇਸ ਦਾ ਨਾਮ "ਉਗਾਧ" ਅਤੇ "ਯਸ਼ੋਦਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਜ, ਗ, ਗ. ।ऽ।, ऽ, ऽ. ਉਦਾਹਰਣ—

ਚਟਾਕ ਚੋਟੈਂ । ਅਟਾਕ ਓਟੈਂ ।
ਝਟਾਕ ਝਾੜੈਂ । ਤੜਾਕ ਤਾੜੈਂ ॥

[ਦਸਮਗ੍ਰੰਥ, ਰਾਮਾਵਤਾਰ]

## ਤਿਲਕਾ

**ਦਸਮਗ੍ਰੰਥ ਵਿੱਚ "ਅਕਵਾ" "ਅਜਬਾ" ਅਤੇ "ਕਨਜਾ" ਛੰਦ ਦਾ ਹੀ ਨਾਮਾਂਤਰ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਮ, ਗ. ऽऽऽ, ऽ. **ਉਦਾਹਰਣ**—

ਭੱਗੇ ਵੀਰੰ । ਲੱਗੇ ਤੀਰੰ ।
ਪਿੱਖੇ ਰਾਮੰ । ਧਮੰ ਧਾਮੰ ॥

[ਦਸਮਗ੍ਰੰਥ, ਰਾਮਾਵਤਾਰ]

2. **ਤਿਲਕਾ ਦਾ ਦੂਜਾ ਰੂਪ ਹੈ**—ਚਾਰ ਚਰਣ, ਪ੍ਰਤਿ ਚਰਣ ਦੋ ਸਗਣ. ।।ऽ, ।।ऽ. ਉਦਾਹਰਣ—

ਗੁਰੂ ਕੋ ਸਿਖ ਹ੍ਵੈ । ਨਹਿ ਪਾਪਨ ਛ੍ਵੈ ।
ਮ੍ਰਿਦੁ ਬੋਲ ਰਰੇ । ਸਭ ਸੇਵ ਕਰੇ ।

ਦੇਖੋ, ਹਰਿਬੋਲਮਨਾ ਅਤੇ ਰਮਾਣਕਾ. ਦਸਮ ਪਾਤਸ਼ਾਹੀ ਦੇ ਗੁਰੁਵਿਲਾਸ ਵਿੱਚ ਭੀ ਇਹੀ ਰੂਪ ਹੈ, ਯਥਾ:—

ਲਖ ਲੋਗ ਸਬੈ । ਬਿਸਮੇ ਸੁ ਤਬੈ ।
ਇਨ ਸਾਚ ਕਰਯੋ । ਉਨ ਝੂਠ ਰਰਯੋ ॥

## ਤਿਲੋਕੀ

**ਇਸ ਦਾ ਨਾਮ "ਉਪਚਿਤ੍ਰਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ. ਚਾਰ ਤਥਾ ਅੱਠ ਮਾਤ੍ਰਾ ਪਿੱਛੋਂ ਗੁਰੁ ਅਛਰ, ਔਰ ਚਰਣ ਦੇ ਅੰਤ ਗੁਰੁ. ਉਦਾਹਰਣ—

ਸਤਜੁਗ ਆਦਿ ਕਲੀਜੁਗ ਅੰਤੇ,
ਜਹਿ ਤਹਿ ਆਨਦ ਸੰਤ ਮਹੰਤੇ,
ਬਾਜਤ ਤੂਰੰ ਗਾਵਤ ਗੀਤਾ,
ਜਹਿ ਤਹਿ ਕਲਕੀ ਜੁੱਧਨ ਜੀਤਾ.

[ਦਸਮਗ੍ਰੰਥ, ਕਲਕੀ]

2. ਪਿੰਗਲਗ੍ਰੰਥਾਂ ਵਿੱਚ ਤਿਲੋਕੀ ਦਾ ਇੱਕ ਹੋਰ ਰੂਪ ਹੈ—ਚਾਰ ਚਰਣ, ਪ੍ਰਤਿ ਚਰਣ 21 ਮਾਤ੍ਰਾ. 11—10 ਪਰ ਵਿਸ਼੍ਰਾਮ, ਅੰਤ ਲਘੁ ਗੁਰੁ. ਉਦਾਹਰਣ—

ਸ਼੍ਰੀ ਗੁਰੁ ਕਰਜੋ ਬਖਾਨ, ਸਿੱਖ ਸੇਵਕ ਸੁਨੋ,
ਪਰਸੁਖ ਕੋ ਸੁਖ ਮਾਨ, ਦੁੱਖ ਕੋ ਦੁਖ ਗੁਨੋ,
ਜ਼ੁਲਮ ਮਿਟਾਵਨ ਹੇਤ, ਕਮਰ ਬਾਂਧੇ ਰਹੋ,
ਨਿਜ ਵਡਿਆਈ ਮਾਨ, ਸ੍ਵਪਨ ਮੇ ਨਾ ਚਹੋ.

ਤੀਰਣਾ ਦੇਖੋ, ਅਕਵਾ.

## ਤੁੰਗ-ਤੁਰੰਗਮ

ਲਛਣ—ਚਾਰ ਚਰਣ, ਪ੍ਰਤਿ ਚਰਣ ਦੋ ਨਗਣ, ਦੋ ਗੁਰੁ ।।।, ।।।, ऽ, ऽ. ਉਦਾਹਰਣ—

ਸਰਬ ਸੁਖ ਲਹੈ ਸੋ,
ਨਿਯਮ ਸ਼ੁਭ ਗਹੈ ਜੋ. × × ×

ਤੂਣ ਦੇਖੋ, ਚਾਮਰ

## ਤੋਟਕ

**ਇਸ ਦਾ ਨਾਮ "ਅਸਤਾ" "ਕਿਲਕਾ" ਅਤੇ "ਤਾਰਕ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ.।।ऽ, ।।ऽ, ।।ऽ, ।।ऽ. ਉਦਾਹਰਣ—

ਜਿਹ ਰਾਗ ਨ ਰੂਪ ਨ ਰੇਖ ਰੁਖੰ,
ਜਿਹ ਤਾਪ ਨ ਸਾਪ ਨ ਸੋਕ ਸੁਖੰ,
ਜਿਹ ਰੋਗ ਨ ਸੋਗ ਨ ਭੋਗ ਭੁਯੰ,
ਜਿਹ ਖੇਦ ਨ ਭੇਦ ਨ ਛੇਦ ਛੁਯੰ.

[ਅਕਾਲ ਉਸਤਤਿ]

## ਤੋਮਰ

ਲਛਣ—ਚਾਰ ਚਰਣ, ਪ੍ਰਤਿ ਚਰਣ ਸ, ਜ, ਜ. ।।ऽ, ।ऽ।, ।ऽ।. **ਉਦਾਹਰਣ**—

ਅਕਲੰਕ ਰੂਪ ਅਪਾਰ,
ਸਭ ਲੋਕ ਸੋਕ ਉਧਾਰ,
ਕਲਿ ਕਾਲ ਕਮੰ ਬਿਹੀਨ,
ਸਭ ਕਮੰ ਧਮੰ ਪ੍ਰਬੀਨ.

[ਅਕਾਲ ਉਸਤਤਿ]

2. ਤੋਮਰ ਨੂ ਕਈ ਵਿਦ੍ਵਾਨਾਂ ਨੇ ਮਾਤ੍ਰਿਕ ਮੰਨ ਕੇ ਲਛਣ ਕੀਤਾ ਹੈ ਕਿ ਪ੍ਰਤਿ ਚਰਣ 12 ਮਾਤ੍ਰਾ, ਅਰੁ ਅੰਤ ਗੁਰੁ ਲਘੁ. **ਉਦਾਹਰਣ**—

ਮਨ ਪ੍ਰੀਤਿ ਦਰਸਨ ਪਜਾਸ,
ਗੋਬਿੰਦ ਪੂਰਨ ਆਸ,

ਪ੍ਰਭੁ ਤੁਧ ਇਨਾ ਨਹਿ ਹੋਰ,
ਮਨ ਪ੍ਰੀਤਿ ਚੰਦ ਚਕੋਰ.

[ਬਿਲਾਵਲ ਅਃ ਪਃ ਮਃ 5]

3. ਕ੍ਰਿਸਨਾਵਤਾਰ ਵਿੱਚ ਤੋਮਰ ਦਾ ਇੱਕ ਹੋਰ ਰੂਪ ਹੈ—ਪਹਿਲੇ ਦੋ ਚਰਣ "ਮੁਕਤਾ-ਮਣਿ" ਛੰਦ ਦਾ ਰੂਪਾਂਤਰ,* ਅਰਥਾਤ ਪਹਿਲਾ ਵਿਸ਼੍ਰਾਮ 12 ਮਾਤ੍ਰਾ ਪਰ, ਦੂਜਾ 13 ਪਰ, ਅੰਤ ਗੁਰੁ ਲਘੁ. ਅਰੁ ਪਿਛਲੇ ਦੋ ਚਰਣ "ਹਰਿਗੀਤਿਕਾ" ਛੰਦ ਦੇ,† ਯਥਾ :—

ਰੇਮਹਰਖ ਹੁਤੋ ਜਹਾਂ, ਸੋਉ ਆਇਓ ਤਹਿਂ ਦੌਰ,
ਹਲੀ ਮਦਿਰਾ ਪੀਤ ਥੋ, ਕਵਿ ਸ਼ਯਾਮ ਤਾਂਹੀ ਠੌਰ,
ਸੋ ਆਯ ਠਾਢ ਭਯੋ ਤਹਾਂ ਜੜ੍ਹ, ਤਾਂਹਿ ਸਿਰ ਨ ਨਿਵਾਯਕੈ,
ਬਲਭਦ੍ਰ ਕੋਪ ਕਮਾਨ ਲੈਕਰ, ਮਾਰਿਓ ਤਿਹ ਧਾਯਕੈ.

ਤ੍ਰਿਕੱਲ ਦੇਖੋ, ਦੋਹਰੇ ਦਾ ਰੂਪ 6, ਅਤੇ ਮਾਤ੍ਰਿਕ ਗਣ.

## ਤ੍ਰਿਗਤਾ

ਇਹ "ਅਕਵਾ" ਅਤੇ "ਅਜਬਾ" ਦਾ ਹੀ ਰੂਪ ਹੈ. ਅਰਥਾਤ ਪ੍ਰਤਿ ਚਰਣ ਮ, ਗ. ऽऽऽ, ऽ ਭੇਦ ਇਤਨਾ ਹੈ ਕਿ ਹਰੇਕ ਤੁਕ ਵਿਚ ਇੱਕ ਹੀ ਅੱਖਰ ਤਿੰਨ ਵਾਰ ਆਂਉਦਾ ਹੈ. ਇਹ ਛੰਦ ਯੁੱਧ ਸਮੇ ਜੁਝਾਊ ਮਾਰੂ ਲਈਂ ਵਰਤੀਦਾ ਹੈ. ਉਦਾਹਰਣ—

ਤੱ ਤੱ ਤੀਰੰ । ਬੱ ਬੱ ਬੀਰੰ ।
ਢੱ ਢੱ ਢਾਲੰ । ਜੱ ਜੱ ਜ੍ਵਾਲੰ ॥

[ਦਸਮਗ੍ਰੰਥ, ਰਾਮਾਵਤਾਰ]

2. ਇਸ ਦਾ ਪਾਠ "ਤਤ ਤੀਰੰ—ਬਬ ਬੀਰੰ" ਭੀ ਬਹੁਤ ਪੜ੍ਹਦੇ ਹਨ. ਐਸੀ ਦਸ਼ਾ ਵਿਚ ਲਛਣ ਹੈ—ਪ੍ਰਤਿ ਚਰਣ ਸ, ਗ. ।।ऽ, ऽ. ਪਿੰਗਲ ਗ੍ਰੰਥਾਂ ਵਿੱਚ ਇਸ ਭੇਦ ਦਾ ਨਾਮ "ਦੇਵੀ" ਅਰੁ "ਰਮਾ" ਹੈ.

## ਤ੍ਰਿਣਣਿਣ

ਏਹ "ਅਕਰਾ" "ਅਣਕਾ" ਅਥਵਾ "ਸ਼ਸ਼ਿਵਦਨਾ" ਦਾ ਹੀ ਰੂਪ ਹੈ. ਅਰਥਾਤ ਚਾਰ ਚਰਣ, ਪ੍ਰਤਿ ਚਰਣ ਨ, ਯ. ।।।, ।ऽऽ. ਨਾਮ ਦਾ ਕਾਰਣ ਕੇਵਲ ਯੁੱਧ ਵਿਖੇ ਹੋਣ ਵਾਲੇ ਸ਼ਬਦਾਂ ਦਾ ਅਨੁਕਰਣ. ਅਰੁ ਮੁੱਢ "ਤ੍ਰਿਣਣਿਣ" ਪਾਠ ਹੈ. ਉਦਾਹਰਣ—

---

*ਮੁਕਤਾਮਣਿ ਛੰਦ ਦਾ ਲਛਣ ਹੈ ਪ੍ਰਤਿ ਚਰਣ 25 ਮਾਤ੍ਰਾ, 13—12 ਪਰ ਵਿਸ਼੍ਰਾਮ, ਅੰਤ ਦੋ ਗੁਰੁ.

†ਜੈਸੇ ਛੱਪਯ ਛੰਦ ਦੋ ਛੰਦਾਂ ਦੇ ਮੇਲ ਤੋਂ ਹੈ, ਤੈਸੇ ਤੋਮਰ ਅਰੁ ਹਰਿਗੀਤਿਕਾ ਅਥਵਾ ਤਿਲੋਕੀ ਅਰੁ ਹਰਿਗੀਤਿਕਾ ਦੇ ਮੇਲ ਤੋਂ "ਅੰਮ੍ਰਿਤਕੁੰਡਲੀ" ਛੰਦ ਬਣਦਾ ਹੈ. ਇਹ ਤੋਮਰ ਦਾ ਤੀਜਾ ਭੇਦ "ਅੰਮ੍ਰਿਤਕੁੰਡਲੀ" ਹੈ.

ਤ੍ਰਿਣਣਿਣ ਤੀਰੰ । ਬ੍ਰਿਣਣਿਣ ਬੀਰੰ ।
ਢ੍ਰਣਣਣ ਢਾਲੰ ਜ੍ਰਣਣਣ ਜ੍ਵਾਲੰ ॥

[ਦਸਮਗ੍ਰੰਥ, ਰਾਮਾਵਤਾਰ]

## ਤ੍ਰਿਭੰਗੀ

ਲਛਣ—ਚਾਰ ਚਰਣ, ਪ੍ਰਤਿ ਚਰਣ 32 ਮਾਤ੍ਰਾ. ਪਹਿਲਾ ਵਿਸ਼੍ਰਾਮ 10 ਪਰ, ਦੂਜਾ ਅਤੇ ਤੀਜਾ 8—8 ਪਰ, ਚੌਥਾ 6 ਮਾਤ੍ਰਾ ਪਰ, ਅੰਤ ਗੁਰੁ. ਹਰੇਕ ਚਰਣ ਵਿੱਚ ਤਿੰਨ ਭੰਗ (ਅਨੁਪ੍ਰਾਸ) ਹੋਣੇ ਜ਼ਰੂਰੀ ਹੈਨ, ਜੇ ਤੁਕਾਂਤ ਵਿਖੇ ਚੌਥਾ ਅਨਪ੍ਰਾਸ ਭੀ ਹੋਵੇ ਤਾਂ ਹੋਰ ਭੀ ਸੁੰਦਰਤਾ ਹੈ.

**ਉਦਾਹਰਣ—**

ਖਗ ਖੰਡ ਬਿਹੰਡੰ, ਖਲ ਦਲ ਖੰਡੰ,
ਅਤਿ ਰਣ ਮੰਡੰ, ਬਰਬੰਡੰ,
ਭੁਜਦੰਡ ਅਖੰਡੰ, ਤੇਜ ਪ੍ਰਚੰਡੰ,
ਜੋਤਿ ਅਮੰਡੰ, ਭਾਨੁਪ੍ਰਭੰ*
ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ,
ਕਿਲਵਿਖ ਹਰਣੰ, ਅਸਿ ਸਰਣੰ,
ਜੈ ਜੈ ਜਗ ਕਾਰਣ, ਸ੍ਰਿਸ੍ਟਿ ਉਬਾਰਣ,
ਮਮ ਪ੍ਰਤਿਪਾਰਣ, ਜੈ ਤੇਗੰ.

[ਵਿਚਿਤ੍ਰਨਾਟਕ]

ਕਵੀਆਂ ਨੇ ਤ੍ਰਿਭੰਗੀ ਦੇ ਅੰਤ ਸਗਣ ਅਤੇ ਯਗਣ ਦਾ ਹੋਣਾ ਬਹੁਤ ਰੋਚੁਕ ਵਰਣਨ ਕੀਤਾ ਹੈ. ਦੇਖੋ, ਹੇਠ ਲਿਖੇ ਦੋਵੇਂ ਰੂਪ—

2. **ਸਗਣਾਂਤ ਤ੍ਰਿਭੰਗੀ :—**

ਅਤਿ ਮੁਦਿਤ ਕਪਾਲੀ, ਕਿਲਕਤ ਕਾਲੀ,
ਅਰਿ ਦਿਸ ਹਾਲੀ, ਚਮਕ ਚਲੀ,
ਬਹੁ ਖਲਭਲਿ ਮਾਚੈ, ਪਲਚਰ† ਨਾਚੈ,
ਰਣ ਛਿਤਿ ਜਾਚੈ, ਰਕਤ ਰਲੀ,
ਡਗਮਗ ਭੂ ਕੰਪੈ, ਰਜ ਨਭ ਝੰਪੈ,
ਰਿਪੁਕਰ ਸੰਪੈ, ਰੁਦਤਿ ਖਲੀ,
ਨਿਰਖਤ ਸੁਰ ਲਾਜੈਂ, ਦਿੱਗਜ ਭਾਜੈਂ,
ਜਬ ਦਲ ਸਾਜੈਂ, ਸਿੰਘ ਬਲੀ.

[ਸਿਖੀ ਪ੍ਰਭਾਕਰ]

*ਸੂਰਯ ਦੀ ਪ੍ਰਭਾ ਨੂੰ ਫਿੱਕਾ ਕਰਣ ਵਾਲਾ.
†ਮਾਸ ਖਾਣ ਵਾਲੇ ਜੀਵ.

3. ਯਗਣਾਂਤ ਤ੍ਰਿਭੰਗੀ :—

ਪਿਠ ਕਮਠ ਕੜੱਕੇ, ਬ੍ਰਿਖਭ ਭੜੱਕੇ,
ਭੁਜਗ ਮੜੱਕੇ, ਜਿਹ ਨੰਗੀ,
ਨਦਿ ਨੱਦ ਉਛੱਲੈ, ਉਦਧਿ ਦਹੱਲੇ,
ਪੱਬ ਸੁਹੱਲੈ, ਬਹੁ ਰੰਗੀ,
ਮੁਦ੍ਰ ਜੋਗਨਿ ਬੱਢੇ, ਭੈਰਵ ਚੱਢੇ,
ਨਿਜ ਗਨ ਕੱਢੇ, ਸ਼ਿਵ ਭੰਗੀ,
ਰਣ ਦੁੰਦਭਿ ਬੱਜੈਂ, ਰਿਪੁ ਦੱਲ ਦੱਝੈਂ,
ਸਿਘ ਸੁ ਗੱਜੈਂ, ਜਬ ਜੰਗੀ.

[ਸਿੱਖੀਪ੍ਰਭਾਕਰ]

4. ਜੇ ਚਾਰੇ ਵਿਸ਼੍ਰਾਮ ਅੱਠ ਅੱਠ ਮਾਤ੍ਰਾ ਪਰ ਹੋਣ, ਤਦ "ਮ੍ਰਿਦਹ" ਸੰਗ੍ਯਾ ਹੈ. ਉਦਾਹਰਣ—

ਵੀਰ ਵਿਸਾਲਾ, ਗਹਿ ਅਸਿ ਢਾਲ,
ਰੂਪ ਕਰਾਲਾ, ਰਣ ਕੋ ਚਾਲਾ,
ਰਿਪੁ ਮਨ ਹਾਲਾ, ਹ੍ਵੈ ਭੀਹਾਲਾ,
ਜਨ ਪੀ ਹਾਲਾ,* ਗਿਰ ਦਰਹਾਲਾ.† × × ×

## ਤ੍ਰਿਭੰਗੀ ਦੀਰਘ

ਏਹ ਤ੍ਰਿਭੰਗੀ ਛੰਦ ਦਾ ਕੋਈ ਭੇਦ ਨਹੀਂ ਹੈ. ਕੇਵਲ ਵੀਹ ਤ੍ਰਿਭੰਗੀ ਇੱਕ ਥਾਂ ਲਿਖੇ ਜਾਣ ਕਾਰਣ ਲੰਮਾ ਸਤੋਤ੍ਰ ਹੈ, ਜੋ ਚੰਡੀ ਚਰਿਤ੍ਰ ਵਿੱਚੋਂ ਲੈਕੇ ਕਿਸੇ ਲਿਖਾਰੀ ਨੇ ਅਕਾਲ ਉਸਤਤਿ ਵਿੱਚ ਲਿਖਦਿੱਤਾ ਹੈ. ਦੇਖੋ, ਅਕਾਲਉਸਤਤਿ ਦਾ ਅੰਗ 211.

2. ਕਈ ਕਵੀਆਂ ਨੇ ਗਣਛੰਦ ਤ੍ਰਿਭੰਗੀ ਨੂੰ "ਦੀਰਘ" ਪਦਵੀ ਦਿੱਤੀ ਹੈ. ਉਸ ਦਾ ਲਛਣ ਹੈ—ਚਾਰ ਚਰਣ, ਪ੍ਰਤਿ ਚਰਣ ਛੀ ਨਗਣ, ਦੋ ਸਗਣ, ਇੱਕ ਭਗਣ, ਇੱਕ ਮਗਣ, ਫੇਰ ਇੱਕ ਸਗਣ, ਅੰਤ ਗੁਰੁ. ਕੁੱਲ 34 ਅੱਖਰ. ।।।, ।।।, ।।।, ।।।, ।।।, ।।।, ।।ऽ, ।।ऽ, ऽ।।, ऽऽऽ, ।।ऽ, ऽ. ਉਦਾਹਰਣ—

ਸਦ ਗੁਰੁਮਤਿ ਧਰ ਕਰ ਅਨਮਤਿ ਪਰਹਰ,
ਤਜ ਦੇਵਹੁ ਰੀਤੀ ਦੁਖਦਾਈ, ਹੇ ਗੁਰਭਾਈ,
ਕਲੁਖ ਰਹਿਤ ਹੁਇ ਜਨਮ ਸਫਲ ਤਬ,
ਜਬ ਮਨ ਮੇ ਬਸ ਹੈ ਸ੍ਰੀ ਗੁਰੁ ਆਈ, ਅੰਤ ਸਹਾਈ. × × ×

## ਤ੍ਰਿੜਕਾ

ਏਹ ਭੀ "ਅਕਵਾ" ਅਥਵਾ "ਸ਼ਸ਼ਿਵਦਨਾ" ਦਾ ਹੀ ਨਾਮਾਂਤਰ ਹੈ. ਜੈਸੇ "ਤ੍ਰਿਣਕਾ"

---

*ਸ਼ਰਾਬ. †ਤੁਰੰਤ. ਝਟਪਟ.

ਸੰਗਜਾ ਸ਼ਬਦ ਅਨੁਕਰਣ ਦੇ ਕਾਰਣ ਹੈ, ਤੈਸੇ ਹੀ ਇਸ ਨੂ ਜਾਣੋ.

ਲਛਣ – ਪ੍ਰਤਿ ਚਰਣ ਨ, ਯ. ।।।, ।।ऽ. ਉਦਾਹਰਣ—

ਤ੍ਰਿੜਰਿੜ ਤੀਰੰ । ਬ੍ਰਿੜਰਿੜ ਬੀਰ ।
ਢ੍ਰਿੜਰਿੜ ਢੋਲੰ । ਬ੍ਰਿੜਰਿੜ ਬੋਲੰ ॥

[ ਦਸਮਗ੍ਰੰਥ ਕਲਕੀ ]

**ਤ੍ਰਿਤਗਤਿ** ਦੇਖੋ, ਅੰਮ੍ਰਿਤਗਤਿ ਦਾ ਦੂਜਾ ਰੂਪ.

**ਦਟਪਟਾ** ਦੇਖੋ, ਪਉੜੀ ਦਾ ਰੂਪ **11**.

## *ਦਿਕਪਾਲ—ਦਿਗਪਾਲ*

**ਇਸ ਦਾ ਨਾਮ "ਮ੍ਰਿਦੁਗਤਿ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 24 ਮਾਤ੍ਰਾ. ਬਾਰਾਂ ਬਾਰਾਂ ਪਰ ਦੋ ਵਿਸ਼੍ਰਾਮ, ਅੰਤ ਦੋ ਗੁਰੁ. ਉਦਾਹਰਣ—

सिद्धादि साधु सेव्यं, घृत वेदि वर्य देहं,
दासानु कम्पितांत:, करणं ब्रमादि गेहं,
ब्रह्मपदेश कुशलं, गुरु नानकं नमाम:,
संसार सिन्धु भीता:, शरणं च तं व्रजाम: ।

[ ਗੁਰੁ ਨਾਨਕ ਸਤੋਤ੍ਰ ਰਤਨਾਕਰ ]

ਅੰਮ੍ਰਿਤ ਪ੍ਰਦਾਨ ਕਰਤਾ, ਦਾਸਾਂਨ ਰਾਜ ਦਾਤਾ,
ਹਿਤਦੇਸ਼ ਪੁਤ੍ਰ ਪਜਾਰੇ, ਵਾਰੰਤ ਤਾਤ ਮਾਤਾ,
ਸੂਰਤ੍ਵ ਗਜਾਨ ਸ਼ਾਂਤੀ, ਆਗਾਰ ਰਾਜਜਨੀਤੀ,
ਐਸੇ ਮਹਾਨ ਗੁਰੁ ਸੇ, ਕੀਜੈ ਅਖੰਡ ਪ੍ਰੀਤੀ.

**ਦੀਰਘ ਤ੍ਰਿਭੰਗੀ** ਦੇਖੋ, ਤ੍ਰਿਭੰਗੀ ਦੀਰਘ.

**ਦੁਭੰਗੀ** ਦੇਖੋ, ਡਿਉਢਾ.

**ਦੁਰਮਿਲ** ਦੇਖੋ, ਸਵੈਯੇ ਦਾ ਭੇਦ **7** ਅਤੇ **15.**

## ਦੁਵੱਜਾ—ਦੁਵੈਯਾ

**ਇਸ ਨੂੰ "ਦੋਵੇਂ" ਭੀ ਆਖਦੇ ਹਨ.**

ਲਛਣ—ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ. ਪਹਿਲਾ ਵਿਸ਼੍ਰਾਮ 1' ਪਰ, ਦੂਜਾ 12 ਪਰ, ਅੰਤ ਗੁਰੁ. ਉਦਾਹਰਣ—

ਚਰਨ ਕਮਲ ਕਲਿ ਮਲਹਿ ਨਿਵਾਰਨ,
ਉਰ ਧਰ ਧਜਾਨਹਿ ਤਿਨ ਕੋ,
ਸ਼੍ਰੀ ਨਾਨਕ ਇਤਿਹਾਸ ਬਖਾਨੋ,
ਦੂਖ ਨਾਸ਼ਕ ਪੂਣ ਜਿਨ ਕੋ,

ਸੂਸਾ* ਅਵਾਸ ਗਏ ਸੁਖਰਾਸੀ.
ਮਿਲੀ ਸੋਦਰੀ† ਹਿਤ ਸੋਂ,
ਸਾਦਰ ਮੰਚ ਡਸਾਇ ਬਿਠਾਏ,
ਹਰਖੀ ਸਰਸ ਅਮਿਤ ਸੋਂ.

[ ਨਾਨਕ ਪ੍ਰਕਾਸ਼ ]

2. ਜੇ ਅੰਤ ਦੋ ਗੁਰੁ ਹੋਣ, ਤਦ ਇਸ ਦੀ "ਸਾਰ" ਅਤੇ "ਲਲਿਤਪਦ" ਸੰਗਯਾ ਹੈ. ਉਦਾਹਰਣ –

ਸ੍ਰੀਧਰ ਮੋਹਨ ਸਗਲ ਉਪਾਵਨ, ਨਿਰੰਕਾਰ ਸੁਖਦਾਤਾ, × × ×
ਜੀਉ ਪਿੰਡ ਤਨ ਮਨ ਸਭ ਪ੍ਰਭੁ ਕਾ, ਸਾਕਤ ਕਹਤੇ ਮੇਰਾ,
ਅਹੰਬੁੱਧਿ ਦੁਰਮਿਤ ਹੈ ਮੈਲੀ, ਬਿਨ ਗੁਰੁ ਭਵਜਲ ਫੇਰਾ.

[ ਭੈਰਉ ਮਹਲਾ 5 ]

**ਦੇਵਘਨਾਕਰੀ** ਦੇਖੋ, ਘਨਾਕਰੀ ਦਾ ਰੂਪ (ਹ)
**ਦੇਵੀ** ਦੇਖੋ, ਤ੍ਰਿਗਤਾ ਦਾ ਰੂਪ 2.

# ਦੋਹਰਾ—ਦੋਹਾ

ਲਕਣ—ਦੋ ਚਰਣ, ਪ੍ਰਤਿ ਚਰਣ 24 ਮਾਤ੍ਰਾ. ਪਹਿਲਾ ਵਿਸ਼੍ਰਾਮ 13 ਪਰ, ਦੂਜਾ 11 ਪਰ, ਅੰਤ ਗੁਰੁ ਲਘੁ.‡ ਇਸ ਲਕਣ ਤੋਂ ਛੁਟ, ਵਿਦ੍ਵਾਨਾਂ ਨੇ ਏਹ ਭੀ ਨਿਯਮ ਥਾਪਿਆ ਹੈ ਕਿ ਦੋਹੇ ਦੇ ਆਦਿ ਜਗਣ ਰੂਪ ਇੱਕ ਸ਼ਬਦ ਨਾ ਆਵੇ§.

ਦੋਹੇ ਦੀ ਚਾਲ ਤਦ ਸੁੰਦਰ ਰਹਿੰਦੀ ਹੈ, ਜੇ ਆਦਿ ਦੋ ਡਗਣ ਅਥਵਾ ਢਗਣ ਰੱਖੀਏ, ਅਰਥਾਤ ਚੌਕਲ ਨਾਲ ਚੌਕਲ ਦਾ ਅਤੇ ਤ੍ਰਿੱਕਲ ਨਾਲ ਤ੍ਰਿੱਕਲ ਦਾ ਸੰਯੋਗ ਕਰੀਏ. ਦੋ ਮਾਤ੍ਰਿਕ ਗਣਾਂ ਦੇ ਸੰਯੋਗ ਕਰਕੇ ਹੀ "ਦੋਹਾ" ਨਾਮ ਹੈ.

ਮਾਤ੍ਰਿਕ ਗਣਾਂ ਦੇ ਏਰ ਫੇਰ ਕਰਕੇ ਦੋਹੇ ਦੇ ਅਨੰਤ ਭੇਦ ਕਵੀਆਂ ਨੇ ਕਲਪੇ ਹਨ ਪਰੰਤੂ ਅਸੀਂ ਇਸ ਥਾਂ ਓਹ ਰੂਪ ਦਿਖਾਂਉਦੇ ਹਾਂ ਜੋ ਸਿਖਕਾਵ੍ਯ ਵਿੱਚ ਆਏ ਹਨ :—

1. ਜਿਸ ਦੋਹਰੇ ਵਿਚ ਚਾਰ ਗੁਰੁ ਅਤੇ 40 ਲਘੁ ਹੋਣ, ਉਸ ਦੀ "ਵ੍ਯਾਲ" ਸੰਗਯਾ ਹੈ. ਉਦਾਹਰਣ—

---

*ਸੂਸਾ (ਸ੍ਵਸ੍ਰ) ਭੈਣ. †ਸਹੋਦਰੀ. ਬੀਬੀ ਨਾਨਕੀ.

‡ਕਈ ਕਵੀਆਂ ਨੇ ਦੋਹੇ ਦੇ ਅੰਤ ਨਗਣ ।।।, ਭੀ ਦਿੱਤਾ ਹੈ. ਦੇਖੋ ਉਦਾਹਰਣ 2.

§ਜੇ ਦੋ ਸ਼ਬਦ ਮਿਲਕੇ ਜਗਣ ਬਣੇ, ਤਦ ਦੋਸ਼ ਨਹੀਂ. ਯਥਾ—ਜਪੋ ਪ੍ਰਭੂ ਮਨ ਲਾਯਕੈ. ਇੱਕ ਜਗਣਾਤਮਕ ਸ਼ਬਦ, ਯਥਾ "ਸਮੀਰ—ਰਮੇਸ਼" ਆਦਿ ਨਹੀਂ ਹੋਣੇ ਚਾਹੀਯੇ.

ਤ੍ਰਿੰਹ ਪਰ ਭੂਖਨ ਸ਼ਸਤ੍ਰ ਲਘੁ, ਰਤਨ ਪੁਰਟ* ਮਧ ਸਾਜ,
ਚਮਕਤ ਦਮਕਤ ਨਵਲ ਛਬਿ, ਝਕਤ ਥਕਤ ਕਵਿਰਾਜ.

[ ਸਿੱਖੀ ਪ੍ਰਭਾਕਰ ]

2. ਜਿਸ ਦੋਹਰੇ ਵਿੱਚ 5 ਗੁਰੂ ਅਤੇ 38 ਲਘੁ ਹੋਣ, ਉਸ ਦੀ "ਅਹਿਵਰ" ਸੰਗਯਾ ਹੈ. ਉਦਾਹਰਣ—

ਸ਼੍ਰੀ ਸਤਗੁਰੂ ਬਰ ਅਮਰ ਜੀ, ਸਰਨ ਨਰਨ ਦੁਖ ਹਰਨ,
ਕਾਰਨ ਕਰਨ ਸੁ ਜਾਨ ਮਨ, ਨਮਸਕਾਰ ਤਿਨ ਚਰਨ.

[ ਨਾਨਕ ਪ੍ਰਕਾਸ਼ ]

3. ਜਿਸ ਵਿਖੇ 6 ਗੁਰੂ ਅਤੇ 36 ਲਘੁ ਹੋਣ, ਉਸ ਦਾ ਨਾਮ "ਸ਼ਾਰਦੂਲ" ਹੈ. ਉਦਾਹਰਣ—

ਯਦਿ ਪ੍ਰਤਿਵੰਧਕ ਸਘਨ ਘਨ, ਅਨਗਨ ਭੇ ਮਗ ਬੀਚ,
ਪ੍ਰਲਯ ਪ੍ਰਭੰਜਨਿ†ਪ੍ਰਬਲ ਵਤ, ਦਿਯ ਉਡ ਯ ਹਨ ਨੀਚ.

[ ਸਿੱਖੀ ਪ੍ਰਭਾਕਰ ]

4. ਜਿਸ ਦੇ 7 ਗੁਰੂ ਅਤੇ 34 ਲਘੁ ਹੋਣ, ਓਹ "ਮੱਛ" ਦੋਹਾ ਹੈ. ਉਦਾਹਰਣ—
ਤਪ ਕਿਯ ਜਿਨਹਿ ਸਬਾਸਨਾ, ਜਨਮ ਅਨਤ ਧਰ ਸੋਇ,
ਪਾਇ ਰਾਜ ਜਗ ਬਿਖੈ ਫਸ, ਨਰਕ ਗਮਨ ਪੁਨ ਹੋਇ.

[ ਨਾਨਕ ਪ੍ਰਕਾਸ਼ ]

5. ਜਿਸ ਵਿਚ 8 ਗੁਰੂ ਅਤੇ 32 ਲਘੁ ਹੋਣ, ਉਸ ਦੀ "ਕੱਛਪ" ਸੰਗਯਾ ਹੈ. ਉਦਾਹਰਣ
ਸ਼੍ਰੀ ਅੰਗਦ ਕੰਦਨ‡ ਵਿਘਨ, ਬਦਨ ਸੁ ਮੰਗਲ ਸਾਲ,
ਪਰਨ ਸਰਨ ਕਰ ਚਰਨ ਕੋ, ਨਮਸਕਾਰ ਧਰ ਭਾਲ.

[ ਨਾਨਕ ਪ੍ਰਕਾਸ਼ ]

6. ਜਿਸ ਵਿਖੇ 9 ਗੁਰੂ ਅਤੇ 30 ਲਘੁ ਹੋਣ, ਓਹ "ਤ੍ਰਿੱਕਲ" ਦੋਹਾ ਹੈ. ਉਦਾਹਰਣ—
ਦਰਸ਼ਨ ਸ੍ਰੀ ਹਰਿਕ੍ਰਿਸ਼ਨ ਕੋ, ਨਿਪੁਨ ਹਰਨ ਜੁਰ ਤੀਨ.
ਚਰਨ ਮਨੋਹਰ ਬੰਦਨਾ, ਜਿਨ ਸਿੱਖਨ ਸੁਖ ਦੀਨ.

[ ਨਾਨਕ ਪ੍ਰਕਾਸ਼ ]

7. ਜਿਸ ਦੋਹਰੇ ਵਿਚ 10 ਗੁਰੂ ਅਤੇ 28 ਲਘੁ ਹੋਣ ਉਹ "ਬਾਨਰ" ਹੈ. ਉਦਾਹਰਣ—
ਸ਼੍ਰੀ ਨਾਨਕ ਪੁਰਸ਼ੋਤਮੰ, ਪਮੰ ਪਰਾਵਰ§ ਨਾਥ,
ਯੁਗਲ ਚਰਨ ਮੁਰ ਬੰਦਨਾ, ਧਰ ਪਰ ਧਰ ਕਰ ਮਾਥ.

[ ਨਾਨਕ ਪ੍ਰਕਾਸ਼ ]

8. ਜਿਸ ਵਿਖੇ 11 ਗੁਰ ਅਤੇ 26 ਲਘੁ ਹੋਣ, ਓਹ "ਚਲ" ਅਥਵਾ "ਬਲ" ਸੰਗਯਾ ਦਾ ਦੋਹਾ ਹੈ. ਉਦਾਹਰਣ—

---

*ਸੁਵਰਣ.
†ਪੌਣ.
‡ਵਿਨਾਸ਼ਕ.
§ਸਰਵੋਤੱਮ.

ਸਾਥ ਨ ਚਾਲੈ ਬਿਨ ਭਜਨ, ਬਿਖਿਆ ਸਗਲੀ ਛਾਰ,
ਹਰਿ ਹਰਿ ਨਾਮ ਕਮਾਵਨਾ, ਨਾਨਕ ਇਹੁ ਧਨ ਸਾਰ.

[ ਸੁਖਮਨੀ ]

9. ਜਿਸ ਵਿਚ 12 ਗੁਰੁ ਅਤੇ 24 ਲਘੁ ਹੋਣ, ਉਸ ਦੀ "ਚਾਰਣੀ" ਅਥਵਾ "ਪਯੋਧਰ" ਸੰਗਯਾ ਹੈ.* ਉਦਾਹਰਣ—

ਦੀਨ ਦਰਦ ਦੁਖ ਭੰਜਨਾ, ਘਟ ਘਟ ਨਾਥ ਅਨਾਥ,
ਸਰਣਿ ਤੁਮਾਰੀ ਆਇਓ, ਨਾਨਕ ਕੇ ਪ੍ਰਭੁ ਸਾਥ.

[ ਸੁਖਮਨੀ ]

ਜਿਸ ਨੋ ਸਾਜਨ ਰਾਖਸੀ, ਦੁਸ਼ਮਨ ਕੌਨ ਵਿਚਾਰ ?
ਛ੍ਵੈ ਨ ਸਕੈ ਤਿਹ ਛਾਂਹ ਕੋ, ਨਿਹਫਲ ਜਾਤ ਗਵਾਰ.

(ਵਿਚਿਤ੍ਰ ਨਾਟਕ)

10 ਜਿਸ ਵਿਚ 13 ਗੁਰੁ ਅਤੇ 22 ਲਘੁ ਹੋਣ, ਉਸ ਦਾ ਨਾਮ "ਗਯੰਦ" ਅਥਵਾ "ਮਦਕਲ" ਹੈ. ਉਦਾਹਰਣ—

ਏਕ ਸਮੇ ਸ੍ਰੀ ਆਤਮਾ, ਉਚਰਜੋ ਮਤਿ ਸੋਂ ਬੈਨ,
ਸਬ ਪ੍ਰਤਾਪ ਜਗਦੀਸ ਕੋ, ਕਹੋ ਸਕਲ ਬਿਧਿ ਤੈਨ,

[ ਅਕਾਲ ਉਸਤਤਿ ]

11. ਚੌਦਾਂ ਗੁਰੁ ਅਤੇ ਵੀਹ ਲਘੁ ਵਾਲਾ ਦੋਹਾ "ਹੰਸ" ਹੈ. ਉਦਾਹਰਣ—

ਏਕੰਕਾਰਾ ਸਤਗੁਰੂ ਜਿਸ ਪ੍ਰਸਾਦਿ ਸਚੁ† ਹੋਇ,
ਵਾਹਗੁਰੂ ਜੀ ਕੀ ਫਤੇ, ਵਿਘਨ ਵਿਨਾਸਨ ਸੋਇ.

[ ਨਾਨਕ ਪ੍ਰਕਾਸ਼ ]

12. ਪੰਦ੍ਰਾਂ ਗੁਰੁ ਅਤੇ 18 ਲਘੁ ਵਾਲਾ ਦੋਹਰਾ "ਨਰ" ਹੈ. ਉਦਾਹਰਣ—

ਹਉਮੈ ਏਹਾ ਜਾਤਿ ਹੈ ਹਉਮੈ, ਕਰਮ ਕਮਾਹਿ.
ਹਉਮੈ ਏਈ ਬੰਧਨਾ, ਫਿਰਿ ਫਿਰਿ ਜੋਨੀ ਪਾਹਿ.

[ ਵਾਰ ਆਸਾ ]

13. ਜਿਸ ਵਿਖੇ 16 ਗੁਰੁ ਅਤੇ 16 ਲਘੁ ਹੋਣ, ਉਹ "ਕਰਭ" ਦੋਹਾ ਹੈ. ਉਦਾਹਰਣ-

ਕਹੋ ਸੁ ਸਮ ਕਾਂਸੋ ਕਹੈਂ, ਦਮ ਕੋ ਕਹਾਂ ਕਹੰਤ ?
ਕੋ ਸੂਰਾ ਦਾਤਾ ਕਵਨ, ਕਹੋ ਤੰਤ ਕੋ ਮੰਤ ?

[ ਅਕਾਲ ਉਸਤਤਿ ]

14. ਜਿਸ ਵਿਚ 17 ਗੁਰੁ ਅਤੇ 14 ਲਘੁ ਹੋਣ. ਉਸ ਦੀ "ਮਰਕਟ" ਸੰਗਜਾ ਹੈ. ਉਦਾਹਰਣ—

*ਦੇਖੋ, ਸੁਭਟੇਂਦ੍ਰ ਦਾ ਫੁਟਨੋਟ. †ਆਨੰਦ.

ਕਹਾਂ ਨੇਮ ਸੰਜਮ ਕਹਾਂ, ਕਹਾਂ ਗਯਾਨ ਅਗਯਾਨ ?
ਕੋ ਰੋਗੀ ਸੋਗੀ ਕਵਨ, ਕਹਾਂ ਭ੍ਰਮ ਕੀ ਹਾਨ ?

[ ਅਕਾਲਉਸਤਤਿ ]

15. ਜਿਸ ਦੋਹੇ ਵਿੱਚ 18 ਗੁਰੁ ਅਤੇ 12 ਲਘੁ ਹੋਣ, ਉਸ ਦੀ "ਮੰਡੂਕ" ਸੰਗ੍ਯਾ ਹੈ. ਉਦਾਹਰਣ—

ਮੈਂ ਭੋਲਾਵਾ† ਪੱਗ ਦਾ, ਮਤ ਮੈਲੀ ਹੋਜਾਇ,
ਗਹਿਲਾ‡ ਰੂਹ ਨ ਜਾਣਈ, ਸਿਰ ਭੀ ਮਿੱਟੀ ਖਾਇ.

[ ਸਲੋਕ ਸ਼ੇਖ ਫਰੀਦ ਜੀ ]

16. ਉੱਨੀ ਗੁਰੁ ਅਤੇ ਦਸ ਲਘੁ ਵਾਲਾ ਦੋਹਾ "ਸ਼ਯੇਨ" ਹੈ. ਉਦਾਹਰਣ—

ਪੂਰਾ ਪ੍ਰਭੁ ਆਰਾਧਿਆ, ਪੂਰਾ ਜਾਕਾ ਨਾਉ,
ਨਾਨਕ ਪੂਰਾ ਪਾਇਆ, ਪੂਰੇ ਕੇ ਗੁਨ ਗਾਉ.

[ ਸੁਖਮਨੀ ]

17. ਜਿਸ ਵਿੱਚ 21 ਗੁਰੁ ਅਤੇ 6 ਲਘੁ ਹੋਣ, ਉਸ ਦੋਹੇ ਦੀ "ਭ੍ਰਾਮਰ" ਸੰਗ੍ਯਾ ਹੈ. ਉਦਾਹਰਣ—

ਸ਼੍ਰੀ ਗੁਰੁ ਪਯਾਰੇ ਖ਼ਾਲਸੇ, ਬਾਂਕੇ ਭਾਰੀ ਬੀਰ,
ਵੈਰਾਗੀ ਤ੍ਯਾਗੀ ਤਪੀ, ਗ੍ਯਾਨੀ ਧ੍ਯਾਨੀ ਧੀਰ.

[ ਸਿੱਖੀ ਪ੍ਰਭਾਕਰ ]

18. ਸਰਬਲੋਹ ਵਿੱਚ "ਦੋਹਰਾ ਵਡਾ" ਸਿਰਲੇਖ ਹੇਠ 28 ਮਾਤ੍ਰਾ ਦਾ ਦੋਹਾ ਛੰਦ ਹੈ. ਪਹਿਲਾ ਵਿਸ਼੍ਰਾਮ 15 ਪਰ, ਦੂਜਾ 13 ਮਾਤ੍ਰਾ ਪਰ, ਅੰਤ ਗੁਰੁ ਲਘੁ. ਉਦਾਹਰਣ—

ਹੈ ਚਤੁਰ ਬਹੁਤ ਅਸ੍ਵਾਕਰੀ, ਨਰਸਿੰਘੀ ਜਿੰਹ ਕੋ ਭੇਸ,
ਪ੍ਰਹਲਾਦ ਉਬਾਰਜੋ ਦੂਖ ਹਰਜੋ, ਹਰਨਾਖਸ ਹਰਜੋ ਨਰੇਸ਼.

## ਦੋਧਕ

**ਇਸ ਦਾ ਨਾਮ "ਬੰਧੁ" ਭੀ ਹੈ.**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਤਿੰਨ ਭਗਣ, ਦੋ ਗੁਰੁ. ऽ।।, ऽ।।, ऽ।।, ऽ, ऽ. ਉਦਾਹਰਣ—

ਬ੍ਯਾਹ ਸੁਤਾ ਨ੍ਰਿਪਕੀ ਨ੍ਰਿਪ ਬਾਲੰ,
ਮਾਂਗ ਬਿਦਾ ਮੁਖ ਲੀਨ ਉਤਾਲੰ.
ਸਾਜਨ ਬਾਜਿ ਚਲੇ ਗਜ ਸੰਜੁਤ,
ਦੇਸਨ ਏਸ ਨਰੇਸਨ ਕੇ ਸੁਤ.

[ ਰਾਮਾਵਤਾਰ ]

---

† ਫ਼ਿਕਰ. ਅੰਦੇਸ਼ਾ ‡ ਗ਼ਾਫ਼ਿਲ.

ਬਾਂਹ ਗਈ ਤੁ ਨਿਬਾਹ ਦਈ ਹੈ,
ਪ੍ਰੀਤਿ ਕਦੀ ਨਹਿ ਭੰਗ ਕਈ ਹੈ,
ਸ੍ਵਾਰਥ ਤਜਾਗ ਕਰੰਤ ਭਲਾਈ,
ਹੈਂ ਗੁਰੁ ਕੇ ਸਿਖ ਤੇ ਜਗ ਭਾਈ.

**2. ਦਸਮਗ੍ਰੰਥ ਵਿਖੇ "ਮੋਦਕ" ਛੰਦ ਦਾ ਨਾਮਾਂਤਰ ਭੀ ਦੋਧਕ ਆਯਾ ਹੈ.**

ਲਛਣ - ਚਾਰ ਚਰਣ, ਪ੍ਰਤਿ ਚਰਣ ਚਾਰ ਭਗਣ ऽ।।, ऽ।।, ऽ।।, ऽ।।. **ਉਦਾਹਰਣ—**

ਬਾਹ ਕ੍ਰਿਪਾਣ ਸੁ ਬਾਣ ਭਟੱਗਣ,
ਅੰਤ ਗਿਰੇ ਪੁਨ ਜੂਝ ਮਹਾ ਰਣ.

[ਦਸਮਗ੍ਰੰਥ, ਨਰਸਿੰਘਾਵਤਾਰ]

**ਦੋਵੈ** ਦੇਖੋ, ਦੁਵੈਯਾ.

## ਦੰਡਕ

ਕੇਸ਼ਵ ਦਾਸ ਆਦਿਕ ਅਨੇਕ ਕਵੀਆਂ ਨੇ ਕਬਿੱਤ ਦੀ ਥਾਂ ਦੰਡਕ ਪਦ ਲਿਖਿਆ ਹੈ, ਪਰੰਤੂ ਏਹ ਸਮਾਨਜ ਨਾਮ ਹੈ, ਵਿਸ਼ੇਸ਼ ਨਹੀਂ. ਜੋ ਛੰਦ 32 ਮਾਤ੍ਰਾ ਤੋਂ ਅਧਿਕ, ਪ੍ਰਤਿ ਚਰਣ ਰਖਦੇ ਹਨ, ਉਹ "ਮਾਤ੍ਰਿਕ ਦੰਡਕ," ਅਰ ਜੋ ਛੰਦ ਪ੍ਰਤਿ ਚਰਣ 26 ਅੱਖਰਾਂ ਤੋਂ ਅਧਿਕ ਵਾਲੇ ਹਨ, ਉਹ "ਵਰਣ ਦੰਡਕ" ਕਹਾਉਂਦੇ ਹਨ.

ਕਰਖਾ ਕਬਿੱਤ ਆਦਿਕ ਛੰਦ "ਦੰਡਕ" ਹੈਨ. ਜੈਸੇ ਕੇਵਲ "ਛੰਦ" ਪਦ ਕਈ ਥਾਂਈ ਕਵਿ ਲਿਖ ਦਿੰਦੇ ਹਨ, ਤੈਸੇ ਹੀ "ਦੰਡਕ" ਪਦ ਲਿਖਣ ਦੀ ਰੀਤੀ ਪੈ ਗਈ ਹੈ, ਪਰੰਤੂ ਇਹ ਉੱਤਮ ਨਹੀਂ, ਕਯੋਂਕਿ ਪਾਠਕ ਨੂੰ ਨਿਸ਼ਚਯ ਨਹੀਂ ਹੋ ਸਕਦਾ ਕਿ ਇਹ ਕੇਹੜਾ ਦੰਡਕ ਹੈ.

**ਦੰਡਕਲਾ** ਦੇਖੋ, ਸਵੈਯੇ ਦਾ ਰੂਪ 4.
**ਦ੍ਰੁਤਵਿਲੰਬਿਤਾ** ਦੇਖੋ, ਸੁੰਦਰੀ ਦਾ ਰੂਪ 2.
**ਦ੍ਰੁਮਿਲ-ਦ੍ਰੁਮਿਲਾ** ਦੇਖੋ, ਦੁਰਮਿਲਾ.
**ਧਵਲ** ਦੇਖੋ ਛੱਪਯ ਦਾ ਰੂਪ 5.
**ਧ੍ਰੁਪਦ** ਦੇਖੋ, ਧ੍ਰੁਵਪਦ.
**ਧ੍ਰੁਵ** ਦੇਖੋ, ਬਰਵਾ.

### ਧ੍ਰੁਵਪਦ

ਏਹ ਛੰਦ ਜਾਤਿ ਨਹੀਂ, ਕਿੰਤੂ ਸੰਗੀਤ ਮਤ ਅਨੁਸਾਰ ਚਾਰ ਤਾਲ ਦਾ ਰੀਤ ਹੈ,* ਜਿਸ ਵਿੱਚ ਸਥਾਈ, ਅੰਤਰਾ, ਸੰਚਾਰੀ ਅਤੇ ਆਭੋਗ ਦੇ ਪਦ ਹੋਯਾ ਕਰਦੇ ਹਨ. ਪਦਾਂ ਦੀ ਗਿਣਤੀ

*ਧ੍ਰੁਵਪਦ ਹੋਰ ਤਾਰਾਂ ਵਿੱਚ ਭੀ ਹੋਯਾ ਕਰਦੇ ਹਨ, ਪਰੰਤੂ ਵਿਸ਼ੇਸ਼ ਕਰਕੇ ਚਾਰ ਤਾਲ ਦਾ ਗੀਤ ਹੈ।

ਚਾਰ ਤੋਂ ਲੈ ਕੇ ਛੀ ਤਕ ਹੁੰਦੀ ਹੈ.* ਅੱਖਰਾਂ ਦੀ ਗਿਣਤੀ ਪ੍ਰਤਿ ਚਰਣ 11 ਤੋਂ ਲੈਕੇ 26 ਤੀਕ ਹੋਯਾ ਕਰਦੀ ਹੈ. ਕਿਤਨਿਆਂ ਦੇ ਅਛਰ ਇਸ ਤੋਂ ਭੀ ਵਧੀਕ ਹੋਯਾ ਕਰਦੇ ਹਨ, ਅਰੁ ਖ਼ਾਸ ਕਰਕੇ ਦੂਜਾ ਚਰਣ ਹੋਰਨਾਂ ਨਾਲੋਂ ਜ਼ਾਦਾ ਲੰਮਾ ਹੁੰਦਾ ਹੈ.

## ਨਗਸਰੂਪਿਣੀ—ਨਗਸਰੂਪੀ
## ਨਗਸ੍ਵਰੂਪਿਣੀ

**ਇਸ ਦਾ ਨਾਮ "ਪ੍ਰਮਾਣਿਕਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਜ, ਰ, ਲ, ਗ. ।ऽ।, ऽ।ऽ, ।, ऽ. ਉਦਾਹਰਣ—

ਅਨੇਦ ਸੰਤ ਤਾਰਣੰ । ਅਦੇਵ ਦੇਵ ਕਾਰਣੰ ।
ਸੁਰੇਸ ਭਾਇ ਰੂਪਿਣੰ । ਸਮ੍ਰਿਧਿ ਸਿੱਧਿ ਕੂਪਣੰ ॥

[ਦਸਮਗ੍ਰੰਥ, ਰ ਮਾਵਤਾਰ]

## ਨਗਸ੍ਵਰੂਪੀ ਅਰਧ

**ਇਸ ਦਾ ਨਾਮ "ਸੁਧੀ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਜ, ਗ. ।ऽ।, ऽ. **ਉਦਾਹਰਣ—**

ਨ ਲਾਜਿਯੇ । ਨ ਭਾਜਿਯੇ ।
ਰਘੇਸ ਕੋ । ਬਨੇਸ਼ ਕੋ* ॥

[ਦਸਮਗ੍ਰੰਥ, ਰ ਮਾਵਤਾਰ]

**ਨਰ ਦੇਖੋ, ਦੋਹਰੇ ਦਾ ਰੂਪ 12.**

**ਨਰਹਰਿ ਦੇਖੋ, ਨਵਨਾਮਕ.**

## ਨਰਾਚ—ਨਰਾਜ

**ਇਸ ਦਾ ਨਾਮ "ਨਾਗਰਾਜ" "ਪੰਚਚਾਮਰ" ਅਤੇ "ਵਿਚਿਤ੍ਰਾ" ਭੀ ਹੈ.**

ਲਛਣ—ਚਾਰ ਚਰਣ. ਪ੍ਰਤਿ ਚਰਣ ਲਘੁ ਗੁਰੁ ਕ੍ਰਮ ਨਾਲ 16 ਅੱਖਰ, ਅੱਠ ਅੱਠ ਅੱਖਰਾਂ ਪਰ ਦੋ ਵਿਸ਼੍ਰਾਮ. ਅਥਵਾ ਪ੍ਰਤਿ ਚਰਣ ਜ, ਰ, ਜ, ਰ, ਜ, ਗ. ।ऽ।, ऽ।ऽ, ।ऽ।, ऽ।ऽ, ।ऽ, ऽ. ਉਦਾਹਰਣ—

ਅਗੰਜ ਆਦਿ ਦੇਵ ਹੈ, ਅਭੰਜ ਭੰਜ ਜਾਨਿਐ,
ਅਭੂਤ ਭੂਤ ਹੈ ਸਦਾ, ਅਗੰਜ ਗੰਜ ਮਾਨਿਐ,
ਅਦੇਵ ਦੇਵ ਦੇਵ ਹੈ, ਸਦਾ ਅਭੇਵ ਨਾਥ ਹੈ,
ਸਮਸ੍ਤ ਸਿੱਧਿ ਬ੍ਰਿੱਧਿਦਾ, ਸਦੀਵ ਸਰਬ ਸਾਥ ਹੈ.

[ ਅਕਾਲ ਉਸਤਤਿ ]

---

*ਛੀ ਪਦ ਦਾ ਧ੍ਰੁਵਪਦ ਉੱਤਮ, ਪੰਜ ਦਾ ਮੱਧਮ ਅਤੇ ਚਾਰ ਦਾ ਅਧਮ ਹੁੰਦਾ ਹੈ।

*ਕੇਕਈ ਨੇ ਦਸ਼ਰਥ ਨੂੰ ਆਖਿਆ, ਕਿ ਬਚਨ ਤੋਂ ਭੱਜੋ ਨਾ, ਰਾਮ ਨੂੰ ਬਣ ਦਾ ਸ੍ਵਾਮੀ ਕਰੋ.

अनन्त विघ्न घातकं, विनष्ट सर्व पातकं,
स्वभूयशोऽम्बु चातक, स्वभक्त चित्त शातकम्,
सुरेन्द्र चन्द्र नायकं, सु भुक्ति मुक्ति दायकं,
कुवा।नारि सायकं, नमामि नानकं गुरुम्,

[ ਗੁਰੁ ਨਾਨਕ ਸਤੋਤ੍ਰਰਤਨਾਕਰ ]

## ਨਰਾਜ ਅਰਧ

ਏਹ ਨਗਸ੍ਵਰੂਪਿਣੀ ਅਥਵਾ ਪ੍ਰਮਾਣਿਕਾ ਦਾ ਹੀ ਰੂਪ ਹੈ, ਅਰੁ ਨਰਾਜ ਛੰਦ ਦਾ ਅੱਧਾ ਰੂਪ ਹੈ, ਅਰਥਾਤ ਲਘੁ ਗੁਰੁ ਕ੍ਰਮ ਨਾਲ ਪ੍ਰਤਿ ਚਰਣ ਅੱਠ ਅੱਖਰ, ਅਥਵਾ ਜ, ਰ, ਲ, ਗ. ।ऽ।, ऽ।ऽ, ।, ऽ. **ਉਦਾਹਰਣ—**

ਸੁ ਧੂਮ ਧੂਮ ਧੂਮ ਹੀ* । ਕਰੰਤ ਸੈਨ ਭੂਮਹੀ ।
ਬਿਅੰਤ ਧਜਾਨ ਧਜਾਵਹੀ । ਦੁਰੰਤ† ਠੌਰ ਪਾਵਹੀ ।

[ਦਸਮਗ੍ਰੰਥ, ਸੂਰਯਾਵਤਾਰ ]

## ਨਰਾਜ ਬ੍ਰਿੱਧ

ਲਘੁ ਨਰਾਜ ਦੇ ਮੁਕਾਬਲੇ "ਬ੍ਰਿੱਧ" ਪਦ ਹੈ, ਵਾਸਤਵ ਵਿੱਚ ਇਹ ਨਰਾਜ ਦਾ ਪੂਰਾ ਰੂਪ ਹੈ. ਦੇਖੋ, ਨਰਾਜ ਦਾ ਲਕਣ. **ਉਦਾਹਰਣ—**

ਚਲੀ ਸੁਕੰਤ‡ ਸੀਘ੍ਰਸੀ ਕ੍ਰਿਪਾਣ ਪਾਣਿ ਧਾਰਕੈ,
ਉਠੇ ਸੁ ਗ੍ਰਿੱਧ ਬ੍ਰਿੱਧ ਔਰ ਡਾਕਨੀ ਡਕਾਰਕੈ. × × ×

[ ਦਸਮਗ੍ਰੰਥ, ਚੰਡੀ ਚਰਿਤ੍ਰ 2 ]

2. ਕਈ ਕਵੀਆਂ ਨੇ "ਅਨੰਗਸ਼ੇਖਰ" ਛੰਦ ਨੂੰ ਨਰਾਚਵ੍ਰਿੱਧ ਅਥਵਾ "ਮਹਾਨਰਾਚ" ਲਿਖਿਆ ਹੈ. ਦੇਖੋ, ਅਨੰਗਸ਼ੇਖਰ.

## ਨਰਾਜ ਲਘੁ

**ਇਸ ਦਾ ਨਾਮ "ਸੁਧੀ" ਅਤੇ "ਹੋਹਾ" ਭੀ ਹੈ.**

ਲਕਣ—ਚਾਰ ਚਰਣ, ਪ੍ਰਤਿ ਚਰਣ ਲਘੁ ਗੁਰੁ ਕ੍ਰਮ ਨਾਲ ਚਾਰ ਅੱਖਰ, ਅਥਵਾ ਜ, ਗ. ।ऽ।, ऽ. **ਉਦਾਹਰਣ—**

ਜਲੇ ਹਰੀ । ਥਲੇ ਹਰੀ ।
ਉਰੇ ਹਰੀ । ਬਨੇ ਹਰੀ ॥

[ ਅਕਾਲਉਸਤਤਿ ]

---

*ਧੂਣੀ ਦੇ ਧੂੰਏ ਨੂੰ ਸਹਾਰਦੇ ਹੈਨ. † ਕਠਿਨ. ਜਿਸ ਦਾ ਪ੍ਰਾਪਤ ਹੋਣਾ ਔਖਾ ਹੋਵੇ.
‡ ਸੂੰਕਦੀ ਹੋਈ. ਭਯੰਕਰ ਧੁਨੀ ਕਰਦੀ ਹੋਈ.

## ਨਵਨਾਮਕ

**ਇਸ ਦਾ ਨਾਮ "ਨਰਹਰਿ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਦੋ ਨਗਣ, ਦੋ ਲਘੁ. ।।।, ।।।, ।, ।. **ਉਦਾਹਰਣ—**

ਤਰ ਭਰ ਪਰ ਸਰ।§ ਨਿਰਖਤ ਸੁਰ ਨਰ ।
ਹਰਪੁਰ ਪੁਰ ਕਰ§§ । ਨਿਰਖਤ ਬਰ ਨਰ ।

[ਦਸਮਗ੍ਰੰਥ ਰਾਮਾਵਤਾਰ]

## ਨਵਪਦੀ

**ਏਹ ਚੌਪਈ ਅਤੇ ਅੜਿੱਲ ਦਾ ਹੀ ਇੱਕ ਰੂਪ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ, ਅੰਤ ਭਗਣ ऽ।।.

ਉਦਾਹਰਣ—

ਜਾਹਿਂ ਤਹਿਂ ਕਰਨ ਲਗੇ ਸਭ ਪਾਪਨ,
ਧਰਮ ਕਰਮ ਤਜਕਰ ਹਰਿਜਾਪਨ,
ਪਾਹਨ ਕਉ ਸੁ ਕਰਤ ਸਭਿ ਬੰਦਨ,
ਡਾਰਤ ਧੂਪ ਦੀਪ ਸਿਰ ਚੰਦਨ.

[ ਦਸਮਗ੍ਰੰਥ. ਕਲਕੀ ]

**ਨਾਗਰਾਜ ਦੇਖੋ, ਨਰਾਜ.**

**ਨਾਯਕ ਦੇਖੋ, ਬਹਿਰ ਤਵੀਲ.**

## ਨਾਰਾਚ

**ਕਈ ਥਾਂਈ ਨਰਾਚ ਦੀ ਥਾਂ ਨਾਰਾਚ ਜ਼ਿਰਲੇਖ ਦੇਖੀਦਾ ਹੈ, ਪਰੰਤੂ ਨਾਰਾਚ ਭਿੰਨ ਛੰਦ ਹੈ.**

ਲਛਣ - ਚਾਰ ਚਰਣ, ਪ੍ਰਤਿ ਚਰਣ ਦੋ ਨਗਣ, ਚਾਰ ਰਗਣ. ।।।, ।।।, ऽ।ऽ, ऽ।ऽ, ऽ।ऽ, ऽ।ऽ. ਨੌ ਨੌ ਅਖਰਾਂ ਪਰ ਵਿਸ਼੍ਰਾਮ. ਇਸ ਦਾ ਨਾਮ "ਮਹਾਂਮਾਲਿਕਾ" ਭੀ ਹੈ. **ਉਦਾਹਰਣ—**

ਕਰਤ ਨਰ ਸਦਾ ਰੁਚੀ. ਧਰਮ ਕੇ ਕਰਮ ਮੇ ਪ੍ਰੇਮ ਸੇ.
ਜਗਤ ਮਹਿ ਸੁਖੀ ਰਹੈ, ਅੰਤ ਕੋ ਮੋਖ ਹੈ ਨੇਮ ਸੇ. × × ×

## ਨਿਸਪਾਲ--ਨਿਸਪਾਲਿਕਾ--ਨਿਸ਼ਿਪਾਲ

ਲਛਣ—ਚਾਰ ਚਰਣ, ਪ੍ਰਤਿ ਚਰਣ ਭ, ਜ, ਸ, ਨ, ਰ. ऽ।।, ।ऽ।. ।।ऽ, ।।।, ऽ।ऽ.

ਉਦਾਹਰਣ-

ਧਾਇ ਭਟ ਆਇ ਰਿਸ ਖਾਇ ਅਸਿ ਝਾਰਹੀਂ,
ਸ਼ੋਰ ਕਰ ਜੋਰ ਸਰ ਤੋਰ ਅਰਿ ਡਾਰਹੀਂ,

---

§ਤੀਰਾਂ ਦੀ ਤੜਭੜ. (ਘੋਰਧੁਨੀ) ਮਚਗਈ.

§§ਸਿਵਲੋਕ (ਮਰਿਆਂ ਨਾਲ) ਭਰਗਯਾ.

ਪ੍ਰਾਨ ਤਜ ਪੈ ਨ ਭਜ ਭੂਮਿਰਣ ਸ਼ੋਭਹੀਂ,
ਪੇਖ ਛਬਿ ਦੇਖ ਦੁਤਿ ਨਾਰਿਸੁਰ† ਲੋਭਹੀਂ.

[ ਦਸਮਗ੍ਰੰਥ, ਕਲਕੀ ]

ਨਿਸਾਕਰ ਦੇਖੋ, ਸਵੈਯੇ ਦਾ ਰੂਪ 4.

## ਨਿਸ਼ਾਨੀ‡

ਇਸ ਦਾ ਨਾਮ "ਉਪਮਾਨ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ 23 ਮਾਤ੍ਰਾ. ਪਹਿਲਾ ਵਿਸ਼੍ਰਾਮ 13 ਪਰ, ਦੂਜਾ 10 ਪਰ, ਅੰਤ ਦੋ ਗੁਰੁ. ਉਦਾਹਰਣ—

ਭਲੀ ਸੁਹਾਵੀ ਛਾਪਰੀ, ਜਾਮਹਿ ਗੁਨ ਗਾਏ,
ਕਿਤਹੀ ਕਾਮ ਨ ਧਉਲਹਰ, ਜਿਤੁ ਹਰਿ ਬਿਸਰਾਏ, × × ×

[ ਸੂਹੀ ਮਹਲਾ 5 ]

ਨਾਮ ਧਿਆਵਹੁ ਸਦ ਸਦਾ, ਹਰਿ ਹਰਿ ਮਨ ਰੰਗ.
ਜੀਉ ਪ੍ਰਾਣ ਧਨ ਗੁਰੂ ਹੈ, ਨਾਨਕ ਕੈ ਸੰਗੇ. × ×

[ ਆਸਾ ਮਹਲਾ 5 ]

ਸੰਗ ਬਾਲਕਨ ਖੇਲਹੀਂ, ਨਿਤ ਗੁਰੂ ਕ੍ਰਿਪਾਲਾ,
ਹਰਖ ਸ਼ੋਕ ਨਹਿ ਜਿਨਹੁ ਕੇ, ਇਕਰਸ ਸਭ ਕਾਲਾ. × ×

[ ਗੁਰੁਪ੍ਰਤਾਪ, ਸੂਰਯ ]

ਦੇਖੋ, ਪਉੜੀ ਦਾ ਭੇਦ 11.

**ਨਿਸਿਪਾਲਕਾ** ਦੇਖੋ, ਨਿਸਪਾਲ.

**ਨਿਤਾ** ਦੇਖੋ, ਕਲਸ ਦਾ ਰੂਪ 3.

**ਨੀਸਾਨੀ** ਦੇਖੋ, ਨਿਸਾਨੀ.

**ਨੀਲ** ਦੇਖੋ. ਬਿਸੇਖ.

**ਨੰਦਾ** ਦੇਖੋ, ਬਰਵਾ.

## ਪਉੜੀ*

ਢਾਡੀ ਲੋਕ ਯੁੱਧ ਦਾ ਪ੍ਰਸੰਗ ਵਾਰਤਿਕ ਸੁਣਾਕੇ ਉਸੇ ਦਾ ਸਾਰ ਪਉੜੀ ਛੰਦ ਵਿਚ ਲਯ ਤਾਰ ਸਾਥ ਮ੍ਰਿਦੰਗ ਦੀ ਸਹਾਯਤਾ ਨਾਲ ਗਾਕੇ ਪ੍ਰਕਰਣ ਸਮਾਪਤ ਕਰਦੇ ਹਨ, ਪਉੜੀ

---

†ਦੇਵਾਂਗਨਾ. ਅਪਸਰਾ.

‡ਕਈ ਵਿਦ੍ਵਾਨਾਂ ਦਾ ਖ਼ਯਾਲ ਹੈ ਕਿ "ਨਿਸ਼ੇਨੀ" ਪਦ ਦੀ ਥਾਂ "ਨਿਸ਼ਾਨੀ" ਪਦ ਕਵੀਆਂ ਨੇ ਭੁੱਲ ਕੇ ਲਿਖ ਦਿੱਤਾ ਹੈ. ਦੇਖੋ, ਪਉੜੀ ਦਾ ਫੁਟਨੋਟ.

* ਛੰਦਗ੍ਰੰਥਾਂ ਵਿਖੇ ਨਿਸ਼ੇਨੀ (ਨਿ:ਸ਼੍ਰੇਣੀ) ਛੰਦ ਆਯਾ ਹੈ, ਜਿਸ ਦਾ ਉੱਲਥਾ ਪੌੜੀ ਹੈ. ਨਿਸ਼ੇਨੀ ਦਾ ਲਛਣ—ਚਾਰ ਚਰਣ ਪ੍ਰਤਿ ਚਰਣ, 23 ਮਾਤ੍ਰਾ. 13—10 ਪਰ ਵਿਸ਼੍ਰਾਮ, ਅੰਤ ਗੁਰ. ਦੇਖੋ, ਪੌੜੀ ਦਾ ਰੂਪ 11 ਅਤੇ ਨਿਸਾਨੀ ਛੰਦ ਦਾ ਫੁਟ ਨੋਟ.

ਨਾਮ ਵਿਸ਼੍ਰਾਮ ਦਾ ਹੈ. ਇਸ **ਛੰਦ ਵਿਚ ਯੁੱਧ** ਦੀਆਂ ਵਾਰਾਂ ਰਚੀਦੀਆਂ ਹੈਨ. ਸ੍ਰੀ ਗੁਰੂ ਸਾਹਿਬ ਨੇ ਪੁਰਾਣੀ ਧਾਰਣਾ ਅਨੁਸਾਰ ਗੁਰਬਾਣੀ ਦੀਆਂ ਪੌੜੀਆਂ ਢਾਡੀ ਅਰੁ ਰਾਗੀਆਂ ਨੂੰ ਸਿਖਾਈਆਂ ਸਨ.† ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਛੰਦ "ਪਉੜੀ" ਸਿਰਲੇਖ ਹੇਠ ਦੇਖੇ ਜਾਂਦੇ ਹਨ. ਭਾਈ ਗੁਰੁਦਾਸ ਜੀ ਦੀ ਵਾਰਾਂ ਦੇ ਪਦ ਭੀ ਪਉੜੀ ਨਾਮ ਤੋਂ ਹੀ ਪ੍ਰਸਿੱਧ ਹੈਨ. ਇਹ ਛੰਦ ਸਮ ਅਤੇ ਵਿਖਮ ਦੋਵੇਂ ਪ੍ਰਕਾਰ ਦਾ ਦੇਖੀਦਾ ਹੈ. ਸਿੱਖ ਕਾਵ੍ਯ ਵਿੱਚ ਇਸ ਦੇ ਸਰੂਪ ਏਹ ਹੈਨ :—

1. ਦੋਹਾ ਰੂਪ ਪਉੜੀ ਅੱਠ ਚਰਣ ਦੀ. **ਉਦਾਹਰਣ**—

ਰੇ ਮਨ ਬਿਨ ਹਰਿ ਜਹਿ ਰਹਉ, ਤਹਿ ਤਹਿ ਬੰਧਨ ਪਾਹਿ,
ਜਿਹ ਬਿਧਿ ਕਤਹੁ ਨ ਛੂਟੀਐ. ਸਾਕਤ ਤੇਉ ਕਮਾਹਿ. × × ×

[ ਬਾਵਨਅਖਰੀ ]

2. ਚਉਪਈ ਰੂਪ ਪਉੜੀ ਅੱਠ ਚਰਣ ਦੀ. **ਉਦਾਹਰਣ**—

ਭੱਭਾ ਭਰਮ ਮਿਟਾਵਹੁ ਅਪਨਾ,
ਇਆ ਸੰਸਾਰ ਸਗਲ ਹੈ ਸੁਪਨਾ,
ਭਰਮੇ ਸੁਰ ਨਰ ਦੇਵੀ ਦੇਵਾ,
ਭਰਮੇ ਸਿਧ ਸਾਧਿਕ ਬ੍ਰਹਮੇਵਾ. × × ×

[ਬਾਵਨਅਖਰੀ]

3. ਹੰਸਗਤਿ ਛੰਦ ਦਾ ਰੂਪ ਪਉੜੀ 8 ਚਰਣ ਦੀ. ਦੇਖੋ, ਹੰਸਗਤਿ.

4. ਹੰਸਗਤਿ ਦਾ ਹੀ ਇੱਕ ਭੇਦ, ਪਉੜੀ 9 ਚਰਣ ਦੀ. ਪ੍ਰਤਿ ਚਰਣ 20 ਮਾਤ੍ਰਾ. ਪਹਿਲਾ ਵਿਸ਼੍ਰਾਮ 11 ਪਰ, ਦੂਜਾ 9 ਪਰ, ਅੰਤ ਗੁਰੁ. ਤੁਕ ਦੇ ਮਧ੍ਯ ਅਰੁ ਅੰਤ ਅਨੁਪ੍ਰਾਸ ਮਿਲਵਾਂ. ਉਦਾਹਰਣ—

ਗੁਰੁ ਚੇਲੇ ਰਹਿਰਾਸ, ਅਲਖ ਅਭੇਉ ਹੈ,
ਗੁਰੁ ਚੇਲੇ ਸਾਬਾਸ, ਨਾਨਕ ਦੇਉ ਹੈ. × × ×

[ ਭਾਈ ਗੁਰਦਾਸ ਜੀ ਦੀ ਵਾਰ 3 ]

5. ਛੀ ਚਰਣ, ਪ੍ਰਤਿ ਚਰਣ 21 ਮਾਤ੍ਰਾ. 11—10 ਪਰ ਵਿਸ਼੍ਰਾਮ, ਅੰਤ ਮਗਣ.SSS. ਤੁਕ ਦੇ ਮਧ੍ਯ ਅਤੇ ਅੰਤ ਅਨੁਪ੍ਰਾਸ ਦਾ ਮੇਲ. ਉਦਾਹਰਣ—

ਸਤਗੁਰੁ ਸੱਚਾ ਨਾਂਉ, ਗੁਰਮੁਖ ਜਾਣੀਐ,
ਸ਼ਾਧੂ ਸੰਗਤ ਸਚਥਾਂਉ, ਸ਼ਬਦ ਵਖਾਣੀਐ. × ×

[ਭਾਈ ਗੁਰਦਾਸ ਜੀ ਦੀ ਵਾਰ 14]

6. ਅੱਠ ਚਰਣ, ਏਹ "ਚਾਂਦ੍ਰਾਯਣ" ਛੰਦ ਦਾ ਰੂਪ ਹੈ. ਪ੍ਰਤਿ ਚਰਣ 21 ਮਾਤ੍ਰਾ. ਪਹਿਲਾ ਵਿਸ਼੍ਰਾਮ 11 ਪਰ ਜਗਣਾਂਤ ISI, ਦੂਜਾ 10 ਪਰ ਰਗਣਾਂਤ SIS. **ਉਦਾਹਰਣ**—

ਸੱਚਾ ਸਿਰਜਨਹਾਰ, ਸੱਚ ਸਮਾਇਆ,

---

†ਪੌੜੀ ਗਾਕੇ, ਰਾਗੀ ਉਸ ਦਾ ਸਾਧਾਰਣ ਪਾਠ ਇਸ ਲਈਂ ਕਰਦੇ ਹਨ ਕਿ ਦ੍ਰੁਤ ਲਯ ਵਿੱਚ ਮ੍ਰਿਦੰਗ ਅਥਵਾ ਢੱਡਦੇ ਬਾਜ ਸਾਥ ਗਾਏ ਪਦ, ਸ਼੍ਰੋਤਿਆਂ ਦੀ ਸਮਝ ਵਿੱਚ ਪੂਰੇ ਨਹੀਂ ਆ ਸਕਦੇ. ਅਰੁ ਅਰਥਗਜ਼ਾਨ ਬਿਨਾ ਕੀਰਤਨ ਦਾ ਪੂਰਾ ਲਾਭ ਪ੍ਰਾਪਤ ਨਹੀਂ ਹੁੰਦਾ.

ਸੱਚਹੁ ਪੌਣ ਉਪਾਇ, ਘਟੇ ਘਟ ਛਾਇਆ. × × ×

[ਭਾਈ ਗੁਰਦਾਸ ਜੀ, ਵਾਰ 22]

7. ਅੱਠ ਚਰਣ, ਛੀ ਚਰਣਾਂ ਵਿੱਚ 21 ਮਾਤ੍ਰਾ, ਪਹਿਲਾ ਵਿਸ਼੍ਰਾਮ 11 ਪਰ, ਦੂਜਾ 10 ਪਰ, ਅੰਤ ਦੀ ਦੋ ਤੁਕਾਂ ਦੀਆਂ 27 ਮਾਤ੍ਰਾ, 15—12 ਪਰ ਵਿਸ਼੍ਰਾਮ, ਅੰਤ ਸਭ ਦੇ ਮਗਣ SSS. ਉਦਾਹਰਣ—

ਅਕੁਲ ਨਿਰੰਜਨ ਪੁਰਖ, ਅਗਮ ਅਪਾਰੀਐ,
ਸਭਸੈ ਦੇ ਦਾਤਾਰੁ, ਜੋਤ ਉਪਾਰੀਐ. × × ×
ਪ੍ਰਭ ਜੀਉ ਤੁਧ ਧਿਆਏ ਸੋਇ, ਜਿਸ ਭਾਗ ਮਥਾਰੀਐ,
ਤੇਰੀ ਗਤਿ ਮਿਤਿ ਲਖੀ ਨ ਜਾਇ, ਹਉ ਤੁਧ ਬਲਿਹਾਰੀਐ.

[ਵਾਰ ਗੂਜਰੀ 2]

8. ਅੱਠ ਚਰਣ, ਪ੍ਰਤਿ ਚਰਣ 21 ਮਾਤ੍ਰਾ. ਪਹਿਲਾ ਵਿਸ਼੍ਰਾਮ 12 ਪਰ, ਅੰਤ ਦੋ ਗੁਰੁ. ਦੂਜਾ 9 ਪਰ, ਅੰਤ ਲਘੁ ਗੁਰੁ. ਮਧ੍ਯ ਅਨੁਪ੍ਰਾਸ ਦਾ ਮੇਲ, ਇਹ ਸ਼੍ਰੀਖੰਡ ਦਾ ਰੂਪ ਹੈ. ਉਦਾਹਰਣ—

ਅਗਣਿਤ ਘੁਰੇ ਨਗਾਰੇ, ਦਲਾਂ ਭਿੜੰਦਿਆਂ,
ਪਾਏ ਮਹਖਲ* ਭਾਰੇ, ਦੇਵਾਂ ਦਾਨਵਾਂ. × × ×

[ਦਸਮਗ੍ਰੰਥ, ਚੰਡੀ ਦੀ ਵਾਰ]

9. ਅੱਠ ਚਰਣ, ਪ੍ਰਤਿ ਚਰਣ 22 ਮਾਤ੍ਰਾ. 13—9 ਪਰ ਵਿਸ਼੍ਰਾਮ. ਏਹ ਪਉੜੀ "ਰਾਧਿਕਾ" ਛੰਦ ਦਾ ਰੂਪ ਹੈ. ਉਦਾਹਰਣ—

ਇਕ ਭਸਮ ਚੜਾਵਹਿ ਅੰਗ, ਮੈਲ ਨ ਧੋਵਹੀ,
ਇਕ ਜਟਾ ਬਿਕਟ ਬਿਕਰਾਲ, ਨਿਜ ਘਰ ਖੋਵਹੀ. × × ×

[ਮਲ੍ਹਾਰ ਦੀ ਵਾਰ]

19. ਛੀ ਚਰਣ, ਪ੍ਰਤਿ ਚਰਣ 22 ਮਾਤ੍ਰਾ. ਪਹਿਲਾ ਵਿਸ਼੍ਰਾਮ 13 ਪਰ, ਦੂਜਾ 9 ਪਰ, ਅੰਤ ਗੁਰੁ ਲਘੁ. ਉਦਾਹਰਣ—

ਜੇ ਖੁੱਥੀ† ਬਿੰਡਾ ਬਹੈ, ਕਿਉਂ ਹੋਇ ਬਜਾਜ ?
ਕੁੱਤੇ ਦੇ ਗਲ ਵਾਸਣੀ, ਨ ਸ਼ਰਾਫੀ ਸਾਜ. × × ×

[ਭਾਈ ਗੁਰੁਦਾਸ ਜੀ, ਵਾਰ 36]

11. ਪੰਜ ਚਰਣ, ਪ੍ਰਤਿ ਚਰਣ 23 ਮਾਤ੍ਰਾ. 13—10 ਪਰ ਵਿਸ਼੍ਰਾਮ, ਅੰਤ ਦੋ ਗੁਰੁ. ਏਹ ਦਟਪਟਾ ਅਤੇ ਨਿਸਾਨੀ ਛੰਦ ਦਾ ਰੂਪ ਹੈ. ਉਦਾਹਰਣ—

ਲੈ ਫਾਹੇ ਰਾਤੀ ਤੁਰਹਿ, ਪ੍ਰਭੁ ਜਾਣੈ ਪ੍ਰਾਣੀ,
ਤਕਹਿ ਨਾਰਿ ਪਰਾਈਆ, ਲੁਕ ਅੰਦਰ ਠਾਣੀ. × × ×

[ਵਾਰ ਗਉੜੀ 1]

---

* ਕੁਲਾਹਲ. ਊਧਮ.

† ਵਸਤ੍ਰਾਂ ਦੇ ਥਾਂਨ੍ਹਾ ਦੀ ਢੇਰੀ. ਵਸਤ੍ਰਅੰਬਾਰ.

ਏਹੋ ਰੂਪ ਰਾਮ ਕਲੀ ਦੀ ਪਹਿਲੀ ਵਾਰ ਵਿੱਚ ਪਉੜੀ ਦਾ ਆਯਾ ਹੈ, ਯਥਾ :

ਸੱਚੈ ਤਖਤ ਰਚਾਇਆ, ਬੈਸਦ ਕਉ ਜਾਈ,
ਸਭ ਕਿਛੁ ਆਪੇ ਆਪ ਹੈ, ਗੁਰੁਸਬਦਿ ਬੁਝਾਈ. × × ×

ਏਹੋ ਰੂਪ ਚੰਡੀ ਦੀ ਵਾਰ ਵਿੱਚ ਭੀ ਦੇਖੀ ਦਾ ਹੈ, ਯਥਾ :—

ਦੇਖਨ ਚੰਡ ਪ੍ਰਚੰਡ ਨੂੰ, ਰਣ ਘੁਰੇ ਨਗਾਰੇ,
ਧਾਏ ਰਾਕਸ ਰੋਹਲੇ, ਚਉ ਗਿਰਦੋਂ ਭਾਰੇ. × × ×

ਇਕ ਪ੍ਰੇਮੀ ਨੇ ਬਿਕ੍ਰਮੀ ਉਨੀਹਵੀਂ ਸਦੀ ਦੇ ਆਰਭ ਵਿੱਚ "ਗੁਰ ਗੋਬਿੰਦ ਸਿ ਜੀ ਦੀ ਵਾਰ" ਲਿਖੀ ਹੈ, ਉਸ ਵਿਖੇ 7—8 ਅਤੇ 9 ਚਰਨ ਦੀਆਂ ਪੌੜੀਆਂ ਇਸੇ ਵਜ਼ਨ ਦੀਆਂ ਹੈਨ, ਯਥਾ :—

ਜੇਬੁਨਿਸਾ* ਫਿਰ ਆਖਦੀ, ਇਕ ਸੁਖ਼ਨ ਸੁਣਾਯਾ,
ਜਦ ਦਾ ਬੈਠਾ ਤਖਤ ਤੇ, ਕੀ ਅਦਲ ਕਮਾਯਾ ?
ਸ਼ਾਹਜਹਾਂ ਨੂੰ ਕੈਦ ਕਰ, ਦਾਰਾ ਮਰਵਾਯਾ,
ਤੇਗਬਹਾਦਰ ਨਾਲ ਭੀ, ਤੈਂ ਧੋਹ ਕਮਾਯਾ,
ਬੀਜਯਾ ਬੀਉ ਜੁ ਜ਼ਹਿਰ ਦਾ, ਫਲ ਖਾਣਾ ਆਯਾ,
ਅੱਗੈ ਲੇਖਾ ਮੰਗੀਐ, ਭਰ ਲੈਗੁ ਸਵਾਯਾ,
ਸ਼ਾਹ ਅਦਾਲਤ ਨਾ ਕਰੇ, ਫਿਰ ਦੋਜ਼ਖ਼ ਪਾਯਾ,
ਉਮਰਖ਼ਿਤਾਬ† ਅਦਾਲਤੀ, ਬੇਟਾ ਮਰਵਾਯਾ,
ਕੀਤਾ ਅਦਲ ਨੁਸ਼ੇਰਵਾਂ‡, ਜਸ ਜਗ ਵਿਚ ਛਾਯਾ.

ਸਨ 1738 ਈਸਵੀ ਦੇ ਕਰੀਬ "ਨਿਜਾਬਤ" ਕਵੀ ਨੇ ਨਾਦਰਸ਼ਾਹ ਦੀ ਵਾਰ ਲਿਖੀ ਹੈ. ਉਸ ਵਿੱਚ ਭੀ ਇਸ ਵਜ਼ਨ ਦੀਆਂ ਬਹੁਤ ਪੌੜੀਆਂ ਹਨ, ਯਥਾ :—

ਗੁੱਸਾ ਖਾਕੇ ਦੱਖਣੋਂ, ਕਲ ਰਾਣੀ ਜਾਗੀ,
ਅੱਗੇ ਨਾਦਰਸ਼ਾਹ ਦੇ, ਆਈ ਫ਼ਰਯਾਦੀ,
ਤੂੰ ਸੁਣ ਕਿਬਲਾ—ਆਲਮੀ, ਫ਼ਰਯਾਦ ਅਸਾਡੀ. × × ×

12. ਪੰਜ ਚਰਣ, ਪ੍ਰਤਿ ਚਰਣ 24 ਮਾਤ੍ਰਾ. ਪਹਿਲਾ ਵਿਸ਼੍ਰਾਮ 13 ਪਰ, ਦੂਜਾ . 1 ਪਰ, ਅੰਤ ਰਗਣ ऽ।ऽ. ਉਦਾਹਰਣ—

ਆਪੇ ਆਪ ਨਿਰੰਜਨਾ, ਜਿਨ ਆਪ ਉਪਾਇਆ,
ਆਪੇ ਖੇਲ ਰਚਾਇਓਨ, ਸਭ ਜਗਤ ਸਬਾਇਆ. × × ×

[ਵਾਰ ਸਾਰੰਗ]

* زیب النسا ਔਰੰਗਜ਼ੇਬ ਦੀ ਪੁਤ੍ਰੀ.

† ਮੁਸਲਮਾਨਾਂ ਦਾ ਦੂਜਾ ਖ਼ਲੀਫ਼ਾ.

‡ ਨੌਸ਼ੀਰਵਾਂ—ਈਰਾਨ ਦਾ ਪ੍ਰਸਿੱਧ ਨਿਆਯਕਾਰੀ ਬਾਦਸ਼ਾਹ.

13. ਪੰਜ ਚਰਣ, ਪ੍ਰਤਿ ਚਰਣ 24 ਮਾਤ੍ਰਾ. ਪਹਿਲਾ ਵਿਸ਼੍ਰਾਮ 13 ਪਰ, ਦੂਜਾ 11 ਪਰ, ਅੰਤ ਦੋ ਗੁਰੁ. **ਉਦਾਹਰਣ**—

ਹਰਿ ਕਾ ਨਾਮ ਧਿਆਇਕੈ, ਹੋਹੁ ਹਰਿਆ ਭਾਈ, × × ×
ਨਾਨਕ ਸਿਮਰਹੁ ਏਕ ਨਾਮ. ਫਿਰ ਬਹੁਤ ਨ ਧਾਈ.

[ਵਾਰ ਬਸੰਤ]

14. ਅੱਠ ਚਰਣ, ਪ੍ਰਤਿ ਚਰਣ 24 ਮਾਤ੍ਰਾ. ਪਹਿਲਾ ਵਿਸ਼੍ਰਾਮ 13 ਪਰ, ਦੂਜਾ 11 ਪਰ, ਅੰਤ ਗੁਰੁ ਲਘੁ. **ਉਦਾਹਰਣ** —

ਹੇ ਅਚੁਤ ਹੇ ਪਾਰਬ੍ਰਹਮ, ਅਬਿਨਾਸੀ ਅਘਨਾਸ.
ਹੇ ਪੂਰਣ ਹੇ ਸਰਬਮੈ, ਦੁਖਭੰਜਨ ਗੁਣਤਾਸ. × × ×

[ਬਾਵਨਅਖਰੀ]

15. ਛੀ ਚਰਣ, ਪ੍ਰਤਿ ਚਰਣ 25 ਮਾਤ੍ਰਾ. ਪਹਿਲਾ ਵਿਸ਼੍ਰਾਮ 13 ਪਰ, ਦੂਜਾ 12 ਪਰ, ਅੰਤ ਦੋ ਗੁਰੁ. ਏਹ 'ਮੁਕਤਾਮਣਿ'' ਛੰਦ ਦਾ ਰੂਪ ਹੈ. **ਉਦਾਹਰਣ**—

ਘੱਟ ਘਤਾਯਾ ਚੂਹਿਆਂ, ਗਲ ਬਿੱਲੀ ਪਾਈਐ,
ਮਤਾ ਪਕਾਯਾ ਮੱਖੀਆਂ, ਘਿਉ ਅੰਦਰ ਨ੍ਹਾਈਐ × × ×

[ਭਾਈ ਗੁਰੁਦਾਸ ਜੀ, ਵਾਰ 36]

16. ਚਾਰ ਚਰਣ, ਤਿੰਨ ਚਰਣਾਂ ਦੀਆਂ 27 ਮਾਤ੍ਰਾ. 13—14 ਪਰ ਵਿਸ਼੍ਰਾਮ, ਅੰਤ ਦੋ ਗੁਰੁ. ਚੌਥੇ ਚਰਣ ਦੀਆਂ 15 ਮਾਤ੍ਰਾ. ਅੰਤ ਦੋ ਗੁਰੁ. ਉਦਾਹਰਣ—

ਸੁੰਭ ਨਿਸੁੰਭ ਅਲਾਇਆ. ਵਡ ਜੋਧੀਂ ਸੰਘਰਵਾਏ.
ਰੋਹ ਦਿਖਾਲੀ ਦਿਤੀਆ, ਵਰਿਆਮੀ ਤੁਰੇ ਨਚਾਏ, × × ×
ਦੇਉ ਦਾਨੋ ਲੁੱਝਣ ਆਏ.

[ਦਸਮਗ੍ਰੰਥ, ਚੰਡੀ ਦੀ ਵਾਰ]

17. ਅੱਠ ਚਰਣ, ਸੱਤ ਚਰਣ 28 ਮਾਤ੍ਰਾ ਦੇ, 13—15 ਪਰ ਵਿਸ਼੍ਰਾਮ, ਅੰਤ ਗੁਰੁ. ਅੱਠਵੇਂ ਚਰਣ ਦੀਆਂ 17 ਮਾਤ੍ਰਾ, ਅੰਤ ਗੁਰੁ. **ਉਦਾਹਰਣ**—

ਸਾਧੂ ਸਤਜੁਗ ਬੀਤਿਆ, ਅਧਸੀਲੀ ਤ੍ਰੇਤਾ ਆਇਆ,
ਨੱਚੀ ਕੱਲ ਸਰੋਸਰੀ, ਕਲ ਨਾਰਦ ਡੌਰੂ ਵਾਇਆ, × ×
ਪਾਸ ਦੁਰ੍ਗਾ ਦੇ ਇੰਦਰ ਆਇਆ.

[ਦਸਮਗ੍ਰੰਥ, ਚੰਡੀ ਦੀ ਵਾਰ]

18. ਬਾਰਾਂ ਚਰਣ, ਗਜਾਰਾਂ ਚਰਣ 28 ਮਾਤ੍ਰਾ ਦੇ, ਵਿਸ਼੍ਰਾਮ 13—15 ਪਰ, ਬਾਰਵਾਂ ਚਰਣ 15 ਮਾਤ੍ਰਾ ਦਾ. ਅੰਤ ਸਭ ਦੇ ਰਗਣ ऽIऽ. **ਉਦਾਹਰਣ**—

ਬਡੇ ਬਡੇ ਚੁਣ ਸੂਰਮੇ, ਗਹਿ ਕੋਟੀ* ਦਏ ਚਲਾਇਕੈ, × ×
ਰਣ ਕਾਲੀ ਗੁੱਸਾ ਖਾਇਕੈ.

[ਦਸਮਗ੍ਰੰਥ, ਚੰਡੀ ਦੀ ਵਾਰ]

---

*ਕਮਾਣ ਦੇ ਗੋਸ਼ੇ ਨਾਲ ਫੜਕੇ.

19. ਅੱਠ ਚਰਣ, ਸੱਤ ਚਰਣ 29 ਮਾਤ੍ਰਾ ਦੇ, 13—16 ਪਰ ਵਿਸ਼੍ਰਾਮ. ਅੰਤਿਮ ਚਰਣ 16 ਮਾਤ੍ਰਾ ਦਾ, ਅੰਤ ਸਭ ਦੇ ਦੋ ਗੁਰੁ. **ਉਦਾਹਰਣ**—

ਸੁਣੀ ਪੁਕਾਰ ਦਤਾਰ ਪ੍ਰਭੁ,
ਗੁਰੁ ਨਾਨਕ ਜਗ ਮਾਹਿ ਪਠਾਯਾ. × × ×
ਕਲਿ ਤਾਰਣ ਗੁਰੁ ਨਾਨਕ ਆਯਾ.

[ਭਾਈ ਗੁਰੁਦਾਸ ਜੀ, ਵਾਰ 1]

20. ਪੰਜ ਚਰਣ, ਪ੍ਰਤਿ ਚਰਣ 23 ਮਾਤ੍ਰਾ. 14—9 ਪਰ ਵਿਸ਼੍ਰਾਮ, ਅੰਤ ਗੁਰੁ ਲਘੁ. **ਉਦਾਹਰਣ**—

ਕੋਟ ਅਘਾ ਸਭ ਨਾਸ ਹੋਹਿ, ਸਿਮਰਤ ਹਰਿਨਾਉ,
ਮਨਚਿੰਦੇ ਫਲ ਪਾਈਅਹਿ, ਹਰਿ ਕੇ ਗੁਨਗਾਉ, × ×
ਕਰ ਕਿਰਪਾ ਪ੍ਰਭੁ ਰਾਖ ਲੇਹੁ, ਨਾਨਕ ਬਲਿ ਜਾਉ.

[ਵਾਰ ਜੈਤਸਰੀ]

21. ਹਜ਼ਾਰਾਂ ਚਰਣ, ਪ੍ਰਤਿ ਚਰਣ 23 ਮਾਤ੍ਰਾ, 14—9 ਪਰ ਵਿਸ਼੍ਰਾਮ, ਤੁਕ ਦੇ ਮਧ੍ਯ ਦੋ ਗੁਰੁ, ਅਰੁ ਅਨੁਪ੍ਰਾਸ ਦਾ ਮੇਲ, ਤੁਕਾਂਤ ਅਨਮੇਲ. ਏਹ ਸਿਰਖੰਡੀ (ਸ਼੍ਰੀਖੰਡ) ਦਾ ਰੂਪ ਹੈ, **ਉਦਾਹਰਣ**—

ਧੱਗਾਂ ਸੂਲ ਬਜਾਈਆਂ, ਦਲਾਂ ਮੁਕਾਬਲਾ,
ਧੂਹ ਮਿਆਨੋ ਲਾਈਆਂ, ਜੁਆਨੀ ਸੂਰਮੀ. × × ×

[ਦਸਮਗ੍ਰੰਥ, ਚੰਡੀ ਦੀ ਵਾਰ]

22. ਛੀ ਚਰਣ, ਪੰਜ ਚਰਣ 30 ਮਾਤ੍ਰਾ ਦੇ, 14—16 ਪਰ ਵਿਸ਼੍ਰਾਮ. ਅੰਤਿਮ ਚਰਣ 16 ਮਾਤ੍ਰਾ ਦਾ, ਅੰਤ ਸਭ ਦੇ ਮਗਣ ऽऽऽ. **ਉਦਾਹਰਣ**—

ਦਾਨ ਮਹਿੰਡਾ ਤਲੀ ਖਾਕ,
ਜੇ ਮਿਲੈ ਤ ਮਸਤਕ ਲਾਈਐ,
ਕੂੜਾ ਲਾਲਚ ਛਡੀਐ,
ਹੁਇ ਇਕਮਨ ਅਲਖ ਧਿਆਈਐ, × × ×
ਮਤਿ ਥੋੜੀ ਸੇਵ ਗਵਾਈਐ.

[ ਵਾਰ ਆਸਾ ]

23. ਸੱਤ ਚਰਣ, ਛੀ ਚਰਣਾਂ ਦੀਆਂ ਤੀਸ ਤੀਸ ਮਾਤ੍ਰਾ, 14—16 ਪਰ ਵਿਸ਼੍ਰਾਮ, ਅੰਤਿਮ ਤੁਕ 16 ਮਾਤ੍ਰਾਂ ਦੀ, ਅੰਤ ਸਭ ਦੇ ਦੋ ਗੁਰੁ. **ਉਦਾਹਰਣ**—

ਸਤਿਗੁਰ ਸੱਚਾ ਪਾਤਸ਼ਾਹ, ਪਤਸ਼ਾਹਾਂ ਪਤਸ਼ਾਹ ਜੁਹਾਰੀ,
ਸਾਧੁਸੰਗਤਿ ਸਚਖੰਡ ਹੈ, ਆਇ ਝਰੋਖੈ ਖੋਲੈ ਬਾਰੀ, × × ×
ਭਗਤ ਵਛਲ ਹੁਇ ਭਗਤਿ ਭੰਡਾਰੀ.

[ ਭਾਈ ਗੁਰੁਦਾਸ ਜੀ, ਵਾਰ 11 ]

24. ਪੰਜ ਚਰਣ, ਪ੍ਰਤਿ ਚਰਣ 25 ਮਾਤ੍ਰਾ. 15—10 ਪਰ ਵਿਸ਼੍ਰਾਮ, ਅੰਤ ਦੋ ਗੁਰੁ. ਇਹ ਪਉੜੀ "ਸੁਗੀਤਾ" ਛੰਦ ਦਾ ਰੂਪ ਹੈ. **ਉਦਾਹਰਣ**—

ਤੂ ਕਰਤਾ ਆਪ ਅਭੁੱਲ ਹੈਂ, ਭੁੱਲਣ ਵਿਚ ਨਾਹੀਂ,
ਤੂ ਕਰੇਂ ਸੁ ਸੱਚੇ ਭਲਾ ਹੈ, ਗੁਰੁਸਬਦਿ ਸਲਾਹੀ. × × ×

[ ਵਾਰ ਗਉੜੀ 1 ]

25. ਛੀ ਚਰਣ, ਪੰਜ ਚਰਣਾਂ ਦੀਆਂ ਪੱਚੀ ਪੱਚੀ ਮਾਤ੍ਰਾ, 15—10 ਪਰ ਵਿਸ਼੍ਰਾਮ, ਅੰਤਿਮ ਚਰਣ 24 ਮਾਤ੍ਰਾ ਦਾ, 14—10 ਪਰ ਵਿਸ਼੍ਰਾਮ,ਅੰਤ ਸਭ ਦੇ ਦੋ ਗੁਰੁ. **ਉਦਾਹਰਣ**—

ਹਰਿ ਸੱਚੇ ਤਖਤ ਰਚਾਇਆ, ਸਤਸੰਗਤ ਮੇਲਾ,
ਪੀਓ ਪਾਹੁਲ ਖੰਡਧਾਰ, ਹੁਇ ਜਨਮ ਸੁਹੇਲਾ, × × ×
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰੁ ਚੇਲਾ.

[ ਭਾਈ ਗੁਰੁਦਾਸ* ਦੂਜਾ ]

26. ਪੰਜ ਚਰਣ, ਪ੍ਰਤਿ ਚਰਣ 26 ਮਾਤ੍ਰਾ, 15—11 ਪਰ ਵਿਸ਼੍ਰਾਮ ਅੰਤ ਰਗਣ ऽ।ऽ. **ਉਦਾਹਰਣ**—

ਤੂ ਹਰਿ ਪ੍ਰਭ ਆਪ ਅਗੰਮ ਹੈ, ਸਭ ਤੁੱਧ ਉਪਾਇਆ,
ਤੂ ਆਪੇ ਆਪ ਵਰੱਤਦਾ, ਸਭ ਜਗਤ ਸਬਾਇਆ.

[ ਵਾਰ ਬਿਲਾਵਲ ]

27. ਪੰਜ ਚਰਣ, ਤਿੰਨ ਚਰਣਾਂ ਦੀਆਂ ਇਕੱਤੀ ਇਕੱਤੀ ਮਾਤ੍ਰਾ, 15—16 ਪਰ ਵਿਸ਼੍ਰਾਮ, ਅੰਤ ਦੇ ਦੋ ਚਰਣਾਂ ਦੀਆਂ ਚਾਲੀਹ ਚਾਲੀਹ ਮਾਤ੍ਰਾ, 22—18 ਪਰ ਵਿਸ਼੍ਰਾਮ, ਅੰਤ ਸਭ ਦੇ ਮਗਣ ऽऽऽ. **ਉਦਾਹਰਣ** –

ਤੂ ਆਪੇ ਹੀ ਸਿਧ ਸਾਧਕੋ, ਤੂ ਆਪੇ ਹੀ ਜੁਗ ਜੋਗੀਆ,
ਸਭ ਕਹਹੁ ਮੁਖਹੁ ਹਰਿ ਹਰ ਹਰੇ ਹਰਿ ਹਰ ਹਰੇ, × × ×
ਹਰਿ ਬੋਲਤ ਸਭ ਪਾਪ ਲਹੋਗੀਆ.

[ ਵਾਰ ਕਾਨੜਾ ]

28. ਪੰਜ ਚਰਣ. ਪ੍ਰਤਿ ਚਰਣ 1 ਮਾਤ੍ਰਾ, 16—15 ਪਰ ਵਿਸ਼੍ਰਾਮ, ਅੰਤ ਰਗਣ ऽ।ऽ. ਇਹ ਪਉੜੀ "ਬੀਰ" ਛੰਦ ਦਾ ਹੀ ਇੱਕ ਰੂਪ ਹੈ, ਇਸ ਵਿੱਚ ਗੁਰੁ ਲਘੁ ਦੀ ਥਾਂ ਰਗਣ ਹੈ. **ਉਦਾਹਰਣ**—

ਪੰਚੇ ਸਬਦ ਵਜੇ ਮਤਿ ਗੁਰਮਤਿ,
    ਵਡਭਾਗੀ ਅਨਹਦ ਵੱਜਿਆ,
ਅਨਦ ਮੂਲ ਰਾਮ ਸਭ ਦੇਖਿਆ,
    ਗੁਰੁਸਬਦੀ ਗੋਬਿੰਦ ਗੱਜਿਆ × × ×

[ ਵਾਰ ਕਾਨੜਾ ]

---

*ਇਹ ਪ੍ਰੇਮੀ ਸਿੱਖ ਸ਼੍ਰੀ ਮਾਨ ਭਾਈ ਗੁਰੁਦਾਸ ਜੀ ਤੋਂ ਭਿੰਨ ਹੈ. ਇਸ ਨੇ ਇੱਕ ਵਾਰ ਰਚਕੇ ਭਾਈ ਸਾਹਿਬ ਦੀ 40 ਵਾਰਾਂ ਦੇ ਪਿੱਛੇ, 41 ਵੀਂ ਜੋੜ ਦਿੱਤੀ ਹੈ.

29. ਸੱਤ ਚਰਣ, ਛੀ ਚਰਣਾਂ ਦੀਆਂ ਬਤੀਹ ਬਤੀਹ ਮਾਤ੍ਰਾ 16—16 ਪਰ ਵਿਸ਼੍ਰਾਮ, ਅੰਤਿਮ ਚਰਣ 16 ਮਾਤ੍ਰਾ ਦਾ, ਅੰਤ ਸਭ ਦੇ ਦੋ ਗੁਰੁ. **ਉਦਾਹਰਣ—**

ਬਲਿਹਾਰੀ ਤਿੰਨ੍ਹਾਂ ਗੁਰੁਸਿੱਖਾਂ,
ਜਾਇ ਜਿਨ੍ਹਾ ਗੁਰੁਦਰਸ਼ਨ ਡਿੱਠਾ,
ਬਲਿਹਾਰੀ ਤਿੰਨ੍ਹਾਂ ਗੁਰੁਸਿੱਖਾਂ,
ਪੈਰੀਂ ਪੈ ਗੁਰੁਸਭਾ ਬਹਿੱਠਾ, × ×
ਗੁਰਮੁਖ ਮਿਲਿਆਂ ਪਾਪ ਪਣਿੱਠਾ.

[ ਭਾਈ ਗੁਰੁਦਾਸ ਜੀ, ਵਾਰ 12 ]

30. ਪੰਜ ਚਰਣ, ਇਹ ਪਉੜੀ ਵਿਖਮ ਦੰਡਕ ਹੈ, ਪਹਿਲੇ ਚਰਣ ਦੀਆਂ 46 ਮਾਤ੍ਰਾ, ਦੂਜੇ ਦੀਆਂ 30, ਤੀਜੇ ਦੀਆਂ 75, ਚੌਥੇ ਦੀਆਂ 59 ਅਤੇ ਪੰਜਵੇਂ ਦੀਆਂ 46. ਅੰਤ ਸਭ ਦੇ ਦੋ ਗੁਰੁ. **ਉਦਾਹਰਣ —**

ਜਿਤਨੇ ਪਾਤਸਾਹ ਸਾਹ ਰਾਜੇ ਖਾਨ ਉਮਰਾਵ,
ਸਿਕਦਾਰ ਹਹਿ, ਤਿਤਨੇ ਸ਼ਭਿ ਹਰਿ ਕੇ ਕੀਏ,
ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ
ਸਭਿ ਹਰਿ ਕੇ ਅਰਥੀਏ,
ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਗੁਰੁ ਕੈ ਵਲ ਹੈ
ਤਿਨ ਸਭ ਵਰਣ ਚਾਰੇ ਖਾਣੀ ਸਭ ਸ੍ਰਿਸਟ ਗੋਲੇ ਕਰ
ਸਤਿਗੁਰੁ ਅਗੈ ਕਾਰ ਕਮਾਵਣ ਕਉ ਦੀਏ. × × ×

[ ਵਾਰ ਬਿਲਾਵਲ ]

## ਪੱਟੀ

ਏਹ ਕੋਈ ਛੰਦ ਨਹੀਂ. ਜੈਸੇ "ਸਿਹਰਫ਼ੀ" ਅਤੇ "ਪੈਂਤੀਸ ਅੱਖਰੀ" ਆਦਿਕ ਪਦ, ਵਰਣਮਾਲਾ ਦੀ ਵਯਾਖਯਾ ਰੂਪ ਕਾਵਯ ਦੇ ਬੋਧਕ ਹੈਨ, ਤੈਸੇ ਹੀ ਪੱਟੀ (ਤਖ਼ਤੀ) ਪਰ ਜੋ ਬਾਲਕ ਵਰਣਮਾਲਾ ਲਿਖਦੇ ਹਨ, ਉਨ੍ਹਾਂ ਦਾ ਅਰਥਬੋਧਕ ਰਚਨਾ "ਪੱਟੀ" ਸਦਾਂਉਦੀ ਹੈ. ਛੰਦ ਚਾਹੋ ਉਸ ਕਾਵ੍ਯ ਦਾ ਕਿਸੇ ਜਾਤਿ ਦਾ ਹੋਵੇ.

ਦੇਖੋ, ਆਸਾ ਰਾਗ ਵਿਖੇ ਤਾਟੰਕ ਦਾ ਰੂਪਾਂਤਰ ਰਚਨਾ, ਜਿਸ ਦਾ ਸਿਰਲੇਖ ਪਟੀ ਹੈ :—

ਊੜੈ ਉਪਮਾ ਤਾਕੀ ਕੀਜੈ ਜਾਕਾ ਅੰਤ ਨ ਪਾਇਆ,
ਸੇਵਾ ਕਰਹਿ ਸੇਈ ਫਲ ਪਾਵਹਿ ਜਿਨੀ ਸੱਚੁ ਕਮਾਇਆ. × × ×

## ਪਦ

ਤੁਕ ਅਥਵਾ ਚਰਣ ਦਾ ਨਾਮ "ਪਦ"* ਹੈ, ਪਰੰਤੂ ਏਹ ਪਦ (ਸ਼ਬਦ) ਛੰਦ ਦੇ

*ਕਰਤਾ ਕਰਮ ਕ੍ਰਿਯਾ ਵਾਚਕ ਸ਼ਬਦ ਇਕਤ੍ਰ ਹੋਏ ਪਦ ਕਹਾਂਉਂਦੇ ਹਨ.

ਅਰਥ ਵਿਚ ਭੀ ਵਰਤੀਦਾ ਹੈ. ਜੋ ਕਾਵਜ, ਵਰਣ ਗਣ ਮਾਤ੍ਰਾ ਦੇ ਨਿਯਮ ਵਿੱਚ ਆਜਾਵੇ, ਉਸ ਦੀ "ਪਦ" ਸੰਗਜ਼ਾ ਹੈ. ਪਰੰਤੂ ਕਵੀਆਂ ਨੇ ਵਿਸ਼ਨੁਪਦ ਦੀ ਥਾਂ "ਪਦ" ਸ਼ਬਦ ਵਿਸ਼ੇਸ਼ ਵਰਤਿਆ ਹੈ, ਅਰੁ ਇਸ ਸਿਰਲੇਖ ਹੇਠ ਅਨੇਕ ਜਾਤਿ ਦੇ ਛੰਦ ਰਚੇ ਹਨ.

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸ਼ਬਦ ਇਸ ਧਾਰਣਾ ਦੇ ਦੇਖੀਦੇ ਹਨ. ਸੂਰਦਾਸ ਆਦਿਕ ਪ੍ਰਸਿੱਧ ਕਵੀਆਂ ਨੇ ਬਹੁਤ ਪਦਰਚਨਾ ਰਚੀ ਹੈ, ਇਸ ਛੰਦ ਦਾ ਪਹਿਲਾ ਚਰਣ ਅਕਸਰ ਛੋਟਾ ਹੁੰਦਾ ਹੈ,* ਅਰੁ ਬਾਕੀ ਪਦਾਂ ਦੀ ਗਿਣਤੀ ਦਾ ਨਿਯਮ ਨਹੀਂ. ਕੁਛ ਰੂਪ ਇਸ ਥਾਂ ਦਿਖਾਂਉਨੇ ਹਾਂ, ਉਨ੍ਹਾਂ ਤੋਂ ਪਾਠਕਾਂ ਨੂੰ ਪੂਰਾ ਗਜ਼ਾਨ ਹੋਵੇਗਾ :—

1. ਦਸ ਚਰਣ, ਪਹਿਲੇ ਚਰਣ ਦੀਆਂ 16 ਮਾਤ੍ਰਾ, ਬਾਕੀ ਚਰਣਾਂ ਦੀਆਂ ਅਠਾਈ ਅਠਾਈ ਮਾਤ੍ਰਾ, 16—12 ਪਰ ਵਿਸ਼੍ਰਾਮ, ਅੰਤ ਦੋ ਗੁਰੂ.† **ਉਦਾਹਰਣ**—

ਅਪਨੇ ਠਾਕੁਰ ਕੀ ਹਉ ਚੇਰੀ,
ਚਰਨ ਗਹੇ ਜਗਜੀਵਨ ਪ੍ਰਭੁ ਕੇ, ਹਉਮੈ ਮਾਰ ਨਿਬੇਰੀ,
ਪੂਰਨ ਪਰਮਜੋਤਿ ਪਰਮੇਸੁਰ, ਪ੍ਰੀਤਮ ਪ੍ਰਾਨ ਹਮਾਰੇ,
ਮੋਹਨ ਮੋਹ ਲਿਆ ਮਨ ਮੇਰਾ, ਸਮਝਸਿ ਸਬਦ ਬਿਚਾਰੇ,
ਮਨਮੁਖ ਹੀਨ ਹੋਛੀ ਮਤ ਝੂਠੀ, ਮਨ ਤਨ ਪੀਰ ਸਰੀਰੇ,
ਜਬ ਕੀ ਰਾਮ ਰੰਗੀਲੈ ਰਾਤੀ, ਰਾਮ ਜਪਤ ਮਨ ਧੀਰੇ,
ਹਉਮੈ ਛੋਡ ਭਈ ਬੈਰਾਗਨਿ (ਤਬ) ਸਾਚੀ ਸੁਰਤ ਸਮਾਨੀ,
ਅਕੁਲ ਨਿਰੰਜਨ ਸਿਉ ਮਨ ਮਾਨਿਆ, ਬਿਸਰੀ ਲਾਜ ਲੁਕਾਨੀ,
ਭੂਰ ਭਵਿਖ ਨਹੀ ਤੁਮ ਜੈਸੇ, (ਮੇਰੇ) ਪ੍ਰੀਤਮ ਪ੍ਰਾਨ ਅਧਾਰਾ,
ਹਰਿ ਕੇ ਨਾਮ ਰਤੀ ਸੋਹਾਗਿਨ, ਨਾਨਕ ਰਾਮ ਭਤਾਰਾ.

[ ਸਾਰੰਗ ਮਹਲਾ ]

2. ਛੀ ਚਰਣ, ਪਹਿਲੇ ਚਰਣ ਵਿਖੇ 14 ਮਾਤ੍ਰਾ, ਪੰਜ ਚਰਣਾਂ ਦੀਆਂ ਅਠਾਈ ਅਠਾਈ ਮਾਤ੍ਰਾ, 16—12 ਪਰ ਵਿਸ਼੍ਰਾਮ, ਅੰਤ ਸਭ ਦੇ ਦੋ ਗੁਰੂ.‡ **ਉਦਾਹਰਣ**—

ਪ੍ਰਭੁ ਸਿਮਰਤ ਦੂਖ ਬਿਨਾਸੀ,
ਭਯੋ ਕ੍ਰਿਪਾਲ ਜੀਅ ਸੁਖਦਾਤਾ,
ਹੋਈ ਸਗਲ ਖਲਾਸੀ,
ਅਵਰੁ ਨ ਕੋਈ ਸੂਝੈ ਪ੍ਰਭੁ ਬਿਨ,
ਕਹੁ ਕੋ ਕਿਸ ਪਹਿ ਜਾਸੀ ?
ਜਿਉਂ ਜਾਨਉ ਤਿਉ ਰਾਖਹੁ ਠਾਕੁਰ !

---

*ਇਹ ਛੋਟਾ ਚਰਣ ਗਾਉਣ ਦੀ ਧਾਰਣਾ ਅਨੁਸਾਰ (ਰਹਾਉ) ਹੈ.
†ਪਿਛਲੇ 28 ਮਾਤ੍ਰਾ ਦੇ ਚਰਣ ਸਾਰ ਛੰਦ ਦਾ ਰੂਪ ਹੈਨ.
‡ਪਿਛਲੇ ਚਰਣ ਸਾਰ ਛੰਦ ਦਾ ਰੂਪ ਹੈਨ.

ਸਭ ਕਿਛੁ ਤੁਮਹੀ ਪਾਸੀ,
ਹਾਥ ਦੇਇ ਰਾਖੇ ਪ੍ਰਭੁ ਅਪਨੇ,
ਸਦ ਜੀਵਨ ਅਬਿਨਾਸੀ,
ਕਹੁ ਨਾਨਕ ਮਨ ਅਨਦ ਭਯਾ ਹੈ,
ਕਾਟੀ ਜਮ ਕੀ ਫਾਸੀ.

[ ਸਾਰੰਗ ਮਹਲਾ 5 ]

3. ਚਾਰ ਚਰਣ, ਪਹਿਲੇ ਚਰਣ ਦੀਆਂ 19 ਮਾਤ੍ਰਾ, ਤਿੰਨ ਚਰਣਾਂ ਦੀ ਛਿਆਲੀ ਛਿਆਲੀ ਮਾਤ੍ਰਾ, ਬਾਰਾਂ ਬਾਰਾਂ ਪਰ ਤਿੰਨ ਵਿਸ਼੍ਰਾਮ ਅਨੁਪ੍ਰਾਸ ਸਹਿਤ, ਚੌਥਾ ਵਿਸ਼੍ਰਾਮ 10 ਪਰ, ਅੰਤ ਗੁਰੁ. ਇਹ ਪਿਛਲੇ ਚਰਣ "ਹਰਿਪ੍ਰਿਯਾ" ਛੰਦ ਦਾ ਰੂਪ ਹੈਨ. **ਉਦਾਹਰਣ**—

ਰਾਮ ਭਜ ਰਾਮ ਭਜ ਜਨਮ ਸਿਰਾਤ ਹੈ,
ਕਹਉ ਕਹਾਂ ਬਾਰ ਬਾਰ, ਸਮਝਤ ਨਹਿ ਕਿਉ ਗਵਾਰ,
ਬਿਨਸਤ ਨਹਿ ਲਗੈ ਬਾਰ, ਓਰੇ* ਸਮ ਗਾਤ ਹੈ,
ਸਗਲ ਭਰਮ ਡਾਰ ਦੇਹ, ਗੋਬਿੰਦ ਕੋ ਨਾਮ ਲਹ,
ਅੰਤਬਾਰ ਸੰਗ ਤੇਰੈ, ਇਹੈ ਏਕ* ਜਾਤ ਹੈ.
ਬਿਖਿਆ ਬਿਖ ਜਿਉ ਇਸਾਰ, ਪ੍ਰਭੁ ਕੋ ਜਸ ਹਿਯੇ ਧਾਰ,
ਨਾਨਕ ਜਨ ਕਹਿ ਪੁਕਾਰ, ਅਉਸਰ ਬਿਹਾਤ ਹੈ.

[ ਜੈਜਾਵੰਤੀ ਮ: 9 ]

4. ਅੱਠ ਚਰਣ, ਪਹਿਲੇ ਚਰਣ ਦੀਆਂ 16 ਮਾਤ੍ਰਾ, ਸੱਤ ਚਰਣਾਂ ਦੀਆਂ ਅਠਾਈ ਅਠਾਈ ਮਾਤ੍ਰਾ. 16—12 ਪਰ ਵਿਸ਼੍ਰਾਮ, ਅੰਤ ਸਭ ਦੇ ਦੋ ਗੁਰੁ.† **ਉਦਾਹਰਣ**—

ਰੇ ਮਨ ਇਹ ਬਿਧਿ ਜੋਗ ਕਮਾਓ,
ਸਿੰਙੀ ਸਾਚ ਅਕਪਟ ਕੰਠਲਾ, ਧਯਾਨ ਬਿਭੂਤ ਚੜਾਓ,
ਤਾਂਤੀ ਗਹੁ ਆਤਮ ਬਸਿਕਰ ਕੀ, ਭਿੱਛਾ ਨਾਮ ਅਧਾਰੰ,
ਬਾਜੈ ਪਰਮ ਤਾਰ ਤਤੁ ਹਰਿ ਕੋ, ਉਪਜੈ ਰਾਗ ਰਸਾਰੰ,
ਉਘਟੈ ਤਾਨ ਤਰੰਗ ਰੰਗ ਅਤਿ, ਗ੍ਯਾਨ ਗੀਤ ਬੰਧਾਨੰ,
ਚਕ ਚਕ ਰਹੈਂ ਦੇਵ ਦਾਨਵ ਮੁਨਿ, ਛਕ ਛਕ ਬਯੋਮ ਬਿਵਾਨੰ.
ਆਤਮ ਉਪਦੇਸ ਭੇਸ ਸੰਜਮ ਕੋ ਜਾਪ ਸੁ ਅਜਪਾ ਜਾਪੈ,
ਸਦਾ ਰਹੈ ਕੰਚਨ ਸੀ ਕਾਯਾ, ਕਾਲ ਨ ਕਬਹੂ ਬਯਾਪੈ.

[ ਹਜ਼ਾਰੇ ਸ਼ਬਦ, ਪਾਤਸ਼ਾਹੀ 10 ]

5. ਅੱਠ ਚਰਣ, ਪਹਿਲ ਚਰਣ ਦੀਆਂ 14 ਮਾਤ੍ਰਾ, ਸੱਤ ਚਰਣਾਂ ਦੀਆਂ ਚੌਬੀਹ ਚੌਬੀਹ ਮਾਤ੍ਰਾ. 14—10 ਪਰ ਵਿਸ਼੍ਰਾਮ, ਅੰਤ ਸਭ ਦੇ ਗੁਰੁ ਲਘੁ.‡ **ਉਦਾਹਰਣ**—

---

*ਓਰੇ ਪਦ ਦੀ ਰੇ ਅਤੇ ਏਕ ਪਦ ਦੀ ਏ ਦੁਰੁਸਤ ਪੜ੍ਹਨੀਆਂ ਚਾਹੀਯੇ.
†ਪਿਛਲੇ ਚਰਣ "ਸਾਰ" ਛੰਦ ਦਾ ਰੂਪ ਹੈਨ.
‡ਛੋਟੇ ਚਰਣ ਨੂੰ ਛੱਡ ਕੇ ਪਿਛਲੇ ਸਭ ਚਰਣ "ਰੂਪਮਾਲਾ" ਛੰਦ ਦਾ ਰੂਪ ਹੈਨ.

ਕੇਵਲ ਕਾਲਈ ਕਰਤਾਰ,
ਆਦਿ ਅੰਤ ਅਨੰਤ ਮੂਰਤਿ, ਗਢਨ ਭੰਜਨ ਹਾਰ,
ਨਿੰਦ ਉਸਤਤਿ ਜੌਨ ਕੈ ਸਮ; ਸਤ੍ਰ ਮਿਤ੍ਰ ਨ ਕੋਇ,
ਕੌਨ ਬਾਟ ਪਰੀ ਤਿਸੈ ਪਥ,‡ਸਾਰਥੀ ਰਥ ਹੋਇ ?
ਤਾਤ ਮਾਤ ਨ ਜਾਤਿ ਜਾਕਰ, ਪੁਤ੍ਰ ਪੌਤ੍ਰ ਮੁਕੰਦ,
ਕੌਨ ਕਾਜ ਕਹਾਹਿਗੇ ਤੇ, ਆਨ ਦੇਵਕਿ ਨੰਦ ?
ਦੇਵ ਦੈਤ ਦਿਸਾ ਵਿਸਾ ਜਿਹ, ਕੀਨ ਸਰਬ ਪਸਾਰ,
ਕੌਨ ਉਪਮਾ ਤੌਨ ਕੋ ਮੁਖ, ਲੇਤ ਨਾਮ ਮੁਰਾਰ ?

[ਹਜ਼ਾਰੇ ਸ਼ਬਦ, ਪਾਤਸ਼ਾਹੀ 10]

6. ਅੱਠ ਚਰਣ, ਪਹਿਲੇ ਚਰਣ ਦੀਆਂ 15 ਮਾਤ੍ਰਾ, ਦੂਜੇ, ਸੱਤਵੇਂ ਅਰ ਅੱਠਵੇਂ ਚਰਣ ਦੀਆਂ ਸਤਾਈ ਸਤਾਈ ਮਾਤ੍ਰਾ, 16—11 ਪਰ ਵਿਸ਼੍ਰਾਮ ਅੰਤ ਦੋਹਾਂ ਦੇ ਗੁਰੁ ਲਘੁ. ਤੀਜੇ, ਚੌਥੇ, ਪੰਜਵੇਂ ਅਰੁ ਛੀਵੇਂ ਚਰਣ ਦੀਆਂ ਅਠਾਈ ਅਠਾਈ ਮਾਤ੍ਰਾ, 16—12 ਪਰ ਵਿਸ਼੍ਰਾਮ, ਚੋਹਾਂ ਦੇ ਅੰਤ ਦੋ ਗੁਰੁ. **ਉਦਾਹਰਣ**—

ਇਕ ਬਿਨ ਦੂਸਰ ਸੋ ਨ ਚਿਨਾਰ,
ਭੰਜਨ ਗਢਨ ਸਮਰਥ ਸਦਾ ਪ੍ਰਭੁ, ਜਾਨਤ ਹੈਂ ਕਰਤਾਰ,
ਕਹਾਂ ਭਯੋ ਜੋ ਅਤਿ ਹਿਤ ਚਿਤ ਕਰ, ਬਹੁ ਬਿਧਿ ਸਿਲਾਂ ਪੁਜਾਈ ?
ਪਾਨ ਥਕੇ ਪਾਹਨ ਕਰ ਪਰਸਤ, ਕਛੁ ਕਰ ਸਿੱਧਿ ਨ ਆਈ.
ਅੱਛਤ ਧੂਪ ਦੀਪ ਅਰਪਤ ਹੈ, ਪਾਹਨ ਕਛੂ ਨ ਖੈਹੈ,
ਤਾਮੇ ਕਹਾ ਸਿੱਧਿ ਹੈ ਰੇ ਜੜ ! ਤੋਹਿ ਕਹਾਂ ਬਰ ਦੈਹੈ ?
ਜੌ ਜਿਯ ਹੋਤ ਦੇਤ ਕਛ ਤੁਹਿ ਕਰ, ਮਨ ਬਚ ਕਰਮ ਬਿਚਾਰ,
ਕੇਵਲ ਏਕ ਸਰਣ ਸੁਆਮੀ ਬਿਨ, ਯੌ ਨਹਿ ਕਤਹਿ ਉਧਾਰ.

[ਹਜ਼ਾਰੇ ਸ਼ਬਦ, ਪਾਤਸ਼ਾਹੀ 10]

7. ਅੱਠ ਚਰਣ, ਪਹਿਲੇ ਚਰਣ ਦੀਆਂ 15 ਮਾਤ੍ਰਾ, ਸੱਤ ਚਰਣਾਂ ਦੀਆਂ ਛੱਬੀ ਛੱਬੀ ਮਾਤ੍ਰਾ, 16—10 ਪਰ ਵਿਸ਼੍ਰਾਮ, ਅੰਤ ਲਘੁ ਗੁਰੁ. **ਉਦਾਹਰਣ**—

ਕਰਮਗਤਿ ਟਾਰਿਹੁੰ ਨਾਹਿ ਟਰੇ,
ਕੱਹ ਵਹ ਰਾਹੁ ਕਹਾਂ ਵੇ ਰਵਿ ਸਸਿ, ਆਨ ਸੱਜੋਗ ਪਰੇ,
ਗੁਰ ਵਸ਼ਿਸ਼੍ਟ ਪੰਡਿਤ ਅਤਿ ਗਯਾਨੀ, ਰਚ ਪਚ ਲਗਨਧਰੇ,
ਪਿਤਾ ਮਰਣ ਅਰ ਹਰਣ ਸਿਯਾ ਕੋ, ਬਨ ਮੇਂ ਵਿਪਤਿ ਭਰੇ,
ਭਾਰਤ ਮੇ ਭਰੁਹੀ* ਕੇ ਅੰਡਾ, ਘੰਟਾ ਟੂਟ ਪਰੇ,
ਹਰਿਸ਼ਚੰਦ੍ਰ ਸੇ ਦਾਨੀ ਰਾਜਾ, ਨੀਚਹਿੰ ਪਾਨਿ ਪਰੇ,

‡ਪਾਰਥ. ਅਰਜੁਨ.
*ਟਟੀਹਰੀ.

ਤੀਨ ਲੋਕ ਭਾਵੀ ਕੇ ਵਸ਼ਿ ਮੇ, ਸੁਰਨਰ ਦੇਹ ਧਰੇ,
ਸੂਰਦਾਸ ਹੋਨੀ ਸੁਇ ਹ੍ਵੈ ਹੈ, ਕਾਹੇ ਸੋਚ ਕਰੇ?

[ਸੂਰਸਾਗਰ]

8. ਅਠਾਰਾਂ ਚਰਣ, ਪਹਿਲੇ ਚਰਣ ਦੀਆਂ 15 ਮਾਤ੍ਰਾ. ਸਤਾਰਾਂ ਦੀਆਂ ਇਕਤੀਹ ਇਕਤੀਹ ਮਾਤ੍ਰਾ, 16—15 ਪਰ ਵਿਸ਼੍ਰਾਮ, ਅੰਤ ਗੁਰੁ ਲਘੁ.† **ਉਦਾਹਰਣ**—

ਸਭਿ ਮਿਲ ਕੀਜੈ ਮੰਗਲ ਚਾਰ,
ਪ੍ਰਗਟੵੋ ਸ਼੍ਰੀ ਗੁਰੁ ਨਾਨਕ ਸ੍ਵਾਮੀ,
ਜਗ ਜੀਵਨ ਕੇ ਹੇਤ ਉਧਾਰ,
ਪ੍ਰੇਮਭਕ੍ਤਿ, ਪ੍ਰਭੁਨਾਮ ਅਰਾਧਨ,
ਸਤੵ ਛਿਮਾ ਹਰਿ ਗੵਾਨ ਵਿਚਾਰ.
ਮਿਤ੍ਰਭਾਵ ਸਭ ਕੋ ਸ਼ੁਭਚਿੰਤਨ,
ਇਤੵਾਦਿਕ ਗੁਣ ਕਿਯ ਪਰਿਚਾਰ.
ਅਨਿਕ ਦੇਵ ਦੇਵੀ ਕੋ ਸੇਵਤ,
ਦੀਨੋ ਜਿਨ ਮਨ ਪ੍ਰਭੂ ਵਿਸਾਰ.
ਤੵਾਗ ਸੁਮਾਰਗ ਪਰੇ ਕੁਮਾਰਗ,
ਤਿਨ ਕੋ ਸਿਖ੍ਯਾ ਅਨਿਕ ਪ੍ਰਕਾਰ—
ਦੇਇ, ਯਥਾਰਥ ਗੵਾਨ ਪ੍ਰਬੋਧੵੋ,
ਏਕ ਉਪਾਸੵ ਕਿਯੋ ਨਿਰਧਾਰ.
ਸ੍ਵਾਰਥ ਤੵਾਗ ਪਰਾਰਥ ਕੇਵਲ,
ਦੇਸ਼ ਦੇਸ਼ ਮਹਿ ਚਰਣਨ ਧਾਰ,
ਜਗਤਨਾਥ ਕੀ ਆਗੵਾ ਪਾਲਨ,—
ਹੇਤ ਸਹੇ ਤਨ ਕਸ਼੍ਟ ਅਪਾਰ.
ਜਾਤਿ ਵਰਣ ਕੁਲ ਕੇ ਅਭਿਮਾਨੀ,
ਕਰਮਕਾਂਡ ਕੇ ਕਰਨੈਹਾਰ,
ਗੁਰੁਉਪਦੇਸ਼ ਸ਼੍ਰਵਣ ਤੇਂ ਹੋਏ,
ਗੁਰੁਮੁਖ ਗੁਰੁਸਿਖ ਆਪ ਨਿਵਾਰ.
ਤੇ ਨਹ ਮਹਾਂ ਕ੍ਰਿਤਘ੍ਨ ਪਾਤਕੀ,
ਮਾਨਤ ਨਾਹਿ ਗੁਰੂ ਉਪਕਾਰ,
ਹੋਇ ਵਿਮੁਖ ਭਟਕਤ ਹੈਂ ਇਤ ਉਤ,
ਤੵਾਗ ਸਾਰ ਕੋ ਗਹਿਤ ਅਸਾਰ.
ਸ਼੍ਰੀ ਯੁਤ ਮੇਰੇ ਪੵਾਰੇ ਭਾਈ!

†31 ਮਾਤ੍ਰਾ ਦੇ ਪਦ "ਬੀਰ" ਸਵੈਯੇ ਦਾ ਰੂਪ ਹੈਨ.

ਗੁਰੂ ਗ੍ਰੰਥ ਇਮ ਕਰਤ ਉਚਾਰ,—
ਜਿਨ ਗੁਰੁ ਨਾਨਕ ਸੁਣਿਆ ਪੇਖ੍ਯਾ
ਪਰਤ ਨ ਸੋ ਧੁਨ ਗਰਭ ਮਝਾਰ,
ਯਾਂਤੇ ਗਹੋ ਸ਼ਰਣ ਇਕਮਨ ਹ੍ਵੈ,
ਕਰੋ ਨ ਤਨਿਕਮਾਤ੍ਰ ਹੂੰ ਵਾਰ,
ਮਾਨੁਸ਼ ਜਨਮ ਸਫਲ ਕਰ ਜਾਓ,
ਜਨਮ ਨ ਪਾਓ ਬਾਰੰਬਾਰ,
ਹਰਿਵ੍ਰਿਜੇਸ ਸਾਚੇ ਗੁਰੁ ਊਪਰ,
ਮਨ ਤਨ ਧਨ ਕੀਜੈ ਬਲਿਹਾਰ.

9. ਅਠਾਰਾਂ ਚਰਣ. ਪਹਿਲੇ ਚਰਣ ਦੀਆਂ 16 ਮਾਤ੍ਰਾ. ਸਤਾਰਾਂ ਚਰਣਾਂ ਦੀਆਂ ਬਤੀਹ ਬਤੀਹ ਮਾਤ੍ਰਾ, 16—16 ਪਰ ਵਿਸ਼੍ਰਮ, ਅੰਤ ਦੋ ਗੁਰੁ. **ਉਦਾਹਰਣ—**

ਸ੍ਰੀ ਕਲਗੀਧਰ ਕੇ ਗੁਨ ਗਾਓ,
ਮਾਨੁਸ਼ ਜਨਮ ਸਫਲ ਕਰਬੇ ਹਿਤ,
ਸੁਭ ਸਿਖ੍ਯਾ ਮਨ ਮਾਹਿ ਬਸਾਓ,
ਵਿਭਚਾਰਨਿ ਕੁਲਟਾ ਜਯੋਂ ਪਤਿ ਕੋ,
ਤਯਾਗ ਨ ਇਤ ਉਤ ਚਿਤ ਭਟਕਾਓ,
ਦੋਨਹੁ ਲੋਗਨ ਮੇ ਸੁਖਦਾਯਕ,
ਪਤੀਵ੍ਰਤਾ ਕੀ ਪਦਵੀ ਪਾਓ.
ਪਾਨ ਕਰੋ ਖੰਡੇ ਕੋ ਅੰਮ੍ਰਿਤ,
ਗੁਰੁ ਸਿੱਖੀ ਕੀ ਰਹਿਤ ਕਮਾਓ,
ਨਮਕਹਲਾਲ ਹੋਯਕੈ ਰਣਮੇ,
ਸ਼ਤ੍ਰੁ ਕੋ ਨਹਿ ਪੀਠ ਦਿਖਾਓ.
ਅਨਯਮਤਿੰਨ ਕੇ ਜਾਲ ਮਾਂਹਿ ਫਸ,
ਗੁਰੁਉਪਕਾਰਨ ਨਾਹਿ ਭੁਲਾਓ,
ਜਿਨ ਚਿਰਿਅਨ ਤੇ ਬਾਜ ਚਿਰਾਯੇ,
ਵਾਂਕੇ ਪਾਵਨ ਪਗ ਲਪਟਾਓ.
ਪਰਮ ਉੱਚ ਪਦਵੀ ਕੋ ਪਾਕਰ,
ਅਧੋਗਤੀ ਕੋ ਭੂਲ ਨ ਜਾਓ,
ਨਾਮ ਦਾਨ ਇਸਨਾਨ ਮਾਹਿ ਰੁਚਿ,
ਧਰਮ ਕਿਰਤ ਕਰ ਛਕੋ ਛਕਾਓ,
ਕਰ ਯਾਚਨਾ ਦੀਨਤਾ ਕਬਹੂੰ,
ਸਿੰਘਭੇਸ਼ ਕੋ ਲਾਜ ਨ ਲਾਓ.
ਬਰਮ ਖ਼ਾਲਿਸਾ ਕੇ ਹ੍ਵੈ ਪ੍ਰੇਮੀ,

ਗੁਰੁਰੀਤੀ ਸਦ ਕਰੋ ਕਰਾਓ,
ਹੋਯ ਸੁਪੂਤ ਦਸਮ ਗੁਰੁ ਕੇ ਤੁਮ,
ਪਰਮਪਿਤਾ ਕੇ ਮਨ ਕੋ ਭਾਓ.
ਆਪਸ ਮੇ ਸਮ ਸਗੇ ਸਹੋਦਰ,
ਭ੍ਰਾਤ੍ਰਿਭਾਵ ਕੋ ਨਿਤ੍ਯ ਬਢਾਓ,
ਬਨਕੈ ਗੁਰੂ ਮਾਨ ਲਾਲਚ ਵਸ਼ਿ,
ਪੈਰ ਆਪਨੇ ਨਾਹਿ ਪੁਜਾਓ,
ਗੁਰੁਬਾਨੀ ਮੇ ਪ੍ਰੀਤਿ ਧਾਰਕੈ,
ਸਤ੍ਯੁਪਦੇਸ਼ ਸਦੈਵ ਕਮਾਓ.
ਹੇ ਕਰੁਣਾ ਨਿਧਿ ਸ਼੍ਰੀ ਅਕਾਲ ਸੁਤ !
ਹਮਰੇ ਭੂਲੇ ਮਨ ਸਮਝਾਓ,
ਹਰਿਵ੍ਰਿਜੇਸ਼ ਸੇ ਅਤਿ ਪਤਿਤਨ ਕੋ,
ਗਹਿ ਭੁਜ ਅਪਨੇ ਕੰਠ ਲਗਾਓ.

## ਪਦਮ

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਸ, ਲ, ਗ, ।।।, ।।ऽ, ।. ऽ. **ਉਦਾਹਰਣ—**

ਪ੍ਰਭੁ ਧਰਤ ਧ੍ਯਾਨ ਜੋ,
ਸੁਭ ਲਹਿਤ ਗ੍ਯਾਨ ਸੋ. × × ×

**2. ਕਈ ਕਵੀਆਂ ਨੇ ਕਮਲ ਛੰਦ ਦਾ ਹੀ ਨਾਮ ਪਦਮ ਲਿਖਿਆ ਹੈ. ਦੇਖੋ. ਕਮਲ.**

## ਪਦਮਾਵਤੀ

**ਇਸ ਦਾ ਨਾਮ "ਚਤੁਰਪਦੀ" ਅਤੇ "ਚਵਪੈਯਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 30 ਮਾਤ੍ਰਾ, 10 – 8 – 12 ਪਰ ਤਿੰਨ ਵਿਸ਼੍ਰਾਮ, ਅਤ ਸਗਣ ਅਤੇ ਗੁਰੁ. ।।ऽ, ऽ. ਪਹਿਲੇ ਅਤੇ ਦੂਜੇ ਵਿਸ਼੍ਰਾਮ ਦਾ ਅਨੁਪ੍ਰਾਸ ਮਿਲਵਾਂ. **ਉਦਾਹਰਣ—**

ਦਿਖਿਯਤ ਸਭ ਪਾਪੀ, ਨਹਿ ਹਰਿਜਾਪੀ,
ਤ੍ਰਦਪਿ ਮਹਾਂ ਰਿਸ ਠਾਨੈ,
ਹੈ ਅਤਿ ਬਿਭਚਾਰੀ, ਪਰਤ੍ਰਿਯ ਭਾਰੀ,
ਦੇਵ ਪਿਤਰ ਨਹਿ ਮਾਨੈ,
ਸੋ ਤਦਪਿ ਮਹਾਂ ਬਰ, ਕਹਿਤ ਧਰਮਧਰ,
ਪਾਪਕਰਮ ਅਧਿਕਾਰੀ,
ਧ੍ਰਿਗ ਧ੍ਰਿਗ ਸਭ ਆਖੈਂ, ਮੁਖ ਨਹਿ ਭਾਖੈਂ,
ਦੇਹ ਪ੍ਰਿਸ੍ਰਿ ਚਢ ਗਾਰੀ.

[ ਦਸਮਗ੍ਰੰਥ, ਕਲਕੀ ]

2. ਛੰਦਗ੍ਰੰਥਾਂ ਵਿੱਚ ਪਦਮਾਵਤੀ ਦਾ ਇੱਕ ਹੋਰ ਰੂਪ ਭੀ ਹੈ, ਕਿ ਚਾਰ ਚਰਣ, ਪ੍ਰਤਿ ਚਰਣ 32 ਮਾਤ੍ਰਾ, 10—8—14 ਪਰ ਵਿਸ਼੍ਰਾਮ, ਅੰਤ ਦੋ ਗੁਰੁ. ਇਸ ਦਾ ਨਾਮ "ਕਮਲਾਵਤੀ" ਭੀ ਹੈ. **ਉਦਹਾਰਣ**—

ਸਭ ਜਗ ਕੋ ਕਰਤਾ, ਜੀਵਨ ਭਰਤਾ,
ਜਿਹ ਪੂਜਤ ਮੁਨਿ ਜਨ ਸਾਰੇ,
ਤਿਸ ਤਜ੍ਯਾਗੀ ਸੇਵਾ, ਪੂਜੈਂ ਦੇਵਾ.
ਸਹੈਂ ਕਸ੍ਟ ਅਤਿ ਹੀ ਭਾਰੇ. × × ×

## ਪਧਿਸਟਕਾ—ਪਧਿਸ੍ਰਕਾ

**ਦਸਮ ਗ੍ਰੰਥ ਵਿੱਚ ਇਸ ਛੰਦ ਦੇ ਦੋ ਰੂਪ ਹਨ.** ਸੰਗੀਤ ਪਧਿਸਟਕਾ ਦਾ ਲਛਣ ਹੈ ਚਾਰ ਚਰਣ, ਪ੍ਰਤਿ ਚਰਣ ਰ, ਜ, ਤ, ਗ, ਲ. SIS, ISI, SSI, S, I. ਦੇਖੋ, ਸੰਗੀਤ ਛੰਦ.

2. ਕਲਕੀ ਅਵਤਾਰ ਵਿੱਚ ਤੋਟਕ ਦਾ ਹੀ ਨਾਮਾਂਤਰ ਹੈ, ਯਥਾ :—

ਅਤਿ ਪਾਪਨ ਤੇ ਜਗ ਛਾਇ ਰਹਜੋ. × × ×

**ਪੱਧਰੀ** ਦੇਖੋ, ਪਾਧੜੀ.

## ਪਯਾਰ

**ਇਹ "ਆਨੰਦ" ਛੰਦ ਦਾ ਦੂਜਾ ਭੇਦ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 14 ਮਾਤ੍ਰਾ, 8—6 ਪਰ ਵਿਸ਼੍ਰਾਮ, ਅੰਤ ਗੁਰੁ ਲਘੁ.

ਉਦਾਹਰਣ—

ਭੀਮਚੰਦ ਕਹੀ ਅਬ, ਸੁਨਿਯੇ ਜਨਾਬ,
ਨਾਕਿਸ ਅਕਲ ਕਹੋਂ, ਏਕ ਨੀਤਿ ਫਾਬ,
ਦੂਰ ਦੂਰ ਡੇਰ ਡਾਰ, ਘਾਟ ਬਾਟ ਰੋਕ,
ਠਹਿਰਿਯੇ ਛੋਰ ਸਬ, ਜੀਅ ਹੂੰ ਕੋ ਸ਼ੋਕ.*

[ਗੁਰੁਪਦ ਪ੍ਰੇਮ ਪ੍ਰਕਾਸ਼]

**ਪਯੋਧਰ** ਦੇਖੋ, ਦੋਹਰੇ ਦਾ ਰੂਪ 9.

**ਪਰਿਹਾਂ** ਦੇਖੋ, ਪੁਨਹਾ.

## ਪਲਵੰਗਮ—ਪਵੰਗਮ (प्लवङ्गम)

ਲਛਣ—ਚਾਰ ਚਰਣ, ਪ੍ਰਤਿ ਚਰਣ 21 ਮਾਤ੍ਰਾ 8—13 ਪਰ ਵਿਸ਼੍ਰਾਮ, ਅੰਤ ਜਗਣ ਤੇ ਗੁਰ. ISI, S. **ਉਦਾਹਰਣ**—

ਸਮ ਦਮ ਉਪਰਤਿ, ਆਦਿ ਵਿਪਨ ਗਿਰਿ ਵਾਸ ਕੋ,
ਭਨਜੋ ਸੁ ਪ੍ਰਭੁ ਸੁਭ, ਸੰਤ ਧਰਉ ਤਜ ਆਸ ਕੋ,

---

*ਆਨੰਦਪੁਰ ਦੇ ਯੁੱਧ ਸਮੇ ਭੀਮਚੰਦ ਨੇ ਸਰਹਿੰਦ ਦੇ ਸੂਬੇਨੂੰ ਸਲਾਹ ਦਿੱਤੀ ਕਿ ਲੜਾਈ ਛਡ ਕੇ ਨਗਰ ਦਾ ਘੇਰਾ ਮਜ਼ਬੂਤ ਕਰੋ.

ਰਾਜ ਯੋਗ ਭਲ, ਭਕ੍ਤਿ ਵਿਬੇਕ ਵਿਚਾਰ ਜੋ,
ਪ੍ਰਭੁਤਾ ਰਾਗ ਤ੍ਰਿਕਾਲਗਯਾਨ ਤਪ ਸਾਰ ਜੋ.

[ਸਿੱਖੀਪ੍ਰਭਾਕਰ]

2. **ਪਲਵੰਗਮ ਦਾ ਏਹ ਸਰੂਪ ਭੀ ਹੈ ਕਿ ਸਾਰੇ ਚਰਣਾਂ ਦੇ ਆਦਿ ਗੁਰੁ ਹੋਵੇ.**

**ਉਦਾਹਰਣ—**

ਵਿਦ੍ਯਾ ਪੜ੍ਹਕੇ, ਮਨ ਅਭਿਮਾਨ ਨ ਧਾਰਿਯੇ,
ਔਰਨ ਕੇ ਹਿਤ, ਇਲਮ ਹੁਨਰ ਪਰਿਚਾਰਿਯੇ. × × ×

3. **ਤੀਜਾ ਰੂਪ—ਪ੍ਰਤਿ ਚਰਣ 21 ਮਾਤ੍ਰਾ, 11—10 ਪਰ ਵਿਸ਼੍ਰਾਮ, ਅੰਤ ਗੁਰੁ.**

**ਉਦਾਹਰਣ—**

ਜਿਸ ਕੀ ਬਾਨੀ ਨਹੀਂ, ਚਿੱਤ ਹਰਸ਼ਣ ਕਰੈ,
ਜਿਸ ਕੀ ਕ੍ਰਿਯਾ ਸਰੀਰ, ਨ ਮਨ ਕਰਸ਼ਨ ਕਰੈ,
ਜਿਸ ਕੋ ਜੀਵਨ ਜਗਤ, ਲੋਕਹਿਤ ਨਹੀਂ ਹੈ,
ਹਰਿ ਵ੍ਰਿਜੇਸ਼ ਲਿਹੁ ਜਾਨ, ਸੁ ਜਨ ਮ੍ਰਿਤ ਮਹੀ ਹੈ.

## ਪੜਤਾਲ

**ਏਹ ਛੰਦ ਜਾਤਿ ਨਹੀਂ, ਕਿੰਤੁ ਚਾਰ ਤਾਲ ਦਾ ਭੇਦ "ਪੱਟਤਾਲ" ਹੈ.** ਇਸ ਤਾਲ ਵਿਖੇ ਗਾਯੇਜਾਣ ਵਾਲੇ ਪਦਾਂ ਦੀ "ਪੜਤਾਲ' ਸੰਗ੍ਯਾ ਹੋ ਗਈ ਹੈ, ਭਾਵੇਂ ਓਹ ਕਿਸੇ ਧਾਰਣਾ ਦੇ ਹੋਣ. ਦੇਖੋ, ਸ਼੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਆਸਾ ਕਾਨੜਾ ਆਦਿਕ ਰਾਗਾਂ ਦੇ ਪੜਤਾਲ †

**ਸਰਬਲੋਹ ਵਿੱਚ ਅਨੇਕ ਛੰਦਾਂ ਦੇ ਆਦਿ "ਪੜਤਾਲ" ਪਦ ਹੈ.**

**ਪਾਤਾਲ** ਦੇਖੋ, ਸਵੈਯੇ ਦਾ ਰੂਪ 27.

**ਪਾਦਾਕੁਲਕ** ਦੇਖੋ, ਅਤਿਮਾਲਤੀ.

---

†ਦੇਖੋ, ਆਸਾਰਾਗ ਵਿਖੇ ਮ: 5 ਦਾ ਪੜਤਾਲ :—
ਬਾਪਾਰਿ ਗੋਵਿੰਦ ਨਾਏ.
ਸਾਧੁਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਵਜਾਏ,
ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ,
ਸੰਤਸੇਵਿ ਪ੍ਰੀਤਿ ਨਾਥ ਰੰਗ ਲਾਲਨ ਲਾਏ,
ਗੁਰੁਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀਂ ਆਏ ਸਹਜਾਏ ਮਨਿ ਨਿਧਾਨ ਪਾਏ,
ਸਭ ਤਜੀ ਮਨੈ ਕੀ ਕਾਮਕਰਾ,
ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ,
ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ,
ਨਾਨਕ ਦੀਨ ਸਰਣਿ ਆਏ ਗਲਿ ਲਾਏ.

# ਪਾਧਰੀ—ਪਾਧੜੀ (ਪद्धरि)

ਲਛਣ—ਚਾਰ ਚਰਣ, ਪ੍ਰਤਿ ਚਰਣ 16 ਮਾਤ੍ਰਾ, 8—8 ਪਰ ਵਿਸ਼੍ਰਾਮ, ਅੰਤ ਜਗਣ ।ऽ।.

ਉਦਾਹਰਣ—

ਅਨਭੂਤ ਤੇਜ, ਅਨਛਿੱਜ ਗਾਤ,
ਕਰਤਾ ਸਦੀਵ, ਹਰਤਾ ਅਨਾਸ. × × ×

[ ਅਕਾਲਉਸਤਤਿ ]

# ਪਾਧੜੀ ਅਰਧ

ਲਛਣ—ਚਾਰ ਚਰਣ, ਪ੍ਰਤਿ ਚਰਣ ਪਹਿਲਾਂ ਦੋ ਗੁਰੁ, ਅੰਤ ਜਗਣ, ਅਥਵਾ ਚਾਰ ਮਾਤ੍ਰਾ ਪਿੱਛੋਂ ਜਗਣ. ਇਹ ਮਧੁਭਾਰ ਛੰਦ ਦਾ ਹੀ ਰੂਪਾਂਤਰ ਹੈ. ਉਦਾਹਰਣ—

ਸੋਭੰਤ ਸੂਰ । ਲੋਭੰਤ ਹੂਰ ॥
ਅਛ੍ਰੀ* ਅਪਾਰ । ਰਿੱਝੀ ਸੁਧਾਰ ॥

[ ਦਸਮਗ੍ਰੰਥ, ਅਜਰਾਜ ]

# ਪੁਨਹਾ

**ਇਸ ਦਾ ਨਾਮ "ਹਰਿਹਾਂ" "ਚਾਂਦ੍ਰਾਯਣ†" "ਪਰਿਹਾਂ" ਅਤੇ "ਫੁਨਹਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 21 ਮਾਤ੍ਰਾ, ਪਹਿਲਾ ਵਿਸ਼੍ਰਾਮ 11 ਪਰ, ਜਗਣਾਂਤ ਦੂਜਾ 10 ਪਰ ਰਗਣਾਂਤ. ਉਦਾਹਰਣ—

ਧਾਵਉ ਦਸਾ ਅਨੇਕ, ਪ੍ਰੇਮ ਪ੍ਰਭੁ ਕਾਰਣੇ,
ਪੰਚ ਸਤਾਵਹਿ ਦੂਤ, ਕਵਨ ਬਿਧਿ ਮਾਰਣੇ ? × × ×

[ ਗੁਰੂ ਗ੍ਰੰਥ ਸਾਹਿਬ ਫੁਨਹੇ ਮ: 5 ]

**ਇਸ ਛੰਦ ਦੇ ਅੰਤਿਮ ਚਰਣ ਦੇ ਆਦਿ ਹੇ ! ਹਰਹਾਂ ! ਹੋ ! ਫਰੀਦਾ ! ਬਜੀਦਾ ! ਆਦਿਕ ਸੰਬੋਧਨ ਅਤੇ ਨਾਮ ਕਵਿ ਦੀ ਇੱਛਾ ਅਨੁਸਾਰ ਲਗਾਏ ਜਾ ਸਕਦੇ ਹਨ, ਅਰੁ ਓਹ ਮਾਤ੍ਰਾ ਦੀ ਸੰਖਜਾ ਤੋਂ ਬਾਹਰ ਹੁੰਦੇ ਹਨ.**

2. ਕਈ ਕਵੀਆਂ ਨੇ ਵਿਚਕਾਰ ਜਗਣ ਦਾ ਹੋਣਾ ਜ਼ਰੂਰੀ ਨਹੀਂ ਸਮਝਿਆ, ਕੇਵਲ ਅੰਤ ਰਗਣ ਹੀ ਮੰਨਿਆ ਹੈ. ਯਥਾ :—

ਆਯਸ ਅਬ ਜੌ ਹੋਇ, ਗ੍ਰੰਥ ਤਉ ਮੈ ਰਚੋਂ,
ਰਤਨ ਪ੍ਰਮੁਦ ਕਰ ਬਚਨ, ਚੀਨ ਤਾਂਪੈ ਗਚੋਂ,
ਭਾਖਾ ਸੁਭ ਸਭ ਕਰਹੋਂ, ਧਰਹੋਂ ਕ੍ਰਿੱਤ ਮੈ,
ਅਦਭੁਤ ਕਥਾ ਅਪਾਰ, ਸਮਝਕਰ ਚਿੱਤਮੈ.

[ ਦਸਮਗ੍ਰੰਥ, ਚੰਡੀ ਚਰਿਤ੍ਰ 1 ]

ਭਾਂਡਾ ਧੋਵੈ ਕੌਣ, ਕਿ ਕੱਚਾ ਸਾਜਿਆ,

---

*ਅਪਸਰਾ. †ਦੇਖੋ, ਅੜਿੱਲ ਦਾ ਰੂਪ 4.

ਧਾਤੂ ਪੰਚ ਰਲਾਇ, ਕੂੜਾ ਪਾਜਿਆ. × × ×

[ ਸਲੋਕ ਮ: 1 ਵਾਰਾਂ ਤੇ ਵਧੀਕ ]

**ਪੇਡੀ** ਦੇਖੋ, ਹਰਿਗੀਤਿਕਾ ਦਾ ਰੂਪ 2.

## ਪੈਂਤੀ—ਪੈਂਤੀਸ ਅੱਖਰੀ

**ਏਹ ਕੋਈ ਛੰਦ ਦੀ ਜਾਤਿ ਨਹੀਂ, ਕਿੰਤੂ ਕਿਸੇ ਵੀ ਛੰਦ ਵਿੱਚ ਗੁਰੁਮੁਖੀ (ਪੰਜਾਬੀ ਵਰਣਮਾਲਾ) ਦੇ ਪੈਂਤੀ ਅੱਖਰਾਂ ਨੂੰ ਯਥਾਕ੍ਰਮ ਆਦਿ ਅਥਵਾ ਅੰਤ ਲਿਖੀਏ ਤਦ ਇਹ ਸੰਗ੍ਯਾ ਹੋ ਜਾਂਦੀ ਹੈ,* ਯਥਾ :—**

ਓਅੰਕਾਰ ਸਰਬ ਪਰਕਾਸ਼ੀ,
ਆਤਮ ਸ਼ੁੱਧਰੂ ਅਵਿਨਾਸ਼ੀ,
ਈਸ਼ ਜੀਵ ਮੇ ਭੇਦ ਨ ਜਾਨੋ,
ਸਾਧ ਚੋਰ ਸਭ ਬ੍ਰਹਮ ਪਛਾਨੋ,
ਹਸਤੀ ਚੀਟੀ ਤ੍ਰਿਣ ਲੌ ਆਦੰ† × × ×

**ਦਸਮਗ੍ਰੰਥ ਦੇ ਕ੍ਰਿਸਨਾਵਤਾਰ ਵਿੱਚ ਸਵੈਯੇ ਛੰਦਾਂ ਦੇ ਅੰਤ ਪੰਤੀ ਲਿਖੀ ਹੈ,‡ ਯਥਾ :—**

ਕੌਤਕ ਏਕ ਵਿਚਾਰ ਜਦੂਪਤਿ
ਸੂਰਤ ਏਕ ਧਰੀ ਗਿਰਿ ਬਾਂਕੀ, × × ×
ਹੋਇ ਰਹੇ ਵਿਸਮੈ ਸਭ ਗੋਪ
ਸੁਨੀ ਹਰਿ ਕੇ ਮੁਖਤੇ ਜਬ ਸਾਖੀ, × × ×
ਔਰ ਗਈ ਸੁਧ ਭੂਲ ਸਭੋ
ਇਕ ਕਾਨ੍ਹਹਿ ਕੇ ਰਸ ਮੇ ਅਨੁਰਾਗੇ, × × ×
ਕਾਨ੍ਹ ਕਹੀ ਸਭ ਕੋ ਹਸਕੈ ਮਿਲ
ਧਾਮ ਚਲੋ ਜਉ ਹੈ ਹਰਤਾ ਅਘੰ, × × ×
ਭੂਸੁਤ§ ਸੋਂ ਲਰਕੈ ਜਿਨਹੂ
ਨਵਸਾਤ ਛਡਾਇ ਲਈ ਬਰ ਮੰਙਾ. × × ×

**ਗ੍ਯਾਨ ਪ੍ਰਬੋਧ ਵਿੱਚ ਛੰਦਾਂ ਦੇ ਆਦਿ ਪੈਂਤੀ ਲਿਖੀ ਹੈ, ਯਥਾ :—**

---

*ਸਿਹਰਫੀ ਪੱਟੀ ਆਦਿਕ ਰਚਨਾ ਇਸੇ ਨਿਯਮ ਅਨੁਸਾਰ ਹੋਯਾ ਕਰਦੀ ਹੈ.

†ਇਹ ਕਿਸੇ ਵੇਦਾਂਤੀ ਸਿੱਖ ਦੀ ਰਚਨਾ ਹੈ.

‡ਬਰਨਹਿ ਸਤਗੁਰੁ ਪ੍ਰੇਮ ਲਗਾਇ,
ਪੁਨ ਤੁਕਾਂਤ ਮਹਿ ਪੈਂਤੀ ਪਾਇ.
ਆਦਿ ਅਕਾਰ ਸੁ ਅੰਤ ੜਕਾਰ,
ਜਿਹ ਕੇ ਵਰਣ ਯਥਾਕ੍ਰਮ ਧਾਰ. [ ਗੁਰੁਪ੍ਰਤਾਪ ਸੂਰਯ ]

§ਪ੍ਰਾਗ ਜਜੋਤਿਸਪੁਰ ਦਾ ਰਾਜਾ, ਨਰਕਾਸੁਰ.

ਕ੍ਰਿਪਸ੍ਤ੍ਰ ਕ੍ਰਿਪਾਰੰ । ਖਿਪਸ੍ਤ੍ਰ ਅਖੰਡੰ ।
ਗਤਸ੍ਤ੍ਰ ਅਗੰਡੰ । ਘਰਸ੍ਤ੍ਰ ਘਰਾਨੰ ।
ਙਿਅਸ੍ਤ੍ਰ ਙਿਹਾਲੰ ॥ × × × ਆਦਿਕ.

**ਪੇੜੀ** ਦੇਖੋ ਹਰਿਗੀਤਿਕਾ ਦਾ ਰੂਪ 2.

**ਪੌੜੀ** ਦੇਖੋ, ਪਉੜੀ.

## ਪੰਕਜਬਾਟਿਕਾ--ਪੰਕਜਵਾਟਿਕਾ

**ਦਸਮਗ੍ਰੰਥ ਵਿਖੇ ਏਹ "ਮੋਦਕ" ਛੰਦ ਦਾ ਹੀ ਨਾਮਾਂਤਰ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਚਾਰ ਭਗਣ, SII, SII, SII, SII. ਉਦਾਹਰਣ—

ਸੈਨ ਜੁਝੇ ਨ੍ਰਿਪ ਭਜੋ ਅਤਿ ਆਕੁਲ,
ਧਾਵਤ ਭਜੋ ਸਮੁਹੇ ਅਤਿ ਬ੍ਯਾਕੁਲ,
ਸੰਨਧ ਹ੍ਵੈ ਚਿਤ ਮੇ ਅਤਿ ਕ੍ਰੱਧਿਤ,
ਆਵਤ ਭਜੋ ਰਿਸਕੈ ਕਰ ਜੁੱਧਿਤ.

[ ਦਸਮਗ੍ਰੰਥ, ਕਲਕੀ ]

2. ਛੰਦਗ੍ਰੰਥਾਂ ਵਿਖੇ ਪੰਕਜਵਾਟਿਕਾ* ਦਾ ਰੂਪ ਹੈ—ਚਾਰ ਚਰਣ, ਪ੍ਰਤਿ ਚਰਣ ਭ, ਨ, ਜ, ਜ, ਲ. SII, III, ISI, ISI, I. **ਉਦਾਹਰਣ—**

ਰਾਮ ਚਲਤ ਨ੍ਰਿਪ ਕੇ ਯੁਗ ਲੋਚਨ,
ਬਾਰਿ ਭਰਤ ਭਯ ਵਾਰਿਦ ਰੋਚਨ. × × ×

[ ਰਾਮਚੰਦ੍ਰਿਕਾ ]

**ਪੰਕ੍ਤਿ** ਦੇਖੋ, ਉਛਾਲ.

**ਪੰਚਕਾਵਲੀ** ਦੇਖੋ, ਸਰਸੀ ਦਾ ਰੂਪ 2.

**ਪੰਚਚਮਰ** ਦੇਖੋ, ਨਰਾਜ.

**ਪੰਚਵਦਨ** ਦੇਖੋ, ਪੰਚਾਨਨ ਦਾ ਫੁਟ ਨੋਟ.

## ਪੰਚਾਨਨ§

ਲਛਣ—ਚਾਰ ਚਰਣ, ਪ੍ਰਤਿ ਚਰਣ 48 ਮਾਤ੍ਰਾ. ਬਾਰਾਂ ਬਾਰਾਂ ਮਾਤ੍ਰਾ ਪਰ ਚਾਰ ਵਿਸ਼੍ਰਾਮ, ਅੰਤ ਗੁਰੁ ਲਘੁ. **ਉਦਾਹਰਣ—**

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਜੀਉ,‡

---

*ਇਸ ਦਾ ਨਾਮ "ਏਕਾਵਲਿ" ਅਤੇ "ਕੰਜਅਵਲਿ" ਭੀ ਹੈ.

§ਜੇ ਪ੍ਰਤਿ ਚਰਣ 47 ਮਾਤ੍ਰਾ ਹੋਣ, ਅਰਥਾਤ ਚੌਥਾ ਵਿਸ਼੍ਰਾਮ 12 ਦੀ ਥਾਂ 11 ਪਰ ਹੋਵੇ ਅਰੁ ਅੰਤ ਗੁਰੁ ਹੋਵੇ, ਤਦ ਇਸ ਛੰਦ ਦੀ "ਪੰਚਵਦਨ" ਸੰਗ੍ਯਾ ਹੈ. ਪੰਚਾਨਨ ਦੇ ਉਦਾਹਰਣ ਦਾ ਅੰਤਿਮ "ਉ" ਜੇ ਦੂਰ ਕਰ ਦਿੱਤਾ ਜਾਵੇ, ਤਦ ਪੰਚਵਦਨ ਛੰਦ ਬਣ ਜਾਵੇਗਾ.

‡ਇਹ ਤੁਕ ਟੇਕ (ਰਹਾਉ) ਦੀ ਹੈ.

ਕਵਲ ਨੈਨ ਮਧੁਰ ਬੈਨ, ਕੋਟਿ ਸੈਨ ਸੰਗ ਸੋਭ,
ਕਹਿਤ ਮਾ ਜਸੋਦ ਜਿਸਹਿ, ਦਹੀ ਭਾਤ ਖਾਹਿ ਜੀਉ,
ਦੇਖ ਰੂਪ ਅਤਿ ਅਨੂਪ, ਮੋਹ ਮਹਾ ਮੱਗ ਭਈ.
ਕਿੰਕਨੀ ਸਬਦ ਝਨਤਕਾਰ, ਖੇਲ ਪਾਹਿ ਜੀਉ,
ਕਾਲ ਕਲਮ ਹੁਕਮ ਹਾਥ, ਕਹਉ ਕਉਨ ਮੇਟ ਸਕੈ,
ਈਸ ਬੰਮ ਗਜਾਨ ਧਜਾਨ, ਧਰਤ ਹਿਐ ਚਾਹਿ ਜੀਉ,
ਸੱਤਿ ਸਾਚ ਸ੍ਰੀ ਨਿਵਾਸ, ਆਦਿ ਪੁਰਖ ਸਦਾ ਤੁਹੀ,
ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ ਵਾਹਿਜੀਓ.

[ ਗੁਰੂ ਗ੍ਰੰਥਸਾਹਿਬ, ਸਵੈਯੇ ਮ: 4 ਕੇ ]

## ਪਸਿੱਧ

ਲਛਣ—ਪ੍ਰਤਿ ਚਰਣ ਅੱਠ ਮਾਤ੍ਰਾ. ਦੇਖੋ, "ਕੁਲਕ" ਦਾ ਰੂਪ 3.

## ਪ੍ਰਮਾਣਕਾ-ਪ੍ਰਮਾਣਿਕਾ-ਪ੍ਰਮਾਨਕਾ

**ਇਸ ਦਾ ਨਾਮ "ਨਗਸ੍ਵਰੂਪਿਣੀ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਲਘੁ ਗੁਰੁ ਕ੍ਰਮ ਨਾਲ ਅੱਠ ਅੱਖਰ, ਅਥਵਾ ਜ, ਰ, ਲ, ਗ. ।ऽ।, ऽ।ऽ, ।, ऽ. **ਉਦਾਹਰਣ**—

ਨਾ ਦੇਵ ਦਾਨਵਾ ਨਰਾ । ਨ ਸਿੱਧ ਸਾਧਿਕਾ ਧਰਾ ।
ਕਲਾ ਧਰੈ ਹਿਰੈ ਸੁਈ ॥ × × ×

[ ਵਾਰਮਾਝ ਮ: 1 ]

ਅਨੰਦਕੰਦ ਰੂਪ ਹੋ । ਬਲੰਦ ਭੂਪ ਭੂਪ ਹੋ ।
ਨ ਆਦਿ ਅੰਤ ਤੋਹਿ ਕੋ । ਸਮਾਨ ਆਨ ਹੋਹਿ ਕੋ ॥

[ ਗੁਰੁਪ੍ਰਤਾਪ ਸੂਰਜ ]

**ਪ੍ਰਮੋਦਕ ਦੇਖੋ, ਕਕੁਭਾ.**

## ਪ੍ਰਿਆ—ਪ੍ਰਿਯਾ

**ਇਸ ਦਾ ਨਾਮ "ਅਤ੍ਰੂਹਾ" ਅਤੇ "ਸੰਯੁਤ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਸ, ਜ, ਜ, ਗ. ।।ऽ, ।ऽ।, ।ऽ।, ऽ. **ਉਦਾਹਰਣ**—

ਦੂਖ ਦੂੰਦ ਹੈਂ ਸੁਖਕੰਦ ਜੀ,
ਨਹਿ ਬੰਦ ਹੈਂ ਜਗਬੰਦ ਜੀ,
ਨਹਿ ਬੇਦਬਾਕ ਪ੍ਰਮਾਨ ਹੈਂ,
ਮਤ ਭਿੰਨ ਭਿੰਨ ਬਖਾਨ ਹੈਂ.

[ ਦਸਮਗ੍ਰੰਥ, ਕਲਕੀ ]

2. **ਦੂਜਾ ਰੂਪ**—ਪ੍ਰਤਿ ਚਰਣ ਇੱਕ ਰਗਣ ऽ।ऽ. **ਉਦਾਹਰਣ**—

ਹੇ ਪ੍ਰਭੂ ਹੇ ਵਿਭੂ । ਪ੍ਰਾਨ ਤੂੰ । ਮਾਨ ਤੂੰ ।।

**ਫ਼ਣੀਸ਼** ਦੇਖੋ, ਡਿਉਢਾ ਦਾ ਰੂਪ 3.

**ਫੁਨਹਾ** ਦੇਖੋ, ਪੁਨਹਾ.

## ਬਹੜਾ

**ਇਹ ਪੁਨਹਾ ਦਾ ਹੀ ਨਾਮਾਂਤਰ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 21 ਮਾਤ੍ਰਾ, ਪਹਿਲਾ ਵਿਸ਼੍ਰਾਮ 11 ਪਰ ਜਗਣਾਂਤ, ਦੂਜਾ 10 ਪਰ ਰਗਣਾਂਤ. **ਉਦਾਹਰਣ**—

ਅਧਿਕ ਰੋਸ ਕਰ ਰਾਜ, ਪਖਰਿਯਾ* ਧਾਵਹੀਂ,
ਰਾਮ ਰਾਮ ਬਿਨ ਸ਼ੰਕ, ਪੁਕਾਰਤ ਆਵਹੀਂ × × ×

[ਦਸਮਗ੍ਰੰਥ, ਰਾਮਾਵਤਾਰ]

ਬਹੜਾ ਸੰਗੀਤ ਦੇਖੋ, ਸੰਗੀਤਛੰਦ.

## ਬਹਿਰ ਤਵੀਲ

**ਤਵੀਲ ਛੰਦ ਦੀ ਧਾਰਣਾ. ਫ਼ਾਰਸੀ ਅਤੇ ਪੁਸ਼ਤੋ ਵਿੱਚ ਤਿਲੰਗ ਰਾਗ ਦੇ ਲੰਮੇ ਗੀਤ ਖ਼ਾਸ ਕਰਕੇ ਇਸ ਨਾਮ ਤੋਂ ਪ੍ਰਸਿੱਧ ਹੈਨ.** ਗਜਾਨ ਪ੍ਰਬੋਧ ਵਿਖੇ "ਬਹਿਰ ਤਵੀਲ ਪਸਚਮੀ" ਸਿਰਲੇਖ ਹੇਠ 19 ਛੰਦਾਂ ਦਾ ਸਤੋਤ੍ਰ ਹੈ. ਇਸ ਵਿੱਚ ਪੱਛਮੀ ਭਾਸ਼ਾ ਨਹੀਂ ਕਿੰਤੂ ਪੁਸ਼ਤੋ ਦੇ ਗੀਤ ਦਾ ਵਜ਼ਨ ਅਤੇ ਗਾਜਨ ਦੀ ਧਾਰਣਾ ਅਨੁਸਾਰ ਰਚਿਆ ਹੈ, ਇਸ ਕਾਰਣ ਇਹ ਸੰਗਜਾ ਹੈ. ਇਸ ਛੰਦ ਦਾ ਰੂਪ ਹੈ—ਪ੍ਰਤਿ ਚਰਣ ਇੱਕ ਸਗਣ. ਦੋ ਲਘੁ ।।ऽ, ।, ।. ਇਸ ਦਾ ਨਾਮ "ਨਾਯਕ" ਭੀ ਹੈ. **ਉਦਾਹਰਣ**—

ਕਿ ਅਗੰਜਸ । ਅਭੰਜਸ ।
ਕਿ ਅਰੂਪਸ । ਕਿ ਅਗੰਜਸ ॥

[ਗਜਾਨ ਪ੍ਰਬੋਧ]

ਦੇਖੋ ਤਵੀਲ.

## ਬਹੋੜਾ

**ਏਹ "ਪਾਧਰੀ" ਛੰਦ ਦਾ ਨਾਮਾਂਤਰ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 16 ਮਾਤ੍ਰਾ, 8—8 ਮਾਤ੍ਰਾ ਪਰ ਦੋ ਵਿਸ਼੍ਰਾਮ, ਅੰਤ ਜਗਣ ।ऽ।. **ਉਦਾਹਰਣ**

ਤਬ ਰੁਕਜੋ ਤਾਸ, ਸੁਗ੍ਰੀਵ ਆਨ,†
ਕਹਿ ਜਾਤ ਬਾਲ ? ਨਹਿ ਪੈਸ ਜਾਨ. × × ×

[ਦਸਮਗ੍ਰੰਥ, ਰਾਮਾਵਤਾਰ]

---

* ਘੋੜੇ ਦਾ ਸਵਾਰ.

†ਇਸ ਛੰਦ ਵਿੱਚ ਲਵ ਕੁਸ਼ੁ ਨਾਲ ਸੁਗ੍ਰੀਵ ਦੇ ਜੰਗ ਦਾ ਵਰਣਨ ਹੈ.

## ਬਰਿਤ੍ਰਪਦ-ਵਿਰਿਤ੍ਰ ਪਦਾ

**ਏਹ "ਚਿਤ੍ਰਪਦਾ" ਾ ਪਹਿਲਾ ਰੂਪ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਦੋ ਭਗਣ, ਦੋ ਗੁਰੁ. ऽ।।, ऽ।।, ऽ, ऽ. ਉਦਾਹਰਣ—

ਏਕਹਿ ਜੌ ਮਨ ਆਨਾ । ਦੂਸਰ ਭਾਵ ਨ ਜਾਨਾ ।
ਦੁੰਦਭਿ ਦੌਰ ਬਜਾਏ । ਫੂਲ ਸੁਰਾਲ਼ ਬ੍ਰਸਾਏ ॥

[ ਦਸਮਗ੍ਰੰਥ, ਦਤਾਵਤਾਰ ]

**ਬਡਾ ਦੋਹਰਾ** ਦੇਖੋਂ, ਦੋਹਰਾ ਦਾ ਰੂਪ 18.

**ਬੱਥੂ** ਦੇਖੋ, ਰੋਲਾ

## ਬਰਵਾ-ਬਰਵੈ

ਲਛਣ - ਦੋ ਚਰਣ ਪ੍ਰਤਿ ਚਰਣ 19 ਮਾਤ੍ਰਾ, 12—7 ਪਰ ਵਿਸ਼੍ਰਾਮ, ਅਤ ਜਗਣ. ਇਸ ਦਾ ਨਾਮ "ਧ੍ਰਵ" ਅਤੇ "ਨੰਦਾ" ਭੀ ਹੈ. ਉਦਾਹਰਣ—

ਭਈ ਨ ਕੀਰਤ ਜਿਨ ਕੀ, ਯਾ ਯਗ ਮਾਂਹਿ,
ਪ੍ਰਾਣ ਚਲਤ ਹੈਂ ਯਦਯਪਿ, ਜੀਵਤ ਨਾਹਿ.

**ਬਲ** ਦੇਖੋ, ਦੋਹੇ ਦਾ ਰੂਪ 8.

**ਬਾਣ** ਦੇਖੋ, ਸਵੈਯੇ ਦਾ ਰੂਪ 2.

## ਬਾਨਤੁਰੰਗਮ

ਲਛਣ—ਚਾਰ ਚਰਣ, ਪ੍ਰਤਿ ਚਰਣ ਨ ਰ, ਗ, ।।।, ऽ।ऽ, ऽ. ਉਦਾਹਰਣ—

ਬਿਬਿਧ ਰੂਪ ਸੋਭੇ । ਅਨਿਕ ਲੋਕ ਲੋਭੇ ।
ਅਮਿਤ ਤੇਜ ਤਾਂਹੀ । ਨਿਗਮ ਗਾਇ ਜਾਂਹੀ ॥

[ਦਸਮਗੰਥ, ਕਲਕੀ ]

**ਬਾਨਰ** ਦੇਖੋ, ਦੋਹਰੇ ਦਾ ਰੂਪ 7.

## ਬਾਰਹ ਮਾਸਾ-ਬਾਰਾਂ ਮਾਹਾਂ

**ਇਹ ਕੋਈ ਛੰਦ ਜਾਤਿ ਨਹੀਂ, ਕਿਸੇ ਭੀ ਛੰਦ ਵਿੱਚ ਬਾਰਾਂ ਮਹੀਨਿਆਂ ਦਾ ਵਰਣਨ ਹੋਣ ਕਰਕੇ ਇਹ ਸੰਗਯਾ ਹੋ ਜਾਂਦੀ ਹੈ.** ਮਾਝ ਰਾਗ ਵਿੱਚ ਗੁਰੁ ਅਰਜਨ ਦੇਵ ਦੀ ਰਚਨਾ, ਤੁਖਾਰੀ ਵਿਖੇ ਜਗਤਗੁਰੁ ਨਾਨਕ ਸ੍ਵਾਮੀ ਦਾ ਮਨੋਹਰ ਕਾਵ੍ਯ, ਅਤੇ ਦਸਮਗ੍ਰੰਥ ਦੇ ਕ੍ਰਿਸਨਾਵਤਾਰ ਵਿੱਚ ਬਾਰਹ ਮਾਹੇ ਦੇਖੇ ਜਾਂਦੇ ਹਨ.*

ਸਾਲ 1877 ਬਿ: ਵਿੱਚ ਪ੍ਰੇਮੀ ਵੀਰ ਸਿੰਘ ਨੇ ਅਰਿੱਲ ਅਤੇ ਰੂਪ ਚੌਪਾਈ ਛੰਦ ਵਿਖੇ ਇੱਕ ਬਰਾਂਮਾਹਾਂ ਰਚਿਆ ਹੈ, ਜਿਸ ਦੀ ਰਹਾਉ (ਟੇਕ) ਦੀ ਤੁਕ 9 ਮਾਤ੍ਰਾ ਦੀ ਹੈ, ਅਰੁ ਮਹੀਨੇ ਦੇ ਅੰਤ

*ਮਾਝ ਦਾ ਬਾਰਾਂਮਾਹਾਂ "ਰੂਪਮਾਲਾ" ਛੰਦ ਦਾ ਰੂਪਾਂਤਰ ਹੈ, ਤੁਖਾਰੀ ਦਾ ਬਾਰਾਂਮਾਹਾਂ ਕਲਸ ਦੀ ਇੱਕ ਜਾਤਿ ਹੈ, ਕ੍ਰਿਸਨਾਵਤਾਰ ਦਾ ਬਾਰਾਂ ਮਾਹਾਂ ਸਵੈਯਾ ਵਿਖੇ ਹੈ.

ਦਾ ਚਰਣ 40 ਮਾਤ੍ਰਾ ਦਾ ਹੈ. ਜਿਸ ਦੇ ਵਿਸ਼੍ਰਾਮ 13—16—11 ਮਾਤ੍ਰਾ ਪਰ ਹੈਨ. ਉਦਾਹਰਣ—

ਚੜ੍ਹੇ ਵਿਸਾਖ ਵਰਮ ਨਹਿ ਜਾਂਦਾ,
ਦਹਦਿਸ ਵੇਖਾਂ ਪੰਥ ਗੁਰਾਂ ਦਾ,
ਕੂੰਜਾਂ ਵਾਙ ਫਿਰਾਂ ਕੁਰਲਾਂਦਾ,
ਮੇਲੀਂ ਮਹਿਰਮਕਾਰ ਦਿਲਾਂ ਦਾ,
ਪਲ ਪਲ ਬੀਤੇ ਸੈ ਵਰ੍ਹਿਆਂ ਦਾ,
ਬਿਨ ਗੋਵਿੰਦ ਸਿੰਘ ਮੈ ਮਰਜਾਂਦਾ, ਘੜੀ ਨ ਜੀਂਵਦਾ.
ਗੁਰੂ ਤੇ ਵੀਰ ਸਿੰਘ ਬਲਿਹਾਰੀ,
ਗੁਰੂ ਗੋਬਿੰਦ ਸਿੰਘ ਹਰਿ ਔਤਾਰੀ,
ਸਤਗੁਰੂ ਮਾਨ ਮੁਕੰਦ ਮੁਰਾਰੀ,
ਸਾਨੂੰ ਦਰਸਨ ਦੇ ਇਕ ਵਾਰੀ,
ਜੁਗ ਜੁਗ ਜੀਵਨ ਕੇਸਾਧਾਰੀ,
ਮੇਰੇ ਬਖ਼ਸ਼ਨ ਔਗੁਣ ਭਾਰੀ, ਤਾਣ ਰਖੀਂਵਦਾ.
ਫੁਨ ਹਹੀ ਸੁ ਹਰਿ ਦੀ ਸਰਣ,
ਗੁਬਿੰਦ ਸ਼ਿੰਘ ਕ੍ਰੋੜ ਬ੍ਰਿੰਦ ਅਘਹਰਣ,
ਜੁਗੋਜੁਗ ਜਾਣੀਏ.

ਬਾਰਣ ਦੇਖੋ, ਛੱਪਯ ਦਾ ਰੂਪ 13.

## ਬਿਸਨੁਪਦ (ਵਿਸ਼ਣੁਪਦ)

ਇਸ ਛੰਦ ਦੇ ਅਨੰਤ ਰੂਪ ਹੈਨ.* ਸੂਰਦਾਸ, ਮੀਰਾਂਬਾਈ ਆਦਿਕ ਦੇ "ਪਦ" ਸਭ ਬਿਸਨੁਪਦ ਸਦਾਉਂਦੇ ਹਨ. ਕਈ ਮੁੱਖ ਮੁੱਖ ਭੇਦ ਇਸ ਥਾਂ ਲਿਖੇ ਜਾਂਦੇ ਹਨ.

1. ਚਾਰ ਚਰਣ, ਪ੍ਰਤਿ ਚਰਣ 26 ਮਾਤ੍ਰਾ. 16—10 ਪਰ ਵਿਸ਼੍ਰਾਮ, ਅੰਤ ਗੁਰੂ. ਉਦਾਹਰਣ—

ਦੇਗ ਤੇਗ ਕੋ ਧਨੀ ਖ਼ਾਲਸਾ, ਨਿਤ ਉਪਕਾਰ ਕਰੈ,
ਸ਼ਰਣਾਗਤ ਕੀ ਬਾਂਹ ਗਹੈ ਦ੍ਰਿੜ੍ਹ, ਦਾਰਿਦ ਦੁੱਖ ਹਰੈ,
ਧੀਰ ਵੀਰ ਗੰਭੀਰ ਸਰਵਪ੍ਰਿਯ, ਕਾਹੂੰ ਤੇ ਨ ਡਰੈ,
ਹਰਿ ਵ੍ਰਿਜੇਸ਼ ਅਸ ਸਤਗੁਰੁ ਸੁਤ ਕੀ, ਰਜ ਲੇ ਸੀਸ ਧਰੈ.

2. ਅੱਠ ਚਰਣ, ਪ੍ਰਤਿ ਚਰਣ 28 ਮਾਤ੍ਰਾ, 16—12 ਪਰ ਵਿਸ਼੍ਰਾਮ. ਅੰਤ ਦੋ ਗੁਰੁ. ਉਦਾਹਰਣ—

ਸ਼੍ਰੀ ਹਰਿ ਰਿਸ ਭਰ ਬਲ ਕਰ ਅਰਿ ਪਰ,
ਜਬ ਧਨੁ ਧਰਕਰ ਧਾਯੋ,

---

*"ਸਰਬਲੋਹ" ਵਿੱਚ ਸਵੈਯਾ—ਤ੍ਰਿਭੰਗੀ—ਭੁਜੰਗਪ੍ਰਯਾਤ ਅਤੇ ਮਧੁਭਾਰ ਆਦਿਕ ਛੰਦਾਂ ਦਾ ਸਿਰਲੇਖ਼ ਭੀ "ਬਿਸਨੁਪਦ" ਦੇਖੀਦਾ ਹੈ.

ਤਬ ਨ੍ਰਿਪ ਮਨ ਮਹਿ ਕੋਪ ਬਢਾਯੋ,
ਸ਼੍ਰੀਪਤਿ ਕੋ ਗੁਨ ਗਾਯੋ,
ਜਾਂਕੋ ਪ੍ਰਗਟ ਪ੍ਰਤਾਪ ਤਿਹੂੰ ਪੁਰ,
ਸ਼ੇਸ਼ ਅੰਤ ਨਹਿ ਪਾਯੋ,
ਬੇਦ ਭੇਦ ਜਾਂਕੋ ਨਹਿ ਜਾਨਤ,
ਸੋ ਨੰਦਨੰਦ ਕਹਾਯੋ.
ਕਾਲਰੂਪ ਨਾਥਜ ਜਿਂਹ ਕਾਲੀ,
ਕੰਸ ਕੇਸ ਗਹਿ ਘਾਯੋ,
ਸੋ ਮੈ ਰਨ ਮਹਿ ਓਰ ਆਪਨੀ,
ਕੋਪ ਹਕਾਰ ਬੁਲਾਯੋ,
ਜਾਂਕੋ ਧਯਾਨ ਰਾਮ ਨਿਤ ਮੁਨਿ ਜਨ,
ਧਰਤ ਹ੍ਰਿਦੈ ਨਹਿ ਆਯੋ.
ਧੰਨ ਭਾਗ ਮੇਰੇ ਤਿਂਹ ਹਰਿ ਸੋਂ,
ਅਤਿ ਹੀ ਜੁੱਧ ਮਚਾਯੋ.

[ ਦਸਮਗ੍ਰੰਥ, ਕ੍ਰਿਸ਼ਨਾਵਤਾਰ ]

3. ਛੀ ਚਰਣ, ਪਹਿਲਾ ਚਰਣ 15 ਮਾਤ੍ਰਾ ਦਾ, ਪੰਜ ਚਰਣ ਸਤਾਈ ਸਤਾਈ ਮਾਤ੍ਰਾ ਦੇ, 16—11 ਪਰ ਵਿਸ਼੍ਰਾਮ, ਅੰਤ ਸਭ ਦੇ ਦੋ ਗੁਰੁ. **ਉਦਾਹਰਣ**—

ਜਦੁਪਤਿ ਮੋਹਿ ਸਨਾਥ ਕੀਓ,
ਦਰਸਨ ਦੇਤ ਨ ਦਰਸਨ ਹੂੰ ਕੋ, ਮੋਕੋ ਦਰਸ ਦੀਓ,
ਜਾਨਤ ਹੋਂ ਜਗ ਮੇ ਸਮ ਮੋਸੋ, ਔਰ ਨ ਬੀਰ ਬੀਓ. × × ×

[ ਦਸਮਗ੍ਰੰਥ, ਕ੍ਰਿਸ਼ਨਾਵਤਾਰ ]

4. ਚਾਰ ਚਰਣ, ਪਹਿਲਾ ਚਰਣ 15 ਮਾਤ੍ਰਾ ਦਾ. ਤਿੰਨ ਚਰਣ ਸਤਾਈ ੨ ਮਾਤ੍ਰਾ ਦੇ, 16 11 ਪਰ ਵਿਸ਼੍ਰਾਮ, ਅੰਤ ਗੁਰੁ ਲਘੁ. **ਉਦਾਹਰਣ**—

ਜਿਂਹ ਮ੍ਰਿਗ ਰਾਖੇ ਨੈਨ ਬਨਾਇ,
ਅੰਜਨ ਰੇਖ ਸ਼ਯਾਮ ਪਰ ਅਟਕਤ,
ਸੁੰਦਰ ਫਾਂਧ ਚੜ੍ਹਾਇ. × × ×

[ ਦਸਮਗ੍ਰੰਥ, ਕ੍ਰਿਸ਼ਨਾਵਤਾਰ ]

5. ਚਾਰ ਚਰਣ. ਪਹਿਲਾ ਚਰਣ 14 ਮਾਤ੍ਰਾ ਦਾ, ਤਿੰਨ ਚਰਣ ਛੱਬੀ ਛੱਬੀ ਮਾਤ੍ਰਾ ਦੇ, 16—10 ਪਰ ਵਿਸ਼੍ਰਾਮ, ਅੰਤ ਲਘੁ ਗੁਰੁ. **ਉਦਾਹਰਣ**—

ਹਰਿ ਕੇ ਨੈਨਾ ਜਲਜ ਠਏ,
ਦਿਪਤ ਜੋਤਿ ਦਿਨਮਣਿ ਦੁਤਿ ਮੁਖਤੇ,
ਕਬਹੁ ਨ ਮੁੰਦਤ ਭਏ. × × ×

[ ਦਸਮਗ੍ਰੰਥ, ਕ੍ਰਿਸ਼ਨਾਵਤਾਰ ]

6. ਛੀ ਚਰਣ, ਪ੍ਰਤਿ ਚਰਣ 27 ਮਾਤ੍ਰਾ, 16—11 ਪਰ ਵਿਸ਼੍ਰਾਮ, ਅੰਤ ਗੁਰੁ ਲਘੁ.

**ਉਦਾਹਰਣ**—

ਸੁਨਪਾਈ ਬ੍ਰਿਜ ਬਾਲਾ ਮੋਹਨ,
ਆਏ ਹੈਂ ਕੁਰੁਖੇਤ,
ਦਰਸਨ ਦੇਖ ਸਭੈ ਦੁਖ ਬਿਸਰੇ,
ਬੇਦ ਕਹਿਤ ਜਿਹ ਨੇਤ.+++

[ ਦਸਮਗ੍ਰੰਥ, ਕ੍ਰਿਸਨਾਵਤਾਰ ]

7. ਚਾਰ ਚਰਣ, ਪਹਿਲਾ ਚਰਣ 18 ਮਾਤ੍ਰਾ ਦਾ, ਤਿੰਨ ਚਰਣ ਅਠਾਈ ਅਠਾਈ ਮਾਤ੍ਰਾ ਦੇ, 16—12 ਪਰ ਵਿਸ਼੍ਰਾਮ, ਅੰਤ ਦੋ ਗੁਰੁ **ਉਦਾਹਰਣ**—

ਕੈਸੇਕੈ ਪਾਇਨ ਪ੍ਰਭਾ ਉਚਾਰੋਂ ?
ਜਾਨਕ ਨਿਪਟ ਅਘਟ ਅੰਮ੍ਰਿਤ ਸਮ,
ਸੰਪੁਟ ਸੁਭਟ ਵਿਚਾਰੋਂ. ×××

[ ਦਸਮਗ੍ਰੰਥ, ਪਾਰਸਨਾਥ ]

8. ਚਾਰ ਚਰਣ, ਪਹਿਲਾ ਚਰਣ 16 ਮਾਤ੍ਰਾ ਦਾ, ਤਿੰਨ ਅਠਾਈ ਅਠਾਈ ਮਾਤ੍ਰਾ ਦੇ, 16—12 ਪਰ ਵਿਸ਼੍ਰਾਮ, ਅੰਤ ਸਭ ਦੇ ਯਗਣ ISS **ਉਦਾਹਰਣ**—

ਸੋਭਤ ਬਾਮਹਿ ਪਾਣਿ ਕ੍ਰਿਪਾਨੀ.
ਜਾਤਰ ਜੱਛ ਕਿਨਰ ਅਸੁਰਨ ਕੀ. ਸਭ ਕੀ ਕ੍ਰਿਯਾ ਹਿਰਾਨੀ,

[ਦਸਮਗ੍ਰੰਥ, ਪਾਰਸਨਾਥ ]

**9. ਦੇਖੋ "ਸ਼ਬਦ" ਅਤੇ "ਪਦ".**

## ਬਿਸੇਸ਼ਕ—ਬਿਸੇਖ

### ਇਸ ਦਾ ਨਾਮ "ਅਸੁਗਤਿ" ਅਤੇ "ਨੀਲ" ਭੀ ਹੈ

ਲਛਣ—ਚਾਰ ਚਰਣ, ਪ੍ਰਤਿ ਚਰਣ ਪੰਜ ਭਗਣ, ਅੰਤ ਗੁਰੁ. SII SII, SII, SII, SII, S.

**ਉਦਾਹਰਣ**—

ਭਾਜ ਬਿਨਾ ਭਟ ਲਾਜ ਸਭੈ ਤਜ ਸਾਜ ਜਹਾਂ,
ਨਾਚਤ ਭੂਤ ਪਿਸ਼ਾਚ ਨਿਸ਼ਾਚਰਰਾਜ ਤਹਾਂ,
ਦੇਖਤ ਦੇਵ ਅਦੇਵ ਮਹਾਂ ਰਣ ਕੋ ਬਰਨੈ ?
ਜੂਝ ਭਯੋ ਜਿਹ ਭਾਂਤ ਸੁ ਪਾਰਥ ਸੋਂ ਕਰਨੈ.

[ ਦਸਮਗ੍ਰੰਥ, ਕਲਕੀ ]

**ਬਿਜਯ-ਬਿਜੈ ਦੇਖੋ, ਸਵੈਯੇ ਦਾ ਰੂਪ 10.**

**2. ਛੱਪਯ ਦਾ ਭੀ ਇੱਕ ਭੇਦ "ਬਿਜਯ" ਹੈ, ਜਿਸ ਵਿਖੇ 69 ਗੁਰੁ ਅਤੇ 14 ਲਘੁ ਹੁੰਦੇ ਹਨ.**

**ਬਿਧਾਤਾ ਦੇਖੋ, ਗ਼ਜ਼ਲ ਦਾ ਫ਼ੁਟਨੋਟ.**

## ਬਿਧੂਪ (ਵਿਧੂਪ) ਨਰਾਜ

**ਏਹ "ਅਰਧ ਨਰਾਜ" ਅਤੇ ਪ੍ਰਮਾਣਿਕਾ ਦਾ ਹੀ ਦੂਜਾ ਨਾਮ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਲਘੁ ਗੁਰੁ ਕ੍ਰਮ ਨਾਲ ਅੱਠ ਅੱਖਰ, ਅਥਵਾ ਜ, ਰ, ਲ, ਗ. ।ऽ।, ऽ।ऽ, ।, ऽ. ਉਦਾਹਰਣ—

ਖਿਮੰਤ ਤੇਗ ਐਸਕੈ,
ਜੁਲੰਤ ਜ੍ਵਾਲ ਜੈਸਕੈ. × × ×

[ ਦਸਮਗ੍ਰੰਥ, ਕਲਕੀ ]

## ਬਿਰਧ--ਵਿਰਦ — ورد

**ਵਿਰਦ ਦਾ ਅਰਥ ਹੈ ਨਿਤ੍ਯ ਕਰਮ ਅਰਥਾਤ ਨਿਤ੍ਯ ਨਿਯਮ.** ਅਮ੍ਰਿਤਵੇਲੇ ਪ੍ਰਤਾਪੀ ਮਹਾਰਾਜਿਆਂ ਦੇ ਦਰਵਾਜ਼ੇ ਪਰ, ਅਥਵਾ ਉਨ੍ਹਾਂ ਦੇ ਸਭਾ ਵਿਖੇ ਨਿਤ੍ਯ ਪਧਾਰਣ ਸਮੇ, ਅੱਗੇ ਚਲਦੇ ਹੋਏ ਕਵੀ (ਬੰਦੀ) ਜਨ, ਜੋ "ਗਦ੍ਯ ਕਾਵ੍ਯ" ਵਿੱਚ ਸੁਯਸ਼, ਪ੍ਰਤਾਪ, ਆਸ਼ਿਰਵਾਦ ਅਤੇ ਵੰਸ਼ਾਵਲੀ ਪੜ੍ਹਦੇ ਹਨ, ਉਸ ਦੀ "ਬਿਰਦ" ਸੰਗ੍ਯਾ ਹੈ.*

ਬਿਰਦ ਵਿਖੇ ਗਣ, ਅਛਰ, ਅਰੁ ਮਾਤ੍ਰਾ ਦਾ ਕੋਈ ਹਿਸਾਬ ਨਹੀਂ ਕਿੰਤੂ ਪਦਾਂ ਦਾ ਅਨੁਪ੍ਰਾਸ ਅਰੁ ਗਠਨ ਸੁੰਦਰ ਹੋਵੇ. **ਉਦਾਹਰਣ**—

ਸ੍ਰੀ 111 ਮਾਨ, ਸਰਵ ਗੁਣ ਖਾਨ, ਸੇਵਕ ਪ੍ਰਿਯ ਪ੍ਰਾਨ, ਮਹਿਮਾ ਮਹਾਨ. ਅਖੰਡ ਭੁਜਦੰਡ, ਭੂਸ਼ਿਤ ਕੋਦੰਡ, ਰਵਿ ਸਮ ਪ੍ਰਚੰਡ, ਜੋਤੀ ਅਖੰਡ. ਪਰਮੋਦਾਰ, ਧਰਮਾਵਤਾਰ, ਗੁਣਗਣਾਗਾਰ, ਕਵਿਜਨ ਆਧਾਰ. ਮਹਾਰਾਜਾ ਧਿਰਾਜ, ਪਤਿ ਸੰਪਤਿ ਸਮਾਜ, ਸੁਭਟ ਸਿਰਤਾਜ, ਗਰੀਬ ਨਿਵਾਜ. ਸ਼ਰਣਾਗਤ ਪ੍ਰਤਿਪਾਲਕ ਸ਼ਤ੍ਰੁ ਘਾਲਕ, ਗਰਬਗਾਲਕ ਅਨ੍ਯਾਯ ਕਾਲਕ ਬੀਰਾਨ ਬੀਰ, ਪੀਰਾਨ ਪੀਰ. ਧੀਰਾਨ ਧੀਰ, ਅਤਿਸ਼ਯ ਗੰਭੀਰ. ਉਪਮਾ ਅਨੂਪ, ਕੀਰਤੀ ਸ੍ਤੂਪ, ਸੁੰਦਰ ਸਰੂਪ. ਸੇਨਾ ਵਾਹਕ, ਪ੍ਰਤਿਪਛਿ ਦਾਹਕ, ਪ੍ਰਣ ਨਿਵਾਹਕ, ਗੁਣ ਗ੍ਰਾਹਕ. ਸੋਢਿਵੰਸ਼ਾਵਤੰਸ਼, ਭਕ੍ਤ ਮਨ ਮਾਨਸ ਹੰਸ. ਮ੍ਰਿਤ ਭਾਰਤ ਕੋ ਅਮ੍ਰਿਤ ਦਾਨ ਦ੍ਵਾਰਾ ਸਜੀਵ ਕਰਤਾ, ਜਗਤਗੁਰੁ ਨਾਨਕ ਕੀ ਪਰਮ ਜੋਤਿ. ਸ੍ਰੀ ਗੁਰੁ ਰਾਮ ਦਾਸ ਸਾਹਿਬ ਕੇ ਨਾਤੀ, ਪਰਮ ਪੂਜ੍ਯ ਗੁਰੁ ਅਰਜਨ ਦੇਵ ਕੇ ਪਰਪੌਤ੍ਰ, ਮੀਰੀ ਪੀਰੀ ਕੇ ਧਨੀ ਸ੍ਰੀ ਗੁਰੁ ਹਰਿਗੋਬਿੰਦ ਸਾਹਿਬ ਕੇ ਪੌਤ੍ਰ, ਅਨਾਥ ਭਾਰਤ ਕੇ ਸਹਾਯਕ ਸ੍ਰੀ ਗੁਰੁ ਤੇਗ ਬਹਾਦੁਰ ਕੇ ਸਰਵ ਗੁਣ ਪਾਤ੍ਰ ਸੁਪੁਤ੍ਰ, ਸ੍ਰੀ ਗੁਰੁ ਗੋਬਿੰਦ ਸਿੰਘ ਸ੍ਵਾਮੀ ਕੀ ਸਦਾ ਜਯ ਹੋ.†

## ਬਿਰਾਜ--ਵਿਰਾਜ

**ਇਸ ਦਾ ਨਾਮ ਵਿਜੋਹਾ" ਅਤੇ "ਵਿਮੋਹਾ" ਭੀ ਹੈ.**

---

*"ਦ੍ਵਾਰ ਨਿਤ ਬੰਦੀਜਨ ਗਾਵਤ ਬਿਰਦ ਕੋ."

† ਹੁਣ ਮਹਾਰਾਜਿਆਂ ਅੱਗੇ ਚੋਬਦਾਰ "ਮਹਾਰਾਜਾ ਸਲਾਮਤ" ਆਦਿ ਪਦ ਜੋ ਆਖਦੇ ਹਨ, ਇਹ ਬਿਰਦ ਦਾ ਹੀ ਸੰਖੇਪ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਦੋ ਰਗਣ ऽ।ऽ, ऽ।ऽ. ਉਦਾਹਰਣ—

ਹੱਕ ਦੇਵੰ ਕਰੰ । ਸੰਦ ਭੈਰੋ ਰਰੰ ।
ਚਾਵਡੀ† ਚਿੰਕਰੰ । ਡਾਕਣੀ ਡਿੰਕਰੰ‡ ॥

[ ਦਸਮਗ੍ਰੰਥ, ਰਾਮਾਵਤਾਰ ]

2. **ਬਿਰਾਜ ਦਾ ਦੂਜਾ ਰੂਪ ਹੈ "ਚੰਚਲਾ".** ਇਸ ਦਾ ਲਛਣ ਹੈ—ਚਾਰ ਚਰਣ, ਪ੍ਰਤਿ ਚਰਣ ਗੁਰੁ ਲਘੁ ਕ੍ਰਮ ਨਾਲ ਸੋਲਾਂ ਅੱਖਰ ਅਥਵਾ ਰ, ਜ, ਰ, ਜ, ਰ, ਲ. ऽ।ऽ, ।ऽ।, ऽ।ऽ, ।ऽ।, ऽ।ऽ, ।. ਸੱਤ ਅਤੇ ਨੌ ਅੱਖਰਾਂ ਪਰ ਵਿਸ਼੍ਰਾਮ. **ਉਦਾਹਰਣ—**

ਦੇਗ ਤੇਗ ਕੋ ਧਨੀ, ਉਦਾਰ ਚਿੱਤ ਯੁੱਧ ਧੀਰ,
ਬਾਂਹ ਜਾਂਹ ਕੀ ਗਹੇ, ਨ ਤਯਾਗਤੇ ਮਹਾਨ ਬੀਰ,
ਦੇਸ਼ ਕੌਮ ਵਾਸਤੇ, ਜੁ ਦੇਤ ਪ੍ਰਾਣ ਔ ਸ਼ਰੀਰ,
ਖ਼ਾਲਸਾ ਨਿਰਾਲਸਾ, ਵਿਨਾਸ਼ਤੇ ਅਨਾਥ ਪੀਰ.

**ਇਸ ਭੇਦ ਦਾ ਨਾਮ "ਚਿਤ੍ਰ" ਭੀ ਹੈ.**

## ਬੀਰ

ਲਛਣ—ਚਾਰ ਚਰਣ, ਪ੍ਰਤਿ ਚਰਣ **31** ਮਾਤ੍ਰਾ, ਦੋ ਵਿਸ਼੍ਰਾਮ ਅੱਠ ਅੱਠ ਪਰ, ਤੀਜਾ **15** ਮਾਤ੍ਰਾ ਪਰ, ਅੰਤ ਗੁਰੁ ਲਘੁ. **ਉਦਾਹਰਣ—**

ਸ਼੍ਰੀ ਅਕਾਲ ਕੋ, ਸਿਮਰਨ ਕਰਕੈ.
ਸਭ ਕਾਰਜ ਕੀਜੈ ਆਰੰਭ.
ਮਨ ਅਰੁ ਮੁਖ ਮੇ, ਏਕ ਬਾਤ ਹ੍ਵੈ,
ਭੂਲ ਨ ਕਬਹੁ ਕੀਜਿਯੇ ਦੰਭ. × × ×

**2. ਦੇਖੋ. ਪਉੜੀ ਦਾ ਰੂਪ 28 ਅਤੇ ਸਵੈਯੇ ਦਾ ਰੂਪ 1.**
**ਬੁੱਧਿ ਦੇਖੋ. ਛੱਪਯ ਦਾ ਰੂਪ 7.**

## ਬੇਲੀਬਿਦ੍ਰੁਮ

**ਲਛਣ**—ਚਾਰ ਚਰਣ, ਪ੍ਰਤਿ ਚਰਣ ਨ, ਸ, ਸ, ਲ, ਗ. ।।।, ।।ऽ, ।।ऽ, ।, ऽ. **ਉਦਾਹਰਣ—**

ਕਹ ਕਹ ਸੁ ਕੂਕਤ ਕੰਕਯੰ,
ਬਹ ਬਹਤ ਬੀਰ ਸੁ ਬੰਕਯੰ,
ਲਹ ਲਹਤ ਬਾਣ ਕ੍ਰਿਪਾਣਯੰ,
ਗਹ ਗਹਤ ਪ੍ਰੇਤ ਮਸਾਣਯੰ.

[ ਦਸਮਗ੍ਰੰਥ, ਚੰਡੀ ਚਰਿਤ੍ਰ 2]

2. **ਦੂਜਾ ਰੂਪ** - ਚਾਰ ਚਰਣ, ਪ੍ਰਤਿ ਚਰਣ ਸ, ਜ, ਜ, ਗ. ।।ऽ, ।ऽ।, ।ऽ।, ऽ. ਏਹ ਸਰੂਪ "ਸੰਯੁਤਾ" ਦਾ ਹੈ. ਉਦਾਹਰਣ—

ਰਣ ਕੋਪ ਕਾਲ ਕਰਾਲਿਯੰ,

---

†ਚੀਲ੍ਹ ਇੱਲ੍ਹ. ‡ਡਾਕਿਨੀ ਡਕਾਰ ਲੈਂਦੀ ਹੈ.

ਖਟਅੰਗ* ਪਾਣਿ ਉਛਾਲਿਯੰ,
ਸਿਰ ਸੁੰਭ ਹੱਥ ਦੁਛੰਡਿਯੰ,
ਇਕ ਚੋਟ ਦੁਸ੍ਰ ਵਿਹੰਡਿਯੰ.

[ਦਸਮਗ੍ਰੰਥ, ਚੰਡੀ ਚਰਿਤ੍ਰ 2]

## ਬੈਤ— ‡

ਅਰਬੀ ਅਤੇ ਫ਼ਾਰਸੀ ਦੇ ਕਵੀਆਂ ਨੇ ਦੋ ਤੁਕ ਦੇ ਇੱਕ ਛੰਦ ਨੂ ਬੈਤ ਕਲਪਿਆ ਹੈ. ਇਸ ਛੰਦ ਦੇ ਬਹੁਤ ਭੇਦ ਦੇਖੀਦੇ ਹਨ ਪਰੰਤੂ "ਜ਼ਫ਼ਰਨਾਮਹ" ਅਤੇ "ਜ਼ਿੰਦਗੀਨਾਮਹ" ਵਿੱਚ ਜੋ ਬੈਤ ਵਰਤੇ ਹਨ, ਉਨ੍ਹਾਂ ਦਾ ਰੂਪ ਇਹ ਹੈ :—

1. ਦੋ ਚਰਣ, ਪ੍ਰਤਿ ਚਰਣ 18 ਮਾਤ੍ਰਾ, 10 – 8 ਪਰ ਵਿਸ਼੍ਰਾਮ, ਵਿਸ਼ੇਸ਼ ਕਰਕੇ ਅੰਤ ਲਘੁ. **ਉਦਾਹਰਣ**—

ਹਮੂ ਮਰਦ ਬਾਯਦ, ਸ਼ਵਦ ਸੁਖ਼ਨਵਰ,
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ,

[ਜ਼ਫ਼ਰਨਾਮਹ]

2. ਦੋ ਚਰਣ, ਪ੍ਰਤਿ ਚਰਣ 19 ਮਾਤ੍ਰਾ, 12—7 ਪਰ ਵਿਸ਼੍ਰਾਮ. **ਉਦਾਹਰਣ**—

ਗਰਤੁਰਾ ਯਾਦੇ ਖ਼ੁਦਾ ਹਾਸਿਲ ਸ਼ਵਦ.
ਹੱਲ ਹਰ ਮੁਸ਼ਿਕਲ ਤੁਰਾ, ਐ ਦਿਲ ! ਸ਼ਵਦ.

[ਜ਼ਿੰਦਗੀ ਨਾਮਹ]

3. ਨਸੀਹਤ ਨਾਮਹ ਵਿੱਚ ਬੈਤ ਦਾ ਸਰੂਪ ਹੈ ਪ੍ਰਤਿ ਚਰਣ 19 ਮਾਤ੍ਰਾ, 10—9 ਪਰ ਵਿਸ਼੍ਰਾਮ, ਅੰਤ ਲਘੁ ਗੁਰੁ, **ਉਦਾਹਰਣ**—

ਕਿਚੈ ਨੇਕਨਾਮੀ, ਜੋ ਦੇਵੈ ਖ਼ੁਦਾ,
ਜੁ ਦੀਸੈ ਜ਼ਿਮੀ ਪਰ, ਸੋ ਹੋਮੀ ਫ਼ਨਾ × × ×

4. ਅਵਿਚਲ ਨਗਰ ਦੀ ਮੁਹਰ ਤਥਾ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਿੱਕੇ "ਨਾਨਕਸ਼ਾਹੀ" ਪਰ ਜੋ ਬੈਤ ਹੈ, ਉਸ ਦਾ ਰੂਪ ਹੈ ਪ੍ਰਤਿ ਚਰਣ 20 ਮਾਤ੍ਰਾ, 10—10 ਪਰ ਵਿਸ਼੍ਰਾਮ, ਅੰਤ ਗੁਰੁ ਲਘੁ. **ਉਦਾਹਰਣ**—

ਦੇਗ ਤੇਗੋ ਫ਼ਤਹ ਨੁਸਰਤ ਬੇਦਰੰਗ,
ਯਾਫ਼ਤਜ਼ ਨਾਨਕ ਗੁਰੂ ਗੋਬਿੰਦ ਸਿੰਘ.

5. ਭਾਈ ਸੰਤੋਖ ਸਿੰਘ ਨੇ ਗੁਰੁਪ੍ਰਤਾਪ ਸੂਰਜ ਵਿੱਚ ਬੈਤ ਦਾ ਰੂਪ ਦਿੱਤਾ ਹੈ—ਚਾਰ ਚਰਣ, ਪ੍ਰਤਿ ਚਰਣ 19 ਮਾਤ੍ਰਾ, 8 - 11 ਪਰ ਵਿਸ਼੍ਰਾਮ, ਅੰਤ ਗੁਰੁ ਲਘੁ. **ਉਦਾਹਰਣ**—

ਵਲਾਯਤ ਵਲੀ, ਅਹਲ ਆਰਫ਼ ਕਮਾਲ.
ਜਿਨ੍ਹੋਂ ਕੇ ਮਿਲੇ, ਰੱਬ ਪਾਯੇ ਜਮਾਲ. × × ×

---

* ਸ਼ਰੀਰ ਦੇਹ.

‡ ਬੈਤ ਦਾ ਅਰਥ ਹੈ ਘਰ. ਘਰ ਦੇ ਕਪਾਟ ਜੈਸੇ ਦੋ ਹੁੰਦੇ ਹਨ, ਤੈਸੇ ਹੀ ਦੋ ਚਰਣਾਂ ਦਾ ਛੰਦ ਬੈਤ ਸੰਗਜ੍ਯਾ ਵਾਲਾ ਹੋਗਯਾ ਹੈ.

6. ਪੰਜਾਬੀ ਕਵੀਆਂ ਨੇ ਬੈਂਤ 4 ਚਰਣ ਤੋਂ ਲੈਕੇ 22 ਚਰਣ ਤੀਕ ਰਚੇ ਹਨ. ਅਰੁ ਥੋੜੇ ਥੋੜੇ ਭੇਦ ਨਾਲ ਸਰੂਪ ਇਉਂ ਹਨ :— ਪ੍ਰਤਿ ਚਰਣ 40 ਮਾਤ੍ਰਾ, 20—20 ਪਰ ਦੋ ਵਿਸ਼੍ਰਾਮ, ਅੰਤ ਦੋ ਗੁਰੁ. **ਉਦਾਹਰਣ**—

ਇਸੇ ਦੀਨਤਾ ਨੇ ਗੁਣੀ ਮਾਨ ਖੋਯਾ,
ਕੱਖ ਤੂਲ ਤੋਂ ਤੁੱਛ ਹੈ ਚਾਇ ਕੀਤਾ,
ਰਹੀ ਮੱਤ ਨਾ ਉੱਚੜੇ ਭਾਵ ਸੰਦੀ,
ਦੇਸ਼ ਵਿਖੇ ਦਾਰਿਦ੍ਰਤਾ ਵਾਸ ਲੀਤਾ. × × ×

7. ਵਾਰਸਸ਼ਾਹ* ਨੇ ਭੀ 20—20 ਅਥਵਾ 19—20 ਮਾਤ੍ਰਾ ਪ੍ਰਤਿ ਚਰਣ ਵਿਸ਼੍ਰਾਮ ਦੇ ਬੈਂਤ ਰਚੇ ਹਨ, **ਯਥਾ** :—

ਲੱਖ ਵੈਦਗੀ ਵੈਦ ਲਗਾਇ ਥੱਕੇ,
ਧੁਰੋਂ ਟੁੱਟੜੀ ਕਿਸੇ ਨਾ ਜੋੜਨੀ ਵੇ,
ਜਿਥੇ ਕਲਮ ਤਕਦੀਰ ਦੀ ਵਗ ਚੁੱਕੀ,
ਕਿਸੇ ਵੈਦਗੀ ਨਾਲ ਨਾ ਮੋੜਨੀ ਵੇ. × × ×

———

ਰਲੇ ਦਿਲਾਂ ਨੂੰ ਜਿਹੜੇ ਵਿਛੋੜਦੇ ਨੀ,
ਬੁਰੀ ਬਣੇਗੀ ਤਿਨ੍ਹਾਂ ਹਤਿਆਰਿਆਂ ਨੂੰ,
ਨਿੱਤ ਹਿਰਸ ਦੇ ਫ਼ਿਕਰ ਗ਼ਲਤਾਨ ਰਹਿੰਦੇ,
ਏਹ ਸ਼ਾਮਤਾਂ ਰੱਬ ਦੇ ਮਾਰਿਆਂ ਨੂੰ. × × ×

8. ਹਾਫ਼ਿਜ਼ ਨੇ ਅੱਠ ਚਰਣ ਦੇ ਬੈਂਤ ਲਿਖੇ ਹਨ, ਜਿਨ੍ਹਾਂ ਦੇ ਪ੍ਰਤਿ ਚਰਣ 28 ਮਾਤ੍ਰਾ ਹੈਨ, 16—12 ਪਰ ਵਿਸ਼੍ਰਾਮ ਅੰਤ ਲਘੁ, ਗੁਰੁ, ਅਥਵਾ ਦੋ ਗੁਰੁ. **ਉਦਾਹਰਣ**—

ਕੂੜੀ ਗੱਲੀਂ ਕੁਝ ਨਾ ਵੱਸੇ, ਬਖ਼ਸ਼ ਕਦਾਈਂ ਭੋਰਾ,
ਅਮਲਾਂ ਬਾਝੋਂ ਢੋਈ ਨਾਹੀ, ਨਾ ਕਰ ਵੇਖੀ ਜ਼ੋਰਾ. × × ×

**ਬੰਧੂ** ਦੇਖੋ ਦੋਧਕ.
**ਬ੍ਰਹਮਰੂਪਕ** ਦੇਖੋ ਚੰਚਲਾ.
**ਬ੍ਰਿੱਧ ਨਰਾਜ** ਦੇਖੋ, ਨਰਾਜ ਬ੍ਰਿੱਧ.

---

*"ਸਨ ਯਾਰਾਂ ਸੈ ਅੱਸੀਓਂ ਨਬੀ ਹਜ਼ਰਤ,
ਲੰਮੇ ਦੇਸ਼ ਦੇ ਵਿੱਚ ਤਿਆਰ ਹੋਈ,
ਸਾਲ ਠਾਰਾਂ ਸੈ ਬਾਈ ਸੀ ਰਾਇ ਬਿਕ੍ਰਮ,
ਲੋਕ ਆਖਦੇ ਭਾਖਦੇ ਸਾਰ ਹੋਈ."

[ ਹੀਰ ਵਾਰਸਸ਼ਾਹ ]

## ਭਗਉਤੀ—ਭਗਵਤੀ—ਭਗੌਤੀ
## ਭਵਾਨੀ

**ਕਈ ਥਾਂਈਂ "ਸ਼੍ਰੀ ਭਗਵਤੀ" ਭੀ ਇਸ ਛੰਦ ਦਾ ਨਾਮ ਹੈ. ਦਸਮਗ੍ਰੰਥ ਵਿਖੇ ਇਸ ਦੇ ਦੋ ਰੂਪ ਹੈਨ. ਇੱਕ ਰੂਪ ਤਾਂ ਸੋਮਰਾਜੀ ਅਥਵਾ ਸ਼ੰਖਨਾਰੀ ਦਾ ਹੈ, ਅਰਥਾਤ ਪ੍ਰਤਿ ਚਰਣ ਦੋ ਯਗਣ** ISS, ISS. **ਉਦਾਹਰਣ—**

ਕਿ ਆਛਿੱਜ ਦੇਸੈ । ਕਿ ਆਭਿੱਜ ਭੇਸੈ ।
ਕਿ ਆਗੰਜ ਕ੍ਰਮੈਂ । ਕਿ ਆਭੰਜ ਭਮੈਂ ॥

[ ਜਾਪੁ ]

**ਇਹੀ ਰੂਪ ਕਲਕੀ ਅਵਤਾਰ ਵਿਖੇ ਹੈ, ਯਥਾ :—**

ਕਿਜੁੱਟੇ ਤ ਵੀਰੰ । ਕਿ ਛੁੱਟੇ ਤ ਤੀਰੰ ।
ਜਹਾਂ ਬੀਰ ਜੁੱਟੈ । ਸਭੈ ਠਾਟ ਠੱਟੈ ॥

2. **ਦੂਜਾ ਰੂਪ ਹੈ ਪ੍ਰਤਿ ਚਰਣ ਜ, ਸ, ਲ, ਗ.** ISI, IIS, I, S. **ਉਦਾਹਰਣ—**

ਕਿ ਜਾਹਰ ਜਹੂਰ ਹੈਂ । ਕਿ ਹਾਜਰ ਹਜੂਰ ਹੈਂ ।
ਹਮੇਸੁਲ ਸਲਾਮ ਹੈਂ । ਸਮਸ੍ਤੁਲ ਕਲਾਮ ਹੈਂ ॥

[ ਜਾਪੁ ]

## ਭੜਥੂਆ

**ਏਹ ਸ਼ੰਖਨਾਰੀ ਦਾ ਹੀ ਨਾਮਾਂਤਰ ਹੈ, ਅਰਥਾਤ ਪ੍ਰਤਿ ਚਰਣ ਦੋ ਯਗਣ. ਕੇਵਲ ਜੰਗ ਦਾ ਭੜਥੂ ਇਸ ਵਿਖੇ ਵਰਣਨ ਕਾਰਣ ਏਹ ਸੰਗਯਾ ਹੋ ਗਈ ਹੈ. ਉਦਾਹਰਣ—**

ਢਢੰਕੰਤ ਢੋਲੰ । ਬਬੰਕੰਤ ਬੋਲੰ ।
ਉਛੰਕੰਤ ਤਾਜੀ । ਗਜੰਕੰਤ ਗਾਜੀ ॥

[ ਦਸਮਗ੍ਰੰਥ, ਕਲਕੀ ]

2. **ਦੂਜਾ ਰੂਪ**—ਚਾਰ ਚਰਣ, ਪ੍ਰਤਿ ਚਰਣ ਸ, ਯ. IIS, ISS, ਉਦਾਹਰਣ—

*ਸਟਕੰਤ ਸੂਰੰ । ਥਰਕੰਤ ਹੂਰੰ ।
ਬਬਕੰਤ ਬੀਰੰ । ਛੁਟਕੰਤ ਤੀਰੰ ॥

[ ਗੁਰਵਿਲਾਸ, ਪਾਤਸ਼ਾਹੀ 6 ]

**ਭੁਜੰਗ ਦੇਖੋ, ਭੁਜੰਗਪ੍ਰਯਾਤ.**

## ਭੁਜੰਗ ਅਨੰਤਤੁਕਾ

**ਉਹ ਭੁਜੰਗ ਪ੍ਰਯਾਤ, ਜਿਸ ਦਾ ਤੁਕਾਂਤ ਨਾ ਮਿਲੇ. ਦੇਖੋ, ਅਨੰਤਤੁਕਾ.**
**ਭੁਜੰਗ ਅਰਧ ਦੇਖੋ, ਸ਼ੰਖਨਾਰੀ**

---

*ਇਸ ਛੰਦ ਵਿੱਚ ਗੁਰੂਸਰ ਮੇਹਰਾਜ ਦੇ ਜੰਗ ਦਾ ਵਰਣਨ ਹੈ.

## ਭੁਜੰਗ ਸ਼ਿਸੁਸੁਤਾ

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਨ, ਮ. III, III, SSS. ਸੱਤ ਅਤੇ ਦੋ ਅੱਖਰਾਂ ਪਰ ਵਿਸ਼੍ਰਾਮ. ਉਦਾਹਰਣ—

ਸਭ ਹਿਤ ਚਿਤਵੈ, ਜੋਈ,
ਗੁਰੁਮੁਖ ਪਦ ਲੈ, ਸੋਈ. + + +

## ਭੁਜੰਗਪ੍ਰਯਾਤ

ਲਛਣ—ਚਾਰ ਚਰਣ, ਪ੍ਰਤਿ ਚਰਣ ਚਾਰ ਯਗਣ. ISS, ISS, ISS, ISS. ਉਦਾਹਰਣ—

ਨਮੋ ਰਾਜਸੰ ਤਾਮਸੰ ਸਾਂਤਰੂਪੇ,
ਨਮੋ ਪਮੰ ਤੱਤੰ ਅਤੱਤੰ ਸਰੂਪੇ,
ਨਮੋ ਜੋਗ ਜੋਗੇ ਨਮੋ ਗਜਾਨ ਗਜਾਨੇ,
ਨਮੋ ਮੰਤ੍ਰ ਮੰਤ੍ਰੇ ਨਮੋ ਧਜਾਨ ਧਜਾਨੇ.

[ ਜਾਪੁ ]

ਨਹੀਂ ਜਾਨ ਜਾਈ ਕਛੂ ਰੂਪ ਰੇਖੰ,
ਕਹਾਂ ਬਾਸ ਤਾਂਕੋ ਫਿਰੈ ਕੌਨ ਭੇਖੰ,
ਕਹਾਂ ਨਾਮ ਤਾਂਕੋ ਕਹਾਂਕੈ ਕਹਾਵੈ,
ਕਹਾਂਕੈ ਬਖਾਨੋ ਕਹੇ ਮੋ ਨ ਆਵੈ.

[ ਅਕਾਲਉਸਤਤਿ ]

**ਇਸ ਭੇਦ ਦੀ ਸੰਗਜਾ "ਅਸਤਰ" ਭੀ ਹੈ.**

2. ਜਾਪੁ ਵਿਖੇ "ਅਰਧਭਜੰਗ" ਦੀ ਥਾਂ ਭੀ ਭੁਜੰਗਪ੍ਰਯਾਤ ਪਾਠ ਦੇਖਿਆ ਜਾਂਦਾ ਹੈ, ਪਰੰਤੂ ਭਾਵ ਉਸ ਥਾਂ ਅਰਧ ਤੋਂ ਹੈ, **ਯਥਾ** :—

ਨਮੋ ਰਾਜ ਰਾਜੇ । ਨਮੋ ਸਾਜ਼ ਸਾਜੇ ।
ਨਮੋ ਸਾਹ ਸਾਹੇ । ਨਮੋ ਮਾਹ ਮਾਹੇ ॥

3. ਜੇ ਭੁਜੰਗਪ੍ਰਯਾਤ ਦੇ ਪ੍ਰਤਿ ਚਰਣ ਚਾਰ ਦੀ ਥਾਂ ਛੀ ਯਗਣ ਹੋਣ, ਤਦ "ਕੀੜਾਚਕ੍ਰ" ਸੰਗਜ੍ਯਾ ਹੈ. ਉਦਾਹਰਣ—

ਕਹੈ ਵਾਕ ਕੋ ਸੋਚ ਕੈ ਨਿੱਤ ਜੋਈ ਵਹੀ ਬੁੱਧਿਧਾਰੀ. + + + .

4. ਜੇ ਪ੍ਰਤਿ ਚਰਣ ਅੱਠ ਯਗਣ ਹੋਣ, ਤਦ "ਮਹਾਂ ਭੁਜੰਗਪ੍ਰਯਾਤ" ਸੰਗਜ਼ਾ ਹੈ. **ਯਥਾ** :—

ਨਹੀਂ ਪੈਰ ਪਾਛੇ ਕਰੈ ਜੰਗ ਮੇ ਧੀਰ ਕੈ
ਜਾਨਿਜੇ ਤਾਂਹਿ ਕੋ ਬੀਰ ਪੂਰਾ. + + +

ਇਸ ਭੇਦ ਦਾ ਨਾਮ "ਸਵੈਯਾ" ਅਤੇ "ਝੂਲਨਾ" ਭੀ ਹੈ. ਦੇਖੋ, ਝੂਲਨਾ ਦਾ ਰੂਪ 1, ਅਤੇ ਸਵੈਯੇ ਦਾ ਰੂਪ 21.

**ਭੁਜੰਗਿਨੀ** ਦੇਖੋ, ਚਉਪਈ ਦਾ ਰੂਪ 2.

**ਭ੍ਰਾਮਰ** ਦੇਖੋ, ਦੋਹੇ ਦਾ ਰੂਪ 17.

## ਮਸਨਵੀ ( مثنوی )

ਅਰਬੀ ਭਾਸ਼ਾ ਵਿੱਚ ਉਸ ਛੰਦ ਨੂੰ ਆਖਦੇ ਹਨ, ਜਿਸ ਦੇ ਦੋ ਦੋ ਪਦ ਸਮਾਨ ਅਨੁਪ੍ਰਾਸ ਦੇ ਹੋਣ. ਇਸ ਛੰਦ ਦਾ ਵਿਸ਼ੇਸ਼ ਕਰਕੇ ਲੱਛਣ ਹੈ—ਪ੍ਰਤਿ ਚਰਣ 19 ਮਾਤ੍ਰਾ, 12—7 ਪਰ ਵਿਸ਼੍ਰਾਮ.*

**ਉਦਾਹਰਣ—**

ਜੋ ਕਿਸੇ ਦੇ ਕਰੇ ਗੁਣ, ਹੈ ਖੋਂਵਦਾ
ਨੀਂਦ ਸੁਖ ਦੀ ਸੋ ਕਦੇ, ਨਾ ਸੋਂਵਦਾ.+++

2. ਜੇ ਇਸ ਛੰਦ ਦੇ ਅੰਤ ਯਗਣ ।ऽऽ ਦਾ ਨਿਯਮ ਕਰ ਦਿੱਤਾ ਜਾਵੇ, ਤਦ "ਸੁਮੇਰੁ" ਛੰਦ ਬਣ ਜਾਵੇਗਾ, **ਯਥਾ** :—

ਜਗਤ ਕੇ ਨਾਥ ਕੋ ਨਿਤ, ਚਿੱਤ ਧਜਾਵੋ,
ਜਨਮ ਅਰੁ ਮਰਣ ਮੇ ਨਾ, ਫੇਰ ਆਵੋ.+++

**ਮਹਾਨਰਾਚ** ਦੇਖੋ, ਅਨੰਗਸ਼ੇਖਰ.

**ਮਹਾ ਭੁਜੰਗਪ੍ਰਯਾਤ** ਦੇਖੋ, ਭੁਜੰਗਪ੍ਰਯਾਤ ਦਾ ਰੂਪ 4.

**ਮਹਾ ਮਾਲਿਕਾ** ਦੇਖੋ, ਨਾਰਾਚ.

**ਮਹੀ** ਦੇਖੋ, ਏਕਾਛਰੀ ਦਾ ਰੂਪ 2.

**ਮਕਰ** ਦੇਖੋ, ਛੱਪਯ ਦਾ ਰੂਪ 8.

## ਮਕਰਾ

ਲੱਛਣ—ਚਾਰ ਚਰਣ, ਪ੍ਰਤਿ ਚਰਣ 12 ਮਾਤ੍ਰਾ, ਅੰਤ ਗੁਰੁ ਲਘੁ ਦਾ ਨਿਯਮ ਨਹੀਂ. ਇਸ ਦੇ ਚਰਣਾਂ ਦਾ ਅੰਤਿਮ ਅਨੁਪ੍ਰਾਸ ਭੀ ਤਿੰਨ ਪ੍ਰਕਾਰ ਦਾ ਹੈ :—

(ੳ) **ਪਹਿਲੇ ਤਿੰਨ ਚਰਣਾਂ ਦਾ ਸਮਾਨ, ਅਤੇ ਚੌਥੇ ਦਾ ਭਿੰਨ.**
(ਅ) **ਪਹਿਲੇ ਦੋ ਚਰਣਾਂ ਦਾ ਸਮਾਨ, ਤੀਜੇ ਅਤੇ ਚੌਥੇ ਦਾ ਭਿੰਨ.**
(ੲ) **ਚੌਹਾਂ ਚਰਣਾਂ ਦਾ ਭਿੰਨ ਤੁਕਾਂਤ ਦੇਖੋ, ਤਿੰਨੇ ਉਦਾਹਰਣ—**

1. ਸਿਯ ਲੈ ਸਿਏਸ ਆਏ,
ਮੰਗਲ ਸੁਚਾਰੁ ਗਾਏ,
ਆਨੰਦ ਹਿਯੇ ਬਢਾਏ,
ਸ਼ਹਰੋ ਅਵਧ ਜਹਾਂ ਰੇ.

2. ਕੋਊ ਬਤਾਇ ਦੈ ਰੇ,
ਚਾਹੋ ਸੁ ਆਨ ਲੈ ਰੇ,
ਜਿਨ ਦਿਲ ਹਰਾ ਹਮਾਰਾ,
ਵਹ ਮਨਹਰਨ ਕਹਾਂ ਹੈ.

---

*ਜ਼ਫਰਨਾਮਹ ਦੇ ਬੈਤਾਂ ਨੂੰ ਭੀ ਕਈ ਵਿਦ੍ਵਾਨਾਂ ਨੇ ਮਸਨਵੀ ਮੰਨਿਆ ਹੈ.

3. ਜੀਤੇ ਬਜੰਗ ਜ਼ਾਲਿਮ,
ਕੀਨੇ ਖਤੰਗ ਪਰਰਾਂ,
ਪੁਹਪਕ ਬਿਬਾਨ ਬੈਠੇ.
ਸੀਤਾਰਮਣ ਕਹਾਂ ਹੈ.

[ ਦਸਮਗ੍ਰੰਥ, ਰਾਮਾਵਤਾਰ ]

ਜੇ ਮਕਰਾ ਛੰਦ ਦੇ ਚਾਰੇ ਚਰਣਾਂ ਦਾ ਇੱਕ ਚਰਣ ਮੰਨਲਯਾ ਜਾਵੇ, ਤਦ ਏਹ "ਇੰਦੁਮਣਿ" ਦਾ ਰੂਪਾਂਤਰ ਹੈ, ਭੇਦ ਕੇਵਲ ਇਤਨਾ ਹੈ ਕਿ ਇਸ ਦੇ ਹਰੇਕ ਵਿਸ਼੍ਰਾਮ ਦੇ ਅੰਤ ਗੁਰੁ ਅਖਰ ਹੋਣ ਦਾ ਨਿਯਮ ਨਹੀਂ. ਦੇਖੋ, ਰੇਖ਼ਤਾ ਦਾ ਰੂਪ 2.

**ਮਕਰੰਦ** ਦੇਖੋ, ਸਵੈਯੇ ਦਾ ਰੂਪ 25.
**ਮੱਛ** ਦੇਖੋ, ਦੋਹਰੇ ਦਾ ਰੂਪ 4.
**ਮਣਿਧਰ** ਦੇਖੋ, ਸਵੈਯੇ ਦਾ ਰੂਪ 21.
**ਮੱਤਗਯੰਦ** ਦੇਖੋ, ਸਵੈਯੇ ਦਾ ਰੂਪ 10.

## ਮੱਤਦੁਰਮਿਲਾ—ਮੱਤਦ੍ਰਮਿਲਾ

**ਇਸ ਦਾ ਨਾਮ "ਸ਼ੇਕਹਰ" ਭੀ ਹੈ.**

ਲਖਣ—ਚਾਰ ਚਰਣ, ਪ੍ਰਤਿ ਚਰਣ 30 ਮਾਤ੍ਰਾ, ਤਿੰਨ ਵਿਸ਼੍ਰਾਮ ਅੱਠ ਅੱਠ ਪਰ, ਚੌਥਾ ਛੀ ਮਾਤ੍ਰਾ ਪਰ, ਅੰਤ ਗੁਰੁ. **ਉਦਾਹਰਣ**—

ਡਰ ਮਰਦਾਨੇ, ਬਚਨ ਬਖਾਨੇ,
ਕੇਚਿਤ ਨਰ ਇਉਂ, ਬੈਨ ਕਹੈਂ, + + +
ਡੂਮੰ ਤਾਂਹੀ ਭਾ ਜੁ ਕੁਰਾਹੀ,
ਨਹਿ ਰਬਾਬ ਕੋ ਦੇਨ ਚਹੈਂ.

[ ਨਾਨਕ ਪ੍ਰਕਾਸ਼ ]

**ਮੱਤਾਕ੍ਰੀੜਾ** ਦੇਖੋ, ਸਵੈਯੇ ਦਾ ਭੇਦ 26.

## ਮਥਾਨ-ਮੰਥਾਨ

ਲਖਣ—ਚਾਰ ਚਰਣ, ਪ੍ਰਤਿ ਚਰਣ ਦੋ ਤਗਣ SSI, SSI. **ਉਦਾਹਰਣ**—

ਛਾਜੈ ਮਹਾਂ ਜੋਤ । ਭਾਨੰ ਮਨੋ ਦੋਤ ।
ਰਾਜੈ ਮਹਾਂ ਰੂਪ । ਲਾਜੈਂ ਸਭੈ ਭੂਪ ॥

[ ਦਸਮਗ੍ਰੰਥ, ਕਲਕੀ ]

**ਮਦਨ** ਦੇਖੋ, ਰੂਪਮਾਲਾ.
**ਮਦਨਹਰ** ਦੇਖੋ, ਡਿਉਢਾ.

ਮਦਰਾ-ਮਦਿਰਾ* ਦੇਖੋ, ਸਵੈਯੇ ਦਾ ਰੂਪ 9.

ਮਦੁਕਲ ਦੇਖੋ, ਦੋਹਰੇ ਦਾ ਰੂਪ 10.

## ਮਧਭਾਰ—ਮਧੁਭਾਰ

ਇਸ ਦਾ ਨਾਮ "ਛਬਿ" ਅਤੇ "ਮੋਹਣਾ" ਭੀ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, ਚਾਰ ਮਾਤ੍ਰਾ ਪਿਛੋਂ ਜਗਣ ।S।. ਉਦਾਹਰਣ—

ਗੁਨ ਗਨ ਉਦਾਰ । ਮਹਿਮਾ ਅਪਾਰ ।
ਆਸਨ ਅਭੰਗ । ਉਪਮਾ ਅਨੰਗ ॥

[ ਜਾਪੁ ]

## ਮਧੁਰਧੁਨਿ

ਇਸ ਦੇ ਨਾਮ "ਅਕਰਾ" "ਅਣਕਾ" "ਅਨਹਦ" "ਅਨੁਭਵ" "ਸਸਿਵਦਨਾ" ਅਤੇ "ਚੰਡਰਸਾ" ਭੀ ਹੈਨ.

ਲਛਣ—ਚਾਰ ਚਰਣ, ਪ੍ਰਤਿ ਚਰਣ ਨ, ਯ. ।।।. ।SS. ਉਦਾਹਰਣ—

ਢਲਹਲ ਢਾਲੰ । ਜਿਮ ਗੁਲ ਲਾਲੰ ।
ਖੜਭੜ ਬੀਰੰ । ਤੜਸੜ ਤੀਰੰ ॥

[ ਦਸਮਗ੍ਰੰਥ, ਸੂਰਯਾਵਤਾਰ ]

ਮਨਹਰ—ਮਨਹਰਣ ਦੇਖੋ, ਕਬਿੱਤ.

2. ਕਈ ਕਵੀਆਂ ਨੇ "ਬਿਸੇਖ" ਅਥਵਾ "ਨੀਲ" ਛੰਦ ਦਾ ਨਾਮ ਭੀ "ਮਨਹਰਣ" ਲਿਖਿਆ ਹੈ.

ਲਛਣ—ਚਾਰ ਚਰਣ, ਪ੍ਰਤਿ ਚਰਣ ਪੰਜ ਭਗਣ ਅਤੇ ਇੱਕ ਗੁਰੁ. ।।S, ।।S, ।।S, ।।S, ।।S. S. ਉਦਾਹਣ—ਦੇਖੋ, ਬਿਸੇਖ.

## ਮਨਹਰੀ

ਇਸ ਦੇ ਨਾਮ "ਮਰਹਟਾ" "ਮਰਹਠੀ" "ਮਾਰਹ" ਅਤੇ "ਮਾਰਹਾ" ਭੀ ਹੈਨ.

ਲਛਣ—ਚਾਰ ਚਰਣ, ਪ੍ਰਤਿ ਚਰਣ 29 ਮਾਤ੍ਰਾ, ਪਹਿਲਾ ਵਿਸ਼੍ਰਾਮ 10 ਪਰ, ਦੂਜਾ 8 ਪਰ, ਤੀਜਾ 11 ਮਾਤ੍ਰਾ ਪਰ, ਅੰਤ ਗੁਰੁ ਲਘੁ. ਉਦਾਹਰਣ—

ਲਖ ਮੈ ਮਰਦਾਨਾ, ਉਰ ਬਿਸਮਾਨਾ, ਗੁਰੂ ਰਿਦੇ ਇਹ ਜਾਨ,
ਬੂਝਾ ਪੁਨ ਸੋਈ, ਤੁਮ ਕੋ ਹੋਈ ? ਸਭ ਬਿਧਿ ਕਰੋ ਬਖਾਨ,
ਨਿਜ ਗਾਥ ਉਚਾਰੀ, ਪ੍ਰਭੂ ਅਗਾਰੀ, ਸੁਨਹੁ ਉਧਾਰਕ ਮੇਰ,

*ਇਸਦਾ ਨਾਮ ਮਾਲਿਨੀ ਭੀ ਹੈ.

ਜਬ ਜਨਕ ਬਿਦੇਹੀ, ਤਬ ਨਰ ਦੇਹੀ, ਹੁਤੋ ਰਸੋਈ ਚੇਰ.*

[ਨਾਨਕ ਪ੍ਰਕਾਸ਼]

**ਮਨਮੋਦਕ** ਦੇਖੋ. ਸਵੈਯੇ ਦਾ ਰੂਪ 16.

## ਮਨੋਹਰ

**ਇਹ "ਬਿਜੈ" ਅਤੇ ਮੱਤਗਯੰਦ ਦਾ ਹੀ ਨਾਮਾਂਤਰ ਹੈ.**

**ਲਛਣ**—ਚਾਰ ਚਰਣ, ਪ੍ਰਤਿ ਚਰਣ ਸੱਤ ਭਗਣ, ਅੰਤ ਦੋ ਗੁਰੁ. ऽ।।, ऽ।।, ऽ।।, ऽ।।, ऽ।।. ऽ।।, ऽ।।, ऽ, ऽ. ਉਦਾਹਰਣ—

ਸ਼੍ਰੀ ਜਗਨਾਥ ਕਮਾਨ ਲਿ ਹਾਥ
    ਪ੍ਰਮਾਥਿਨ†ਸੰਗ ਸਜਜੋ ਜਬ ਜੁੱਧੰ,
ਗਾਹਤ ਸੈਨ ਸੰਘਾਰਤ ਸੂਰ
    ਬਬੰਕਤ ਸਿਘ ਭ੍ਰਮਜੋ ਕਰ ਕ੍ਰੁੱਧੰ + + +

[ਦਸਮਗ੍ਰੰਥ, ਚੰਡੀ ਚਰਿਤ੍ਰ 2]

**ਮਨੋਜ** ਦੇਖੋ, ਸਵੈਯੇ ਦਾ ਰੂਪ 20.

2. ਦੂਜਾ ਰੂਪ ਏਹ ਹੈ ਕਿ ਤੋਟਕ ਛੰਦ ਦੇ ਅੰਤ ਇੱਕ ਲਘੁ ਲਾਉਣ ਤੋਂ ਮਨੋਜ ਛੰਦ ਬਣਦਾ ਹੈ, ਅਰਥਾਤ ਚਾਰ ਸਗਣ ਅਤੇ ਇੱਕ ਲਘੁ, ।।ऽ, ।।ऽ, ।।ऽ, ।।ऽ, ।. **ਉਦਾਹਰਣ**—

ਸਕੁਚੇ ਸਬੈ ਅੰਗ ਵਿਭੰਗ ਸੁਚਾਲ,
ਪੁਨ ਭ੍ਰੂ ਸਮਸ਼੍ਰੁ ਭਈ ਰਦਮਾਲ.‡ + + +

[ਵੈਰਾਗ ਸ਼ਤਕ, ਹਰਦਿਯਾਲ ਕ੍ਰਿਤ]

**ਮਨੋਭਵ** ਦੇਖੋ, ਸੁਧਾਨਿਧਿ.

## ਮਰਹਟਾ--ਮਰਹਰੀ

**ਦੇਖੋ**, ਲਛਣ "ਮਨਹਰੀ" ਦਾ. **ਉਦਾਹਰਣ** –

ਹੇਰਤ ਸੁਤ ਕਾਲੂ, ਹਰਖ ਬਿਸਾਲੂ, ਪਢਨੋਚਿਤ ਮਨ ਜਾਨ,
ਹਮ ਕਾਜ ਵਿਸੇਖਾ, ਸੀਖਹਿ ਲੇਖਾ, ਬੈਸ ਅਬਹਿ ਪਹਿਚਾਨ,
ਕਾਰੰ ਪਟਵਾਰੀ, ਗ੍ਰਾਮਹਿ ਸਾਰੀ, ਕਰਨੋਚਿਤ ਤਬ ਹੋਇ,
ਪਾਧੇ ਪਹਿ ਬੈਸੇ, ਹੋ ਮਮ ਜੈਸੇ, ਸੰਖ੍ਯਾ ਨਿਪੁਨੰ ਸੋਇ.

[ਨਾਨਕਪ੍ਰਕਾਸ਼]

**ਮਰਕਟ** ਦੇਖੋ, ਦੋਹਰੇ ਦਾ ਰੂਪ 14.
**ਮਲਯ** ਦੇਖੋ, ਛੱਪਯ ਦਾ ਰੂਪ 4.
**ਮਲਿੰਦ** ਦੇਖੋ, ਸਵੈਯੇ ਦਾ ਰੂਪ 5.

---

*ਇੱਕ ਤਾਮਸੀ ਜੀਵ ਨੂੰ ਗੁਰੂ ਨਾਨਕ ਦੇਵ ਨੇ ਮੁਕਤ ਕੀਤਾ, ਉਸ ਨੇ ਆਪਣੇ ਪ੍ਰਾਚੀਨ ਜਨਮ ਦੀ ਕਥਾ ਸੁਣਾਈ ਕਿ ਮੈਂ ਰਾਜਾ ਜਨਕ ਦਾ ਲਾਂਗਰੀ ਸੀ.

†ਫ਼ਿਸਾਦੀ.    ‡ਦੰਦਾਂ ਦੀ ਪੰਕਤੀ.

## ਮੱਲਿਕਾ

ਲਛਣ—ਚਾਰ ਚਰਣ, ਪ੍ਰਤਿ ਚਰਣ ਰ, ਜ, ਗ, ਲ. SIS, ISI S, I. ਅਥਵਾ ਗੁਰੁ ਲਘੁ ਕ੍ਰਮ ਨਾਲ ਅੱਠ ਅਖਰ. ਇਸ ਦਾ ਨਾਮ "ਸਮਾਨੀ" ਭੀ ਹੈ. **ਉਦਾਹਰਣ**—

ਪ੍ਰਾਤ ਹੀ ਸਨਾਨ ਠਾਨ,
ਸ਼੍ਰੀ ਅਕਾਲ ਲਾਯ ਧਯਾਨ,
ਫੇਰ ਕੀਜਿਯੇ ਵਿਹਾਰ,
ਰੀਤਿ ਸਿੱਖ ਹੈ ਵਿਚਾਰ.

2. **ਦੇਖੋ**, ਸਵੈਯੇ ਦਾ ਰੂਪ 28.

**ਮੱਲੀ** ਦੇਖੋ, ਸਵੈਯੇ ਦਾ ਰੂਪ 16.

**ਮਾਧਵੀ** ਦੇਖੋ, ਸਵੈਯੇ ਦਾ ਰੂਪ 25.

## ਮਾਧੋ

**ਇਸ ਦਾ ਨਾਮ "ਕ੍ਰੀੜਾ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਯ, ਗ. ISS, S. **ਉਦਾਹਰਣ**—

ਪਿਤਾ ਮਾਤਾ। ਮਤੀ ਦਾਤਾ। ਗੁਰੂ ਜਾਨੋ। ਸਦਾ ਮਾਨੋ॥

2. ਮਾਧੋ ਦਾ **ਦੂਜਾ ਰੂਪ ਹੈ**—ਚਾਰ ਚਰਣ, ਪ੍ਰਤਿ ਚਰਣ ਸ, ਭ, ਭ, ਗ, ਗ. IIS, SII, SII, S, S. ਉਦਾਹਰਣ—ਦੇਖੋ, ਤੀਜੇ ਰੂਪ ਦੇ ਉਦਾਹਰਣ ਦੀ ਪਹਿਲੀ ਤੁਕ.

3. ਮਾਧੋ ਦਾ **ਤੀਜਾ ਰੂਪ ਹੈ**—ਪ੍ਰਤਿ ਚਰਣ 16 ਮਾਤ੍ਰਾ ਅੰਤ ਦੋ ਗੁਰੁ. ਇਹ ਅੜਿੱਲ ਦਾ ਦੂਜਾ ਭੇਦ ਹੈ. **ਉਦਾਹਰਣ**—

ਜਬ ਕੋਪਾ ਕਲਕੀ ਅਵਤਾਰਾ,
ਬਾਜਤ ਤੂਰ ਹੋਤ ਝੁਨਕਾਰਾ,
ਹਾ ਹਾ ਮਾਧੋ ! ਬਾਨ ਕਮਾਨ ਕ੍ਰਿਪਾਨ ਸੰਭਾਰੇ,
ਪੈਠੇ ਭਟ ਹਥਿਆਰ ਉਘਾਰੇ.*

[ਦਸਮਗ੍ਰੰਥ ਕਲਕੀ]

**ਮਾਨਿਨੀ** ਦੇਖੋ. ਸਵੈਯੇ ਦਾ ਰੂਪ 28.

## ਮਾਰਹ--ਮਾਰਹਾ

ਦੇਖੋ, ਲਛਣ "ਮਨਹਰੀ" ਦਾ. **ਉਦਾਹਰਣ**—

ਹਿਤ ਸੰਗ ਕੁਨਾਰਨ, ਅਤਿ ਬਿਭਚਾਰਨ,

---

*ਇਸ ਉਦਾਹਰਣ ਦੀ ਪਹਿਲੀ ਤੁਕ ਵਿੱਚ ਮਾਧੋ ਦਾ ਦੂਜਾ ਸਰੂਪ, ਅਤੇ ਤਿੰਨ ਚਰਣਾਂ ਵਿਖੇ ਤੀਜਾ ਲਛਣ ਘਟਦਾ ਹੈ. "ਹਾ ਹਾ ਮਾਧੋ !" ਪਦ ਅੜਿੱਲ ਅਤੇ ਪੁਨਹਾ ਦੇ ਸੰਬੋਧਕ ਪਦਾਂ ਵਾਙ ਸੰਖ੍ਯਾ ਤੋਂ ਬਾਹਰ ਹੈ.

ਜਿਨ ਕੇ ਐਸ ਪ੍ਰਕਾਰ,
ਚਿਤ੍ਰਿਤ ਬਹੁ ਚਿਤ੍ਰਨ, ਰੂਪ ਵਿਚਿਤ੍ਰਨ,
ਸੁੰਦਰ ਰੂਪ ਅਪਾਰ.+++

[ ਦਸਮਗ੍ਰੰਥ, ਕਲਕੀ ]

**ਮਾਲਤੀ** ਦੇਖੋ, ਸਵੈਯੇ ਦਾ ਰੂਪ **10.**

2. **ਦੂਜਾ ਰੂਪ**—ਚਾਰ ਚਰਣ, ਪ੍ਰਦਿ ਚਰਣ ਦੋ ਜਗਣ ।ऽ।, ।ऽ।. **ਉਦਾਹਰਣ**—

ਗੁਰੂ ਸਿਖ ਮਾਨ । ਕਰੋ ਪ੍ਰਭੁ ਧਯਾਨ ।
ਵਿਕਾਰਨ ਹਾਨ । ਲਹੋ ਨਿਰਵਾਨ ॥

3. **ਤੀਜਾ ਰੂਪ**—ਪ੍ਰਤਿ ਚਰਣ ਨ, ਰ, ਗ, ਲ. ।।।. ऽ।ऽ ऽ, ।. **ਉਦਾਹਰਣ**-

ਸੁਮਤਿਵਾਨ ਹੈ ਸੋਯ । ਰਹਿਤ ਨਾਹਿ ਜੋ ਸੋਯ,
ਕਰਤ ਕਾਮ ਕੋ ਨਿੱਤ । ਧਰਤ ਨਾਮ ਮੇ ਚਿੱਤ ॥

4. **ਚੌਥਾ ਰੂਪ**—ਪ੍ਰਤਿ ਚਰਣ 11 ਮਾਤ੍ਰਾ, ਅੰਤ ਗੁਰੁ ਲਘੁ. **ਉਦਾਹਰਣ** -

ਮਾਤ ਪਿਤਾ ਸਨਮਾਨ,
ਕਰਤ ਜੁ ਹਿਤ ਚਿਤ ਠਾਨ,
ਸੋ ਹੈਂ ਸੁਘੜ ਸੁਜਾਨ,
ਕਵਿਜਨ ਕਰਤ ਬਖਾਨ.

5. **ਪੰਜਵਾਂ ਰੂਪ**—ਇਸ ਭੇਦ ਦਾ ਨਾਮਾਂਤਰ "ਯਮੁਨਾ" ਭੀ ਹੈ. ਪ੍ਰਤਿ ਚਰਣ ਨ, ਜ, ਜ, ਰ. ।।।, ।ऽ।, ।ऽ।, ऽ।ऽ. ਉਦਾਹਰਣ—

ਪਢ ਗੁਰੁਗ੍ਰੰਥ ਅਨੰਦ ਪਾਗਹੀਂ,
ਗੁਰੁਸਿਖ ਪਾਦ ਸਨੰਮ੍ਰ ਲਾਗਹੀਂ,
ਪਰਵਸ੍ਤੁ ਕੋ ਨਹਿ ਲੋਭ ਧਾਰਤੇ,
ਕਹਿਕਰ ਵਾਕ ਸਦੀਵ ਪਾਲਤੇ.

**ਮਾਲਿਨੀ** ਦੇਖੋ, ਮਦਿਰਾ.

**ਮੁਕਤਹਰਾ** ਦੇਖੋ, ਸਵੈਯੇ ਦਾ ਰੂਪ **31.**

## ਮੁਕਤਾਮਣਿ

ਦੇਖੋ, ਤੋਮਰ ਦਾ ਰੂਪ 3, ਅਤੇ ਪੌੜੀ ਦਾ ਰੂਪ **15.**

## ਮੋਦਕ

**ਏਹ "ਤੋਟਕ" ਛੰਦ ਦਾ ਹੀ ਨਾਮਾਂਤਰ ਹੈ.**

ਲਕ੍ਸ਼ਣ—ਪ੍ਰਤਿ ਚਰਣ ਚਾਰ ਸਗਣ. ।।ऽ, ।।ऽ, ।।ऽ, ।।ऽ. **ਉਦਾਹਰਣ**—

ਅਬ ਏਕ ਕਿਯੇ ਬਿਨ ਯੌਂ ਨ ਟਰੈਂ,
ਦੂਉ ਦਾਂਤਨ ਪੀਸ ਹਕਾਰ ਪਰੈਂ,

ਜਬ ਲੌ ਨ ਸੁਨੋ ਲਵ ਖੇਤ ਮਗਾ,
ਤਬ ਲੌ ਨ ਲਖੋਂ ਰਣ ਬਾਜਿ ਟਗਾ.

[ ਦਸਮਗ੍ਰੰਥ, ਮਾਨਧਾਤਾ ]

ਮੇਰੁ ਦੇਖੋ, ਛੱਪਯ ਦਾ ਰੂਪ 9,

## ਮੋਹਣ--ਮੋਹਣਾ

**ਏਹ ਮਧੁਭਾਰ ਛੰਦ ਦਾ ਹੀ ਨਾਮਾਂਤਰ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, 4 ਮਾਤ੍ਰਾ ਪਿਛੋਂ ਇੱਕ ਜਗਣ ।ऽ।,

**ਉਦਾਹਰਣ—**

ਅਤਿ ਰੂਪ ਧਾਮ । ਸੁੰਦਰ ਸੁ ਬਾਮ ॥ +++

[ ਦਸਮ ਗ੍ਰੰਥ, ਦੱਤਾਵਤਾਰ ]

**ਕੇਸ਼ਵ ਦਾਸ ਨੇ ਰਾਮ ਚੰਦ੍ਰਿਕਾ ਵਿਖੇ ਭੀ ਇਹੀ ਰੂਪ ਦਿੱਤਾ ਹੈ, ਯਥਾ :—**

ਧਰ ਚਿੱਤ ਧੀਰ । ਸੁਚਿ ਹੈ ਸ਼ਰੀਰ । +++

## ਮੋਹਣੀ

ਲਛਣ—ਚਾਰ ਚਰਣ, ਪ੍ਰਤਿ ਚਰਣ ਸੋਲਾਂ ਮਾਤ੍ਰਾ, ਹਰੇਕ ਚਰਣ ਦੇ ਆਦਿ ਸਗਣ ।।ऽ, ਅਰੁ ਅੰਤ ਮਗਣ ऽऽऽ. **ਉਦਾਹਰਣ—**

ਭਰਣੰਕ ਸੁ ਭੇਰੀ ਘੋਰਾਣੰ,
ਜਣ ਸਾਵਣ ਭਾਦੋਂ ਮੋਰਾਣੰ,
ਰਿਸ ਬਾਹੈ ਗਾਹੈ ਜੋਧਾਣੰ,
ਰਣ ਰੋਹੈ ਜੋਹੈ ਕ੍ਰੋਧਾਣੰ.

[ਦਸਮਗ੍ਰੰਥ, ਰਾਮਾਵਤਾਰ]

2. ਦਸਮਗ੍ਰੰਥ ਵਿਖੇ "ਮੋਦਕ" ਦਾ ਨਾਮਾਂਤਰ ਭੀ "ਮੋਹਣੀ" ਛੰਦ ਹੈ. ਅਰਥਾਤ ਪ੍ਰਤਿ ਚਰਣ ਚਾਰ ਭਗਣ, ऽ।।, ऽ।।, ऽ।।, ऽ।।. **ਉਦਾਹਰਣ—**

ਗੌਰ ਸਰੂਪ ਮਹਾਂ ਛਬਿ ਸੋਹਤ,
ਦੇਖਤ ਸੂਰਨ ਕੋ ਮਨ ਮੋਹਤ,
ਰੀਝਤ ਤਾਕ ਬਡੇ ਨ੍ਰਿਪ ਐਸਿਹੋਂ,
ਸੋਭਹਿੰ ਕੌਨ ਸਕੈ ਕਹਿ ਕੈਸਹਿੰ.

[ਦਸਮਗ੍ਰੰਥ, ਅਜਰਾਜ]

## ਮੋਹਨ

ਲਛਣ—ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ, ਪਹਿਲਾ ਵਿਸ਼੍ਰਾਮ 16 ਪਰ, ਦੂਜਾ 12 ਪਰ, ਅੰਤ ਰਗਣ ऽ।ऽ. **ਉਦਾਹਰਣ—**

ਧਰਦਾੜ੍ਹ* ਜਜੋਂ ਰਣ ਗਾੜ੍ਹ ਹੈ,

---

*ਵੈਰਾਹ ਭਗਵਾਨ,

ਤ੍ਰਯ ਲੋਕ ਜੀਤ ਸਭੈ ਲਿਯੇ,
ਬਹੁ ਦਾਨ ਦੈ ਸਨਮਾਨ ਸੇਵਕ,
ਭੇਜ ਭੇਜ ਤਹਾਂ ਦਿਯੇ. × × ×

[ ਦਸਮਗ੍ਰੰਥ, ਕਲਕੀ ]

**ਦੇਖੋ, 'ਹਰਿਗੀਤਿਕਾ" ਦਾ ਪਹਿਲਾ ਰੂਪ,**

2. ਕੇਸ਼ਵ ਦਾਸ ਨੇ "ਰਾਮਚੰਦ੍ਰਿਕਾ" ਵਿੱਚ ਮੋਹਨ ਦਾ ਸਰੂਪ ਦਿੱਤਾ ਹੈ, ਪ੍ਰਤਿ ਚਰਣ ਭ, ਨ, ਜ, ਯ. ऽ।।, ।।।, ।ऽ।, ऽऽ **ਉਦਾਹਰਣ**—

ਸੁੰਦਰ ਵਪੁ ਅਤਿ ਸ਼ਯਾਮਲ ਸੋਹੈ,
ਦੇਖਤ ਸੁਰ ਨਰ ਕੋ ਮਨ ਮੋਹੈ. × × ×

3. **ਮੋਹਨ ਦਾ ਤੀਜਾ ਰੂਪ**—ਚਾਰ ਚਰਣ, ਪ੍ਰਤਿ ਚਰਣ 23 ਮਾਤ੍ਰਾ, 13—10 ਪਰ ਵਿਸ਼੍ਰਾਮ, ਅੰਤ ਦੋ ਗੁਰੁ.

ਜੋ ਗੁਰੁ ਗੋਪੇ ਆਪਣਾ, ਸੋ ਠੌਰ ਨ ਪਾਵੈ,
ਚੌਰਾਸੀ ਭਟਕਤ ਫਿਰੈ, ਮਨ ਸਾਂਤਿ ਨ ਆਵੈ. + + +

**ਜੇ ਅਨੁਪ੍ਰਾਸ ਤੁਕ ਦੇ ਅੰਤ ਦੀ ਥਾਂ ਮਧ੍ਯ ਹੋਵੇ. ਤਦ ਏਹ 23 ਮਾਤ੍ਰਾ ਦਾ ਸਿਰਖੰਡੀ ਬਣਜਾਂਦਾ ਹੈ.**

## ਮੋਹਿਨੀ

ਲਕ੍ਸ਼ਣ—ਦੋ ਚਰਣ, ਪ੍ਰਤਿ ਚਰਣ 19 ਮਾਤ੍ਰਾ. 12—7 ਪਰ ਵਿਸ਼੍ਰਾਮ, ਅੰਤ ਸਗਣ ।।ऽ. **ਉਦਾਹਰਣ**—

ਸ਼ਸ੍ਤ੍ਰ ਸ਼ਾਸ੍ਤ੍ਰ ਕੋ ਗਯਾਤਾ, ਜਗਹਿਤ ਕਰੈ,
ਦੇਸ਼ ਕ੍ਰੌਮ ਕੋ ਤ੍ਰਾਤਾ, ਕਬਿ ਨਹਿਂ ਮਰੈ. + + +

2. **ਵਰਣਿਕ ਮੋਹਨੀ ਦਾ ਰੂਪ ਹੈ**—ਚਾਰ ਚਰਣ, ਪ੍ਰਤਿ ਚਰਣ ਸ, ਭ, ਤ, ਯ, ਸ. ।।ऽ. ऽऽ।, ।ऽऽ, ।।ऽ. 7—8 ਅਕ੍ਸ਼ਰਾਂ ਪਰ ਵਿਸ਼੍ਰਾਮ, **ਉਦਾਹਰਣ**—

ਜਿਸ ਨੇ ਸ਼੍ਰੀ ਗੁਰੁ ਕੇ, ਵਾਕਨ ਕੋ ਹੈ ਸਿਮਰਾ,
ਨਹਿ ਵਯਾਪੈ ਉਸ ਕੋ, ਮ੍ਰਿਤ੍ਯੁ ਨ ਢੰਡੇ ਜਮਰਾ. + + +

## ਮੋਤਿਯਦਾਮ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਚਾਰ ਜਗਣ. ।ऽ।. ।ऽ।, ।ऽ।, ।ऽ।. **ਉਦਾਹਰਣ**—

ਜਪਯੋ ਨਹਿ ਨਾਮ ਕਰਯੋ ਕਛੁ ਕਾਮ,
ਤਜੀ ਕੁਲਲਾਜ ਫਿਰੇ ਪਰਧਾਮ,
ਪੜ੍ਹੇ ਬਹੁ ਗ੍ਰੰਥ ਲਖਯੋ ਨਹਿ ਸਾਰ,
ਵ੍ਰਿਥਾ ਜਨਮੇ ਨਰ ਸੇ ਭੁਵਿਭਾਰ.

## ਮੋਦਕ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ ਚਾਰ ਭਗਣ. ਦੇਖੋ, ਸੁੰਦਰੀ ਦਾ ਰੂਪ 3 ਅਤੇ ਦੋਧਕ ਦਾ ਰੂਪ 2.

ਮੌਕ੍ਤਿਕਦਾਮ ਦੇਖੋ, ਮੌਤਿਯਦਾਮ.

ਮੌਕ੍ਤਿਕਮਾਲਾ ਦੇਖੋ, ਅਨੁਕੂਲਾ.

ਮੰਜਰੀ ਦੇਖੋ, ਸਵੈਯੇ ਦਾ ਰੂਪ 25.

## ਮੰਜੁ

**ਬਾਵਾ ਸੁਮੇਰੁ ਸਿੰਘ ਜੀ ਨੇ "ਤਾਟੰਕ" ਦਾ ਹੀ ਇਹ ਨਾਮ ਕਲਪ ਲਯਾ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ 30 ਮਾਤ੍ਰਾ, 16—14 ਪਰ ਵਿਸ਼੍ਰਾਮ, ਅੰਤ ਮਗਣ SSS ਉਦਾਹਰਣ—

ਮਹਾਂ ਸਿੰਘ ਤਬ ਕਹੀ ਕ੍ਰਿਪਾ ਨਿਧਿ, ਬਾਤ ਨ ਕੋਈ ਬਾਕੀ ਹੈ,
ਅੰਤ ਸਮੇ ਪ੍ਰਭੁ ਦਰਸ਼ਨ ਪਾਯੋ, ਯਮ ਤੇ ਭਈ ਬਿਬਾਕੀ ਹੈ,
ਬੇਦਾਵੇ ਵਾਰੋ ਪ੍ਰਭੁ ਕਾਗਜ਼, ਫਾਰੋ ਕਰੋ ਨਿਹਾਲਾ ਹੈ,
ਭਲੇ ਬੁਰੇ ਸਭ ਨਾਥ ਤਿਹਾਰੇ, ਟੂਟੀ ਮੇਲੋ ਮਾਲਾ ਹੈ.†

[ ਗੁਰੁਪਦਪ੍ਰੇਮ ਪ੍ਰਕਾਸ਼ ]

ਮੰਡੂਕ ਦੇਖੋ, ਦੋਹਰੇ ਦਾ ਰੂਪ 15.

ਮੰਥਾਨ ਦੇਖੋ, ਮਥਾਨ.

ਮ੍ਰਿਗੇਂਦ੍ਰ ਦੇਖੋ, ਏਕਾਛਰੀ ਦਾ ਰੂਪ 3.

ਮ੍ਰਿਤਗਤ ਦੇਖੋ, ਅਮ੍ਰਿਤਗਤਿ ਅਤੇ ਮ੍ਰਿਦੁਗਤਿ.

ਮ੍ਰਿਦੁਗਤਿ ਦੇਖੋ, ਦਿਗਪਾਲ.

ਯਸ਼ੋਦਾ ਦੇਖੋ, ਉਗਾਧ.

ਯਮੁਨਾ ਦੇਖੋ, ਮਾਲਤੀ ਦਾ ਰੂਪ 5.

## ਰਸਾਵਲ

**ਜਾਪ ਵਿਖੇ ਅਰਧ ਭੁਜੰਗ ਦਾ ਹੀ ਨਾਮ ਰਸਾਵਲ ਆਯਾ ਹੈ, ਯਥਾ :—**

ਨਮੋ ਨਰਕ ਨਾਸੇ । ਸਦੈਵੰ ਪ੍ਰਕਾਸੇ ।
ਅਨੰਗੰ ਸਰੂਪੇ । ਅਭੰਗੰ ਬਿਭੂਤੇ ॥

**ਵਿਚਿਤ੍ਰ ਨਾਟਕ ਵਿੱਚ ਭੀ ਰਸਾਵਲ ਦਾ ਇਹੀ ਰੂਪ ਹੈ, ਯਥਾ :—**

ਸੁਭੰ ਜੀਭ ਜ੍ਵਾਲੰ । ਸੁ ਦਾੜ੍ਹਾ ਕਰਾਲੰ ।
ਬਜੀ ਬੰਬ ਸੰਖੰ । ਉਠੇ ਨਾਦ ਬੰਖੰ ॥

2. ਰਸਾਵਲ ਦਾ ਹੋਰ ਰੂਪ—ਚਾਰ ਚਰਣ, ਪ੍ਰਤਿ ਚਰਣ 24 ਮਾਤ੍ਰਾ, 11—13 ਪਰ, ਵਿਸ਼੍ਰਾਮ, ਅੰਤ ਭਗਣ SII. ਉਦਾਹਰਣ—

ਪ੍ਰਾਤ ਕਰੈ ਇਸਨਾਨ, ਧਯਾਨ ਗੁਰੁ ਪਗ ਮੇ ਲਾਵਤ,
ਧਰਮਕਿਰਤ ਕਰ ਛਕੈ, ਯਾਚਨਾ ਹਿਤ ਨਹਿ ਜਾਵਤ,

---

†ਇਹ ਮੁਕਤਸਰ ਜੀ ਦੇ ਯੁੱਧ ਦਾ ਪ੍ਰਸੰਗ ਹੈ.

ਰਹਿਣੀ ਕਹਿਣੀ ਤੁੱਲ, ਗੁਰੁਉਪਦੇਸ਼ ਕਮਾਵਤ,

ਹਰਿਵ੍ਰਿਜੇਸ਼ ਕੋ ਸਦਾ, ਸਿੱਖ ਐਸੋ ਹੈ ਭਾਵਤ.

3 ਰੋਲਾ ਛੰਦ ਨੂੰ ਭੀ ਕਈ ਕਵੀਆਂ ਨੇ "ਰਸਾਵਲ" ਮੰਨਿਆ ਹੈ. ਦੇਖੋ, ਰੋਲਾ.

4. ਜੇ ਰਸਾਵਲ ਦੇ ਦੂਜੇ ਰੂਪ ਦੇ ਅੰਤ ਭਗਣ ਦੀ ਥਾਂ ਦੋ ਗੁਰੁ ਹੋਣ, ਤਦ ਇਸ ਛੰਦ ਦੀ "ਚੋਪਦ" ਸੰਗ੍ਯਾ ਹੋ ਜਾਂਦੀ ਹੈ.

5. ਅਨੇਕ ਗ੍ਰੰਥਾਂ ਵਿਖੇ ਤੁਕਾਂਤ ਵਿੱਚ ਭਗਣ ਅਥਵਾ ਗੁਰੁ ਆਦਿਕ ਅਖਰਾਂ ਦਾ ਕੋਈ ਨਿਯਮ ਨਹੀਂ, ਕੇਵਲ 24 ਮਾਤ੍ਰਾ, ਅਰੁ 11—13 ਪਰ ਵਿਸ਼੍ਰਾਮ ਹੀ ਰਸਾਵਲ ਦਾ ਲਖਣ ਹੈ.

## ਰਡ ਅਥਵਾ--ਰੱਡ.

ਲਖਣ - ਚਾਰ ਚਰਣ, ਪਹਿਲੇ ਚਰਣ ਦੀ 41 ਮਾਤ੍ਰਾ, 15—11 ਅਤੇ 15 ਪਰ ਤਿੰਨ ਵਿਸ਼੍ਰਾਮ, ਦੂਜੇ ਚਰਣ ਦੀ 26 ਮਾਤ੍ਰਾ, 11—15 ਪਰ ਵਿਸ਼੍ਰਾਮ, ਅੰਤ ਦੋ ਚਰਣ ਦੋਹਾ. ਇਹ ਵਿਖਮਤਰ ਛੰਦ ਹੈ. **ਉਦਾਹਰਣ**—

ਕੀਜੈ ਸਦਾ ਧਰਮ ਪਰਿਚਾਰ. ਦੇਸ ਪ੍ਰੇਮ ਕੋ ਧਾਰ,

ਕਦੇ ਨਾ ਦ੍ਵੈਤਭਾਵ ਕਰਿਯੇ,

ਮਨ ਨੀਵਾਂ ਮਤਿ ਉੱਚ, ਹਿਤ ਕੀ ਸਿਖ੍ਯਾ ਕੰਨ ਧਰਿਯੇ,

ਜੋ ਨਰ ਸਤਗੁਰੁ ਬਚਨ ਪੈ, ਅਮਲ ਕਰਤ ਦਿਨ ਰੈਨ,

ਹਰਿਵ੍ਰਿਜੇਸ਼ ਸੁਖ ਸੰਪਦਾ, ਬਸਤੀ ਹੈ ਤਿਸ ਐਨ

**ਇਹੀ ਰੂਪ ਰਡ ਦਾ ਭੱਟਾਂ ਦੇ ਸਵੈਯਾ ਵਿੱਚ ਆਯਾ ਹੈ, ਯਥਾ :—**

ਜਿਸਹਿ ਧਾਰ੍ਯਉ ਧਰਤਿ ਅਰ ਵਿਉਮ,

ਅਰ ਪਵਣ ਤੇ ਨੀਰ ਸਰ,

ਅਵਰ ਅਨਲ ਅਨਾਦਿ ਕੀਅਉ.

ਸਸਿ ਰਿਖਿ ਨਿਸ ਸੂਰ ਦਿਨ,

ਸੈਲ ਤਰੂਅ ਫਲ ਫੁਲ ਦੀਅਉ,

ਸੁਰ ਨਰ ਸਪਤ ਸਮੁਦ੍ਰ ਕਿਅ,

ਧਾਰਜੋ ਤ੍ਰਿਭਵਣ ਜਾਸ,

(ਸੋਈ) ਏਕ ਨਾਮ ਹਰਿਨਾਮ ਸਤ

ਪਾਜੋ (ਗੁਰੁ) ਅਮਰ ਪ੍ਰਗਾਸ.

[ ਸ੍ਰੀ ਗੁਰੁ ਗ੍ਰੰਥ ਸਾਹਿਬ, ਸਵੈਯੇ ਮਃ 4 ਕੇ ]

**ਰਣਉੱਧਿਤ** ਦੇਖੋ, ਕਰਖਾ.

**ਰਤਨਮਾਲਿਕਾ** ਦੇਖੋ, ਸਵੈਯੇ ਦਾ ਰੂਪ 17.

## ਰਮਣ

ਲਖਣ—ਚਾਰ ਚਰਣ, ਪ੍ਰਤਿ ਚਰਣ ਇੱਕ ਸਗਣ ।।ऽ. **ਉਦਾਹਰਣ**—

ਸਤ ਕੋ । ਗਰਿਯੇ । ਜਤ ਕੋ । ਧਰਿਯੇ ।।

ਰਮਾ ਦੇਖੋ, ਤ੍ਰਿਗਤਾ ਦਾ ਰੂਪ 2.

## ਰਮਾਣ--ਰਮਾਣਕਾ

ਏਹ ਰਮਣ ਦਾ ਦੂਗਣਾ ਰੂਪ ਹੈ. ਇਸ ਦਾ ਨਾਮਾਂਤਰ ਤਿਲਕਾ ਹੈ.

ਲਛਣ —ਚਾਰ ਚਰਣ, ਪ੍ਰੀਤ ਚਰਣ ਦੋ ਸਗਣ—।।ऽ, ।।ऽ. ਉਦਾਹਰਣ—

ਸੁਕ੍ਰਿਤੰ ਤਜ ਹੈਂ । ਕੁਕ੍ਰਿਤੰ ਭਜ ਹੈਂ ।
ਭ੍ਰਮਣੰ ਭਰ ਹੈਂ । ਜਸ ਤੇ ਟਰ ਹੈਂ ॥

[ ਦਸਮਗ੍ਰੰਥ, ਕਲਕੀ ]

ਰਮਜ ਦੇਖੋ, ਸਵੈਯੇ ਦਾ ਰੂਪ 13.

## ਰਾਧਿਕਾ

ਲਛਣ—ਚਾਰ ਚਰਣ, ਪ੍ਰਤਿ ਚਰਣ 22 ਮਾਤ੍ਰਾ, 13—9 ਪਰ ਵਿਸ਼੍ਰਾਮ, ਅੰਤ ਗੁਰੁ ਲਘੁ ਦਾ ਨਿਯਮ ਨਹੀਂ. ਉਦਾਹਰਣ—

ਮਾਟੀ ਤੇ ਜਿਨ ਸਾਜਿਆ, ਕਰ ਦੁਰਲਭ ਦੇਹ,
ਅਨਿਕ ਛਿਦ੍ਰ ਮਨ ਮਾਹਿ ਢਕੇ, ਨਿਰਮਲ ਦ੍ਰਿਸਟੇਹ,
ਕਿਉ ਬਿਸਰੈ ਪ੍ਰਭੁ ਮਨੈ ਤੇ, ਜਿਸ ਕੇ ਗੁਣ ਏਹ +++

[ ਬਿਲਾਵਲ ਮਹਲਾ 5 ]

ਦੇਖੋ, ਪਉੜੀ ਦਾ ਰੂਪ 9.

## ਰਾਵਣਬਾਦ ‡

ਲਛਣ— ਚਾਰ ਚਰਣ, ਪ੍ਰੀਤ ਚਰਣ ਦੋ ਜਗਣ ।ऽ।. ।ऽ।. ਉਦਾਹਰਣ—

ਗਹੀ ਸ਼ਮਸ਼ੇਰ । ਕਿਯੋ ਜਗ ਜ਼ੇਰ ।
ਦਈ ਮਤਿ ਫੇਰ । ਨ ਲਾਗਿਯ ਦੇਰ ॥

[ ਦਸਮਗ੍ਰੰਥ, ਕਲਕੀ ]

### ਰੁਆਮਣ—ਰੁਆਮਲ—ਰੁਆਲ

ਦੇਖੋ, ਰੁਆਲ

## ਰੁਆਲਾ

ਇਸ ਨਾਮ ਦਾ ਛੰਦ ਦਸਮਗ੍ਰੰਥ ਵਿਖੇ ਨਹੀਂ, ਕੇਵਲ ਸ਼ਾਸਤ੍ਰ ਨਾਮਮਾਲਾ ਵਿਚ ਹਵਾਲਾ ਹੈ, ਯਥਾ :—"ਹੋ ! ਛੰਦ ਰੁਆਲਾ ਬਿਖੇ ਨਿਡਰ ਹੋ ਠਾਨਿਯੈ" ਇਸ ਥਾਂ ਭਾਵ

‡ਇਸ ਦਾ ਅਸਲ ਨਾਮ "ਰਾਵਣਵਾਦਜ" ਹੈ. ਜਿਸ ਦਾ ਅਰਥ ਹੈ ਕਿ ਰੁਆ ਦੇਣ ਵਾਲਾ ਵਾਜਾ. ਏਹ ਛੰਦ ਦ੍ਰੁਤ ਤਾਰ ਨਾਲ ਯੁੱਧ ਸਮੇ ਗਾਈਦਾ ਹੈ. ਇਹ ਮਾਲਤੀ ਦੇ ਦੂਜੇ ਰੂਪ ਦਾ ਨਾਮਾਂਤਰ ਹੈ

"ਰੂਆਲ" ਛੰਦ ਤੋਂ ਹੈ. ਦੇਖੋ, ਰੂਆਲ.

**ਰੁਕਮਵਤੀ** ਦੇਖੋ, ਚੰਪਕਮਾਲਾ.

## ਰੁਣਝੁਣ--ਰੁਣਝੁਣਾ

**ਇਹ ਸ਼ਸਿਵਦਨਾ ਦਾ ਨਾਮਾਂਤਰ ਹੈ.**

ਲਛਣ—ਚਾਰੰ ਚਰਣ, ਪ੍ਰਤਿ ਚਰਣ ਨ, ਯ. ।।।. ।ऽऽ. **ਉਦਾਹਰਣ**—

ਲਖ ਛਬਿ ਬਾਲੀ। ਅਤਿ ਦੁਤਿ ਵਾਲੀ।
ਅਦਭੁਤ ਰੂਪੰ। ਜਨ ਬੁਧਿ ਕੂਪੰ॥

[ ਦਸਮਗ੍ਰੰਥ, ਦੱਤਾਵਤਾਰ ]

## ਰੁਬਾਈ رباعی

ਅ਼ਰਬੀ ਭਾਸ਼ਾ ਵਿੱਚ ਰੁਬਾਈ ਦਾ ਅਰਥ ਹੈ ਚਾਰ ਅਛਰਾਂ ਦਾ ਸ਼ਬਦ, ਅਤੇ ਚਾਰ ਪਦਾਂ ਦਾ ਛੰਦ [ਚੌਪਦਾ]. ਰੁਬਾਈ ਦੇ ਵਜ਼ਨ ਭੀ ਅਨੇਕ ਹਨ. ਪਰੰਤੁ ਜੋ ਬਹੁਤ ਪ੍ਰਸਿੱਧ ਅਤੇ ਭਾਈ ਨੰਦ ਲਾਲ ਜੀ ਦੀ ਰਚਨਾ ਵਿਖੇ ਆਯਾ ਹੈ, ਅਸੀਂ ਉਸ ਦਾ ਲਛਣ ਲਿਖਦੇ ਹਾਂ. ਚਾਰ ਚਰਣ, ਪਹਿਲੇ ਅਤੇ ਦੂਜੇ ਚਰਣ ਦੀਆਂ ਬਾਈ ਬਾਈ ਮਾਤ੍ਰਾ, ਤੀਜੇ ਦੀਆਂ 19, ਅਤੇ ਚੌਥੇ ਚਰਣ ਦੀਆ 20 ਮਾਤ੍ਰਾ, ਅੰਤ ਸਭ ਦੇ ਲਘੁ. ਪਹਿਲੀ ਦੂਜੀ ਅਤੇ ਚੌਥੀ ਤੁਕ ਦਾ ਅਨੁਪ੍ਰਾਸ ਮਿਲਦਾ ਹੋਯਾ. **ਉਦਾਹਰਣ**

ਹਰ ਕਸ ਕਿਜ਼ ਸ਼ੌਕੇ ਤੋ ਕ਼ਦਮ ਅਜ਼ ਸਰਤਾਖ਼੍ਹ,
ਬਰ ਨਹ ਤਬਕ਼ ਚਰਖ਼ ਅ਼ਲਮ ਬਰ ਸਰਾਤਾਖ਼੍ਹ,
ਸ਼ੁਦ ਆਮਦਨ ਮੁਬਾਰਕ ਵ ਰਫ਼ਤਨ ਹਮ,
ਗੋਯਾ ਆਂ ਕਸ ਕਿ ਰਾਹੇ ਹਕ਼ ਬ ਸ਼ਨਾਖ਼੍ਹ,*

[ ਦੀਵਾਨ ਗੋਯਾ ]

## ਰੂਆਮਲ--ਰੂਆਲ‡

ਲਛਣ—ਚਾਰ ਚਰਣ, ਪ੍ਰਤਿ ਚਰਣ ਰ, ਸ, ਜ, ਜ, ਭ, ਗ, ਲ. ऽ।ऽ. ।।ऽ, ।ऽ।, ।ऽ।, ऽ।।,

---

*ਜਿਸਨੇ ਰਸਤੇ ਪ੍ਰੇਮ ਪਿਯਾ ਦੇ ਸਿਰ ਨੂੰ ਪੈਰ ਬਣਾਯਾ,
ਨੌ ਖੰਡਾਂ ਪਰ ਦੁਨਿਯਾਂ ਉੱਤੇ ਉਸ ਦਾ ਝੰਡਾ ਛਾਯਾ,
ਆਵਨ ਧੰਨ ਕਹੋ ਤਿਸ ਤਾਂਈ ਸਫਲਾ ਕਹੋ ਸਿਧਾਯਾ,
"ਗੋਯਾ ਜਿਸ ਨੇ ਆਕੇ ਸੱਚੇ ਵਾਹਿਗੁਰੂ ਨੂੰ ਪਾਯਾ.

[ ਪ੍ਰੇਮਪਿਟਾਰੀ ]

‡ਜੇ ਰੂਆਲ ਛੰਦ ਨੂੰ ਮਾਤ੍ਰਿਕ ਮੰਨਕੇ ਏਹ ਲਛਣ ਕਰੀਏ ਕਿ ਪ੍ਰਤਿ ਚਰਣ 24 ਮਾਤ੍ਰਾ, 14—10 ਪਰ ਵਿਸ਼੍ਰਾਮ, ਅੰਤ ਜਗਣ—।ऽ। ਤਦ "ਸ਼ੋਭਨ" ਸੰਗ੍ਯਾ ਹੁੰਦੀ ਹੈ. ਦੇਖੋ ਸ਼ੋਭਨ. ਅਰੁ ਜੇ ਤੁਕਾਂਤ ਵਿੱਚ ਜਗਣ ਦੀ ਥਾਂ ਗੁਰੁ ਲਘੁ ਦਾ ਹੀ ਨਿਯਮ ਰੱਖੀਏ ਤਦ "ਰੂਪਮਾਲਾ" ਸੰਗ੍ਯਾ ਹੈ.

ਙ. ੧. ਦਸ ਅਰ ਸੱਤ ਅਖਰਾਂ ਪਰ ਵਿਸ਼੍ਰਾਮ. **ਉਦਾਹਰਣ**—

ਦੇਵ ਭੇਵ ਨ ਜਾਨਹੀ ਜਿਹ, ਬੇਦ ਔਰ ਕਤੇਬ,
ਰੂਪ ਰੰਗ ਨ ਜਾਤਿ ਪਾਤਿ ਸੁ, ਜਾਨਹੀ ਕਿਹ ਜੇਬ.+++

[ਜਾਪੁ]

**ਦਸਮਗ੍ਰੰਥ ਦੇ ਰੁਦ੍ਰ ਅਵਤਾਰ ਵਿਖੇ "ਰੁਆਮਣ"—"ਰੁਆਲ" ਅਤੇ "ਰੁਆਮਲ" ਸਿਰਲੇਖ ਹੇਠ ਜਾਪੁ ਵਾਲਾ ਹੀ ਸੁਰੂਪ ਦੇਖਿਆ ਜਾਂਦਾ ਹੈ. ਦੇਖੋ, ਤਿੰਨੇ ਰੂਪ :—**

**(ੳ) ਰੁਆਮਣ—**

ਅੰਧਕੰਧ ਫਿਰਜੋ ਤਬੈ ਜਯ ਦੁੰਦਭੀਨ ਬਜਾਇ.

**(ਅ) ਰੁਆਲ—**

ਅੰਗਭੰਗ ਪਰੇ ਕਹੂੰ ਸਰਬੰਗ ਸ੍ਰੋਨਤ ਪੂਰ.

**(ੲ) ਰੂਆਮਲ—**

ਸਾਜ ਬਾਜ ਕਟੇ ਕਹੂੰ ਗਜਰਾਜ ਤਾਜਿ ਅਨੇਕ.

**ਰੂਪਘਨਾਖਰੀ** ਦੇਖੋ, ਘਨਾਖਰੀ ਦਾ ਉਦਾਹਰਣ (ੲ)

## ਰੂਪਮਾਲਾ

**ਇਸ ਦਾ ਨਾਮ "ਮਦਨ" ਭੀ ਹੈ.**

ਲਛਣ—ਚਾਰ ਚਰਣ, ਪ੍ਰਤਿ ਚਰਣ **24** ਮਾਤ੍ਰਾ, **14—10** ਪਰ ਵਿਸ਼੍ਰਾਮ, ਅੰਤ ਗੁਰੁ ਲਘੁ. ਉਦਾਹਰਣ—

ਕੂੜ ਰਾਜਾ ਕੂੜ ਪਰਜਾ, ਕੂੜ ਸਭ ਸੰਸਾਰ,
ਕੂੜ ਮੰਡਪ ਕੂੜ ਮਾੜੀ ਕੂੜ ਬੈਸਣਹਾਰ.×××

[ਮ: 1 ਵਾਰ ਆਸਾ]

## ਰੇਖ਼ਤਾ ریخته

ਏਹ ਕੋਈ ਛੰਦ ਦੀ ਜਾਤਿ ਨਹੀਂ, ਪ੍ਰਾਕ੍ਰਿਤ ਭਾਸ਼ਾ ਦੀ ਕਵਿਤਾ ਦਾ ਨਾਮ ਫ਼ਾਰਸੀ ਵਿਖੇ ਰਖ਼ਤਾ ਹੈ. ਖ਼ਾਸ ਕਰਕੇ ਫ਼ਾਰਸੀ ਹਿੰਦੀ ਪਦ ਜਿਸ ਛੰਦ ਵਿੱਚ ਮਿਸ਼੍ਰਿਤ ਹੋਣ ਉਸ ਦੀ ਇਹ ਸੰਗ੍ਯਾ ਹੈ. ਇਸ ਨਿਯਮ ਅਨੁਸਾਰ ਪਹਿਲੇ ਚੰਡੀਚਰਿਤ੍ਰ ਵਿਖੇ ਕਬਿੱਤ (ਮਨਹਰ) ਨੂੰ ਰੇਖ਼ਤਾ ਲਿਖਿਆ ਹੈ, ਯਥਾ :—

ਕਰੀ ਹੈ ਹਕੀਕਤ ਮਾਲੂਮ ਖ਼ੁਦ ਦੇਵੀ ਸੇਤੀ,
ਲੀਆ ਮਹਿਖਾਸੁਰ ਹਮਾਰਾ ਛੀਨ ਧਾਮ ਹੈ,
ਕੀਜੈ ਸੋਈ ਮਾਤ ਬਾਤ ਤੁਮ ਕੋ ਸੁਹਾਤ ਸਭ,
ਸੇਵਕ ਕਦੀਮ ਤਕ ਆਏ ਤੇਰੀ ਸਾਮ ਹੈ,
ਦੀਜੈ ਬਾਜ਼ ਦੇਸ਼* ਹਮੈ ਮੇਟੀਐ ਕਲੇਸ਼ ਲੇਸ਼,
ਕੀਜੀਐ ਅਭੇਸ† ਉਨੈ ਬਡੋ ਯਹ ਕਾਮ ਹੈ,

*ਸਾਡਾ ਮੁਲਕ ਵਾਪਿਸ ਮਿਲੇ. †ਨੇਸ੍ਤ ਨਾਬੂਦ.

ਕੂਕਰ ਜੋਂ ਮਾਰਤ ਨ ਕੋਊ ਨਾਮ ਲੈਕੇ ਤਾਹਿ.
ਮਾਰਤ ਹੈਂ ਤਾਂਕੋ ਲੈਕੇ ਖਾਵੰਦ ਕੋ ਨਾਮ ਹੈ.

2 ਬਾਵਾ ਸੁਮੇਰ ਸਿੰਘ ਨੇ "ਗੁਰੁਪਦਪ੍ਰੇਮ ਪ੍ਰਕਾਸ਼" ਵਿੱਚ 48 ਮਾਤ੍ਰਾ ਦਾ ਰੇਖ਼ਤਾ ਲਿਖਿਆ ਹੈ, ਵਾਸਤਵ ਵਿੱਚ ਇਹ "ਇੰਦੁਮਣੀ" ਛੰਦ ਹੈ. ਇੰਦੁਮਣੀ ਦਾ ਲਕ੍ਸ਼ਣ ਹੈ—ਚਾਰ ਚਰਣ, ਪ੍ਰਤਿ ਚਰਣ 48 ਮਾਤ੍ਰਾ, ਬਾਰਾਂ ਬਾਰਾਂ ਮਾਤ੍ਰਾ ਪਰ ਚਾਰ ਵਿਸ਼੍ਰਾਮ. ਹਰੇਕ ਵਿਸ਼੍ਰਾਮ ਦੇ ਅੰਤ ਗੁਰੁ.

**ਉਦਾਹਰਣ**

ਜਹਿਂ ਦੇਗ ਤੇਗ ਹੋਈ, ਤਹਿਂ ਕਰਾਮਾਤ ਜੋਈ,
ਮਨ ਕਪਟ ਧਾਰ ਸੋਈ, ਬੋਲੰਤ ਬੈਨ ਪੈਨਾ,
ਭਾਜਜੋ ਤਬੈ ਸਿਰੰਦੀ,‡ ਜਿਂਹ ਜੀਅ ਚਾਹ ਮੰਦੀ,
ਕਾਯਰ ਕੁਪੂਤ ਗੰਦੀ, ਮਲਮੂਤ ਮਾਨ ਹੈਨਾ,
ਸਤਿਗੁਰੁ ਕ੍ਰਿਪਾਨਿਧਾਨਾ, ਛੋਰਜੇ ਭਜਜੋ ਪਠਾਨਾ,
ਨਿਤ ਹਰਖ ਸ਼ੋਕ ਹਾਨਾ, ਇਕ ਥਿਰਤਿ ਚਿੱਤ ਦੈਨਾ;
ਜਿਂਹ ਨਾਮ ਲੈਤ ਜਮ ਕਾ, ਨਹਿ ਰਹਿਤ ਮੋਹ ਭ੍ਰਮ ਕਾ,
ਛੂਟਤ ਕਲੇਸ਼ ਰਮਕਾ, ਉਪਜੰਤ ਸਾਂਤਿ ਐਨਾ.

3. ਬਾਬੂ ਜਗੰਨਾਥ ਜੀ ਨੇ "ਦਿਗਪਾਲ" ਛੰਦ ਦਾ ਹੀ ਰੂਪਾਂਤਰ ਰੇਖ਼ਤਾ ਮੰਨਿਆ ਹੈ.

**ਰੋਲਹੰਸਾ** ਦੇਖੋ. ਛੱਪਯ ਦਾ ਭੇਦ 15.

## ਰੋਲਾ

**ਇਸ ਦਾ ਨਾਮ "ਕਾਵ੍ਯ" ਅਤੇ "ਬੱਥੂ" ਭੀ ਹੈ.**

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 24 ਮਾਤ੍ਰਾ, 11—13 ਪਰ ਵਿਸ਼੍ਰਾਮ. ਕੁੰਡਲੀਆ ਛੰਦ ਦੇ ਪਿਛਲੇ ਚਾਰ ਚਰਣ ਅਰੁ ਛੱਪਯ ਦੇ ਪਹਿਲੇ ਚਾਰ ਪਾਦ, ਰੋਲਾ ਛੰਦ ਦਾ ਰੂਪ ਹੈ. ਇਸ ਛੰਦ ਦੇ ਹਰੇਕ ਚਰਣ ਵਿੱਚ ਗ੍ਯਾਰਵੀਂ ਮਾਤ੍ਰਾ ਲਘੁ ਹੋਣੀ ਚਾਹੀਏ. **ਉਦਾਹਰ** —

ਅਦਭੁਤ ਅਤਹਿ ਅਨੂਪ, ਰੂਪ ਪਾਰੰਸ ਕੈ ਪਾਰਸ,
ਗੁਰੁ ਅੰਗਦ ਮਿਲ ਅੰਗ, ਸੰਗ ਮਿਲ ਸੰਗ ਸੁਧਾਰਸ.
ਅਕਲ ਕਲਾ ਭਰਪੂਰ, ਸੂਤ੍ਰਗਤਿ ਓਤ ਪੋਤ ਮਹਿ,
ਜਗਮਗ ਜੋਤ ਸਰੂਪ, ਜੋਤਿ ਮਿਲ ਜੋਤਿ ਜੋਤਿ ਮਹਿ.

[ ਭਾਈ ਗੁਰੁਦਾਸ ਜੀ ]

## ਰੰਗੀ

ਲਕ੍ਸ਼ਣ—ਚਾਰ ਚਰਣ, ਪ੍ਰਤਿ ਚਰਣ 28 ਅੱਖਰ, ਪਹਿਲਾ ਵਿਸ਼੍ਰਾਮ ਨੌ ਪਰ, ਦੂਜਾ ਅਤੇ ਤੀਜਾ ਸੱਤ ਸੱਤ ਪਰ, ਚੌਥਾ ਵਿਸ਼੍ਰਾਮ ਪੰਜ ਅੱਖਰਾਂ ਪਰ ਅੰਤ ਲਘੁ ਗੁਰੁ. **ਉਦਾਹਰਣ**—

---

‡ਸਰਹਿੰਦ ਦਾ ਸੂਬਾ.

ਕਰਤਾਰ ਧਯਾਨ ਧਰੀਏ, ਸ਼ੁਭ ਕਾਮ ਕਰੀਏ,
ਪਾਪ ਪਰਿਹਰੀਏ, ਗੁਰੂ ਨੇ ਕਹੀ,
ਸਦ ਆਲਸ ਕੋ ਤਯਾਗੀਏ, ਉੱਦਮ ਸੇ ਲਾਗੀਏ,
ਪ੍ਰੇਮ ਪ੍ਰਭੁ ਪਾਗੀਏ, ਸਿੱਖ ਹੈ ਸਹੀ. × × ×

2. ਮਾਤ੍ਰਿਕ ਰੰਗੀ, ਤ੍ਰਿਭੰਗੀ ਦਾ ਹੀ ਇੱਕ ਰੂਪਾਂਤਰ ਹੈ, ਭੇਦ ਇਤਨਾ ਹੈ ਕਿ ਚੌਥੇ ਚਰਣ ਦੀਆਂ ਸੱਤ ਮਾਤ੍ਰਾ ਹੁੰਦੀਆਂ ਹਨ. ਤ੍ਰਿਭੰਗੀ ਦਾ ਚੌਥਾ ਵਿਸ਼੍ਰਾਮ ਛੀ ਮਾਤ੍ਰਾ ਪਰ ਹੋਯਾ ਕਰਦਾ ਹੈ.

3. ਗਣਛੰਦ ਰੰਗੀ ਦਾ ਸਰੂਪ ਇਹ ਹੈ—ਚਾਰ ਚਰਣ, ਪ੍ਰਤਿ ਚਰਣ ਇੱਕ ਰਗਣ, ਇੱਕ ਗੁਰੂ. SIS, S. **ਉਦਾਹਰਣ**—

ਸੀਖ ਮਾਨੋ । ਪ੍ਰੇਮ ਠਾਨੋ । ਏਕ ਪੂਜੋ ! ਤਯਾਗ ਦੂਜੋ ॥

**ਲਖਮੀਧਰਾ** ਦੇਖੋ, ਅਚਕੜਾ.

**ਲਘੁ ਨਰਾਜ** ਦੇਖੋ, ਨਰਾਜ ਲਘੁ.

**ਲਲਤਪਦ** ਦੇਖੋ, ਲਲਿਤਪਦ.

**ਲਲਿਤ** ਦੇਖੋ, ਸਵੈਯੇ ਦਾ ਰੂਪ 8.

## ਲਲਿਤਪਦ

ਲਛਣ—ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ, 16—12 ਪਰ ਵਿਸ਼੍ਰਾਮ, ਅੰਤ ਦੋ ਗੁਰੂ. ਏਹ ਸਾਰ ਛੰਦ ਦਾ ਹੀ ਨਾਮਾਂਤਰ ਹੈ. **ਉਦਾਹਰਣ**—

ਤਬ ਵਿਚਿਤ੍ਰ ਸਿੰਘ ਰਿਦੇ ਵਿਚਾਰਯੋ,
ਇਹ ਅਵਸਰ ਅਬ ਮੇਰਾ,*
ਹਤੋਂ ਮਤੰਗ ਅੰਗ ਮੇਂ ਬਰਛਾ,
ਕਰਕੇ ਓਜ ਘਨੇਰਾ,
ਚਰਬਤ ਓਠਨ ਲਾਲ ਬਿਲੋਚਨ,
ਫਰਕਤ ਮੂਛ ਉਠਾਈ,
ਭ੍ਰਿਕੁਟੀ ਚਢੀ ਕੁਟਿਲ ਮੁਖ ਲਾਲੀ,
ਸਮਸ† ਮਹਾਂ ਛਬਿ ਛਾਈ,
ਪਗ ਕੋ ਬਲ ਰਕਾਬ ਪਰ ਕਰਕੈ,
ਉਛਰਯੋ ਆਸਨ ਛੋਰਾ,
ਸਭ ਸਰੀਰ ਕੋ ਓਜ ਸੰਭਰਕੈ,
ਹਯ ਫਾਂਧਯੋ ਗਜ ਓਰਾ.

*ਏਹ ਆਨੰਦਪੁਰ ਦੇ ਜੰਗ ਦਾ ਪ੍ਰਸੰਗ ਹੈ, ਜਦ ਭਾਈ ਵਿਚਿਤ੍ਰ ਸਿੰਘ ਜੀ ਨੇ ਰਾਜਾ ਜਸਵਾਲੀਏ ਦਾ ਮਸਤ ਹਾਥੀ ਬਰਛਾ ਮਾਰ ਕੇ ਭਜਾਯਾ ਸੀ.

†ਦਾੜ੍ਹੀ. ਸ਼੍ਮਸ਼੍ਰੂ.

ਸੈਫ ਬਚਾਇ ਚਲਾਇ ਸੁ ਬਰਛਾ,
ਤਵਾ ਫੁਲਾਦੀ ਫੋਰਾ,
ਧਸਯੋ ਜਾਇ ਗਜ ਮਸ੍ਤਕ ਮੇ ਜਬ,
ਪੁਨ ਕਰ ਜੁਗ ਕਰ ਜੋਰਾ,
ਕਰਯੋ ਧਸਾਵਨ ਪ੍ਰਵਸਯੋ ਐਸੇ,
ਉਪਮਾ ਕਹੌਂ ਬਨਾਈ,
ਕ੍ਰੌਂਚ‡ ਸੈਲ ਮੇ ਜਨੁ ਸਿਵਨੰਦਨ§,
ਬਰਛੀ ਮਾਰ ਧਸਾਈ,
ਵਾਸੁਕਿ ਕਿਧੌਂ ਬੇਗ ਕਰ ਦੀਰਘ,
ਵਿਨਤਾਸੁਤ:: ਕੇ ਤ੍ਰਾਸਾ,
ਦੇਖ ਰੰਧ੍ਰ ਗਿਰਿ ਵਿਖੈ ਪ੍ਰਵੇਸਯੋ,
ਨਹਿ ਪੁਨ ਬਦਨ ਨਿਕਾਸਾ.

[ ਗੁਰਪ੍ਰਤਾਪ ਸੂਰਯ ]

2. ਦੂਜਾ ਰੂਪ—ਪ੍ਰਤਿ ਚਰਣ 27 ਮਾਤ੍ਰਾ, 15—12 ਪਰ ਵਿਸ਼੍ਰਾਮ, ਅੰਤ ਲਘੁ.

ਉਦਾਹਰਣ—

ਸਭਿ ਕਾਰਜ ਕੇ ਆਦਿ ਮਨਾਯ,
ਜਗਤਨਾਥ ਸੁਖਦਾਨਕ,
ਸਿੱਖਨ ਕੋ ਯਹਿ ਦੀਨ ਬਤਾਇ,
ਕਲਿ ਤਾਰਨ ਗੁਰੂ ਨਾਨਕ. × × ×

ਲ਼ਵੰਗਲਤਾ ਦੇਖੋ, ਸਵੈਯੇ ਦਾ ਰੂਪ 32.

## ਲਾਉਨੀ—ਲਾਵਨੀ

**ਏਹ ਛੰਦ ਤਾਟੰਕ ਦਾ ਹੀ ਇੱਕ ਭੇਦ ਹੈ.**

ਚਾਰ ਚਰਣ ਤੋਂ ਲੈ ਕੇ 20 ਚਰਣ ਤੀਕ ਇਸ ਦੇ ਪਦ ਹੋਯਾ ਕਰਦੇ ਹਨ. ਪ੍ਰਤਿ ਚਰਣ 30 ਮਾਤ੍ਰਾ, ਪਹਿਲਾ ਵਿਸ਼੍ਰਾਮ 16 ਪਰ ਅੰਤ ਗੁਰੁ, ਦੂਜਾ ਵਿਸ਼੍ਰਾਮ 14 ਪਰ, ਅੰਤ ਲਘੁ ਗੁਰੁ.

ਉਦਾਹਰਣ—

ਸ੍ਰੀ ਗੁਰੁ ਨਾਨਕ ਸੂਰਜ ਪ੍ਰਗਟੇ,
ਦਸਦਿਸ ਮਾਹਿ ਪ੍ਰਕਾਸ਼ ਭਯਾ,
ਛਪੇ ਪਖੰਡੀ ਤਾਰਾ ਗਣ ਜਯੋਂ,
ਤਮ ਅਗਜਾਨ ਵਿਨਾਸ਼ ਭਯਾ,
ਸਮ ਉਲੂਕ ਜ਼ਾਲਿਮ ਅਨਜਾਈ,
ਤਿਨ ਕੋ ਬਿਲ ਮੇ ਬਾਸ ਭਯਾ,
ਕਾਮੀ ਕੁਟਿਲ ਚਕੋਰ ਉਦਾਸੇ,

‡ਹਰਿਵੰਸ਼ ਅਨੁਸਾਰ ਕ੍ਰੌਂਚ ਪਰਬਤ ਹਿਮਾਲਯ ਦਾ ਪੋਤਾ ਹੈ.
§ਸਕੰਦ. ਸ਼ਿਵ ਦਾ ਬਡਾ ਪੁੱਤਰ. ::ਗਰੁੜ.

ਗੁਰਮੁਖ ਕੋਕ* ਹੁਲਾਸ ਭਯਾ,
ਪਾਪੀ ਮਨ ਕੁਮੋਦ ਮੁਰਝਾਏ,
ਧਰਮੀ ਕਮਲ ਵਿਕਾਸ ਭਯਾ,
ਬਾਣੀ ਕਿਰਣ ਜਗਤ ਮੇ ਫੈਲੀ,
ਸੰਸਯ ਤਿਮਿਰ ਨਿਰਾਸ ਭਯਾ,
ਚਮਤਕਾਰ ਸਨਮੁਖ ਨੇ ਪਾਯਾ,
ਵਿਮੁਖ ਅੰਧੇਰੇ ਪਾਸ ਭਯਾ,
ਜਿਨ ਜਨ ਸੇਵੀ ਆਤਪ† ਸੇਵਾ,
ਸੋ ਗੁਣ ਗਸ ਕੀ ਰਾਸਿ ਭਯਾ,
ਪਰਮ ਅਨੰਦ ਮੋਖ ਤਿਸ ਪਾਈ,
ਜੋ ਸਤਗੁਰੁ ਕੋ ਦਾਸ ਭਯਾ,
ਹਰਿਵ੍ਰਿਜੇਸ਼ ਕੇ ਮਨ ਮਧੁਕਰ ਕੋ,
ਗੁਰੁ ਪਦ ਪਦਮ ਨਿਵਾਸ ਭਯਾ.

2. ਲਾਵਨੀ ਦਾ ਦੂਜਾ ਭੇਦ ਹੈ ਕਿ ਪਹਿਲੇ ਵਿਸ਼੍ਰਾਮ ਦੇ ਅੰਤ ਗੁਰੁ ਦਾ ਨਿਯਮ ਨਾ ਹੋਵੇ, ਯਥਾ :—

ਸ਼ਸਤ੍ਰ ਸਜਾਇ ਬਨਾਇ ਬਸਤ੍ਰ ਤਨ,
ਸਭ ਕੀ ਸੁਧ ਗੁਰਦੇਵ ਕਰੈਂ,
ਗੁਰੁਤਾ ਨ੍ਰਿਪਤਾ ਦੋਊ ਬਿਧਿ ਸਿਧ,
ਭਲੀ ਭਾਂਤ ਅਧਿਕਾਰ ਧਰੈਂ,
ਮਨਸਾ ਵਾਚਾ ਕਰਮ ਜੁ ਕੋਊ,
ਪ੍ਰੇਮੀ ਪ੍ਰਭ ਪਦ ਪਰਮ ਖਰਾ,
ਹਰਿਸੁਮੇਰੁ ਸੋ ਗੁਰੁਗਤਿ ਸਮਝਤ,
ਨੀਚ ਲਖੈ ਕਤ ਸੁਮਤਿ ਹਰਾ. ?

[ਗੁਰੁਪਦਪ੍ਰੇਮ ਪ੍ਰਕਾਸ਼]

## ਲੀਲਾਵਤੀ

ਲਛਣ—ਚਾਰ ਚਰਣ, ਪ੍ਰਤਿ ਚਰਣ 32 ਮਾਤ੍ਰਾ, 18—14 ਪਰ ਵਿਸ਼੍ਰਾਮ, ਅੰਤ ਸਗਣ IIS. ਉਦਾਹਰਣ—

ਪਹਿਲ ਤੁਮ ਪੂਰਣ ਵਿਦਯਾ ਸਿੱਖੋ,
ਫਿਰ ਉਸ ਕਾ ਪਰਿਚਾਰ ਕਰੋ,
ਕੀਜੈ ਉਪਕਾਰ ਸਰਬ ਕੇ ਊਪਰ,
ਵੈਰ ਵਿਰੋਧ ਨ ਚਿੱਤ ਧਰੋ. + + +

*ਚਕਵਾ. †ਧੁੱਪ. ਪ੍ਰਭਾ.

2. ਬਾਵਾ ਰਾਮਦਾਸ ਜੀ ਨੇ ਲੀਲਾਵਤੀ ਦੇ ਅੰਤ ਸਗਣ ਦੀ ਥਾਂ ਜਗਣ ਵਿਧਾਨ ਕੀਤਾ ਹੈ, ਯਥਾ :—

ਬਾਲੋਂ ਹ਼ੈ ਨਿੱਕੀ ਖੰਡਤੋਂ ਤਿੱਖੀ,
ਸਤਗੁਰੁ ਕੀ ਉੱਤਮ ਸਿੱਖੀ. + + +

## ਵਸੰਤਤਿਲਕਾ

ਲਛਣ—ਚਾਰ ਚਰਣ, ਪ੍ਰਤਿ ਚਰਣ ਤ, ਭ, ਜ, ਜ, ਗ, ਗ. ऽऽ।, ऽ।।, ।ऽ।, ।ऽ।, ऽ, ऽ.

ਉਦਾਹਰਣ—

यत्रामृतस्य सरसा हरिमंदिरं वै,
मध्ये विभाति कनकेन कृतं विचित्रैः,
नानाविधै र्मणि गणा र्घटितं च दिव्यम्,
श्री रामदास नगरं भज तत्सुबुद्धे ॥

[ਗੁਰੁ ਨਾਨਕ ਸਤੋਤ੍ਰ ਰਤਨਾਕਰ]

ਗਜਾਨੀ ਸਦੈਵ ਜਿਸਕੇ ਮਨਮੇ ਵਸਾਤੇ,
ਧਯਾਨੀ ਅਖੰਡ ਲਿਵ ਸੇ ਨਿਤ ਜਾਂਹਿ ਧਯਾਤੇ,
ਹੈ ਪੂਜਯ ਸੋ ਸਭਨਕੋ ਯਹ ਸਤਯ ਜਾਨੋ,
ਦੂਜੋ ਨ ਤੁਲਯ ਤਿਸ ਕੇ ਗੁਰੁ ਨੇ ਬਖਾਨੋ.

ਵਾਪੀ ਦੇਖੋ, ਅਨਾਦ.
ਵਾਮ ਦੇਖੋ. ਸਵੈਯੇ ਦਾ ਰੂਪ 25.
ਵਿਸਨੁਪਦ ਦੇਖੋ, ਬਿਸਨੁਪਦ.
ਵਿਸ਼ੇਸਕ ਦੇਖੋ, ਬਿਸੇਖ.
ਵਿਚਿਤ੍ਰਪਦਾ ਦੇਖੋ, ਚਿਤ੍ਰਪਦਾ ਅਤੇ ਬਿਚਿਤ੍ਰਪਦ.
ਵਿਚਿਤ੍ਰਾ ਦੇਖੋ, ਨਰਾਜ.
ਵਿਜਯ ਦੇਖੋ, ਬਿਜੈ.

## ਵਿਜਯਾ

ਲਛਣ—ਚਾਰ ਚਰਣ, ਪ੍ਰਤਿ ਚਰਣ 40 ਮਾਤ੍ਰਾ, ਦਸ ਦਸ ਮਾਤ੍ਰਾ ਪਰ ਚਾਰ ਵਿਸ਼੍ਰਾਮ, ਅੰਤ ਰਗਣ ऽ।ऽ. ਉਦਾਹਰਣ—

ਪ੍ਰਿਥਮ ਮਧੁਕੈਟ ਮਦ, ਮਥਨਿ ਮਹਿਖਾਸੁਰੈ,
ਮਾਨ ਮਰਦਨ ਕਰਨਿ, ਤਰਨਿ ਬਰਬੰਡਿਕਾ,
ਧੂਮ੍ਰਦ੍ਰਿਗ ਧਰਨਿ ਧਰ, ਧੂਰ ਧਾਨੀ ਕਰਨਿ.
ਚੰਡ ਅਰ ਮੁੰਡ ਕਰ, ਮੁੰਡ ਖੰਡਖੰਡਿਕਾ,
ਰਕ੍ਤਬੀਜਾਰਨੀ, ਰਕ੍ਤ ਭੱਛਨ ਕਰਨਿ,
ਦਰਨਿ ਅਨਿ ਸੁੰਭ ਰਨ, ਰਾਰ ਰਿਸ ਮੰਡਿਕਾ,

ਸ਼ੁੰਭ ਬਲਧਾਰ ਸੰਘਾਰ ਕਰਵਾਰ ਕਰ,
ਸਕਲ ਖਲ ਅਸੁਰ ਦਲ, ਜੈਤਿ ਜੈ ਚੰਡਿਕਾ*

[ਦਸਮਗ੍ਰੰਥ, ਚੰਡੀ ਚਰਿਤ੍ਰ 1]

ਪ੍ਰਿਥਮ ਟੰਕੋਰ ਝੁਕ ਝਾਰ ਸੰਸਾਰ ਮਦ,
ਚੰਜ ਕੋਦੰਡ ਰਹਿ ਮੰਡ ਨਵ ਖੰਡ ਕੋ,
ਚਾਲ ਅਚਲਾ ਅਚਲ ਘਾਲ ਦਿਗਪਾਲ ਬਲ,
ਪਾਲਿ ਰਿਖਿਰਾਜ ਕੇ ਬਚਨ ਪਰਚੰਡ ਕੋ,
ਸੋਧ ਦੈ ਈਸ਼ ਕੋ ਬੋਧ ਜਗਦੀਸ਼ ਕੋ,
ਕ੍ਰੋਧ ਉਪਜਾਯ ਭ੍ਰਿਗੁਨੰਦ ਬਰਬੰਡ ਕੋ,
ਬਾਂਧ ਬਰ ਸ੍ਵਰਗ ਕੋ ਸਾਧ ਅਪਵਰਗ ਧਨੁ-
ਭੰਗ ਕੋ ਸ਼ਬ੍ਦ ਗਜ੍ਯੋ ਭੇਦ ਬ੍ਰਹਮੰਡ ਕੋ.†

[ਰਾਮ ਚੰਦ੍ਰਿਕਾ]

**ਵਿਜਯੀ** ਦੇਖੋ, ਸਵੈਯੇ ਦਾ ਰੂਪ 33.
**ਵਿਜੋਹਾ** ਦੇਖੋ, ਬਿਰਾਜ.

## *ਵਿਦ੍ਯੁਨਮਾਲਾ*

ਲਛਣ—ਚਾਰ ਚਰਣ, ਪ੍ਰਤਿ ਚਰਣ ਮ, ਮ, ਗ, ਗ. SSS, SSS, S, S. **ਉਦਾਹਰਣ**—

ਸਿੱਖੀ ਧਾਰੋ ਤ੍ਯਾਗੋ ਮਾਨੰ। ਕੀਜੈ ਸੇਵਾ ਦੀਜੈ ਦਾਨੰ।
ਮਿੱਠਾ ਬੋਲੋ ਪਾਲੋ ਪ੍ਰੇਮੰ। ਹੋ ਸ਼੍ਰੱਧਾਲੂ ਪਾਕ ਖੇਮੰ॥

**ਵਿਦ੍ਰਮਵੇਲੀ** ਦੇਖੋ, ਬੇਲੀਬਿਦ੍ਰਮ.
**ਵਿਬੁਧਪ੍ਰਿਯਾ** ਦੇਖੋ, ਚਚਰੀਆ.
**ਵਿਮੋਹਾ** ਦੇਖੋ, ਬਿਰਾਜ.
**ਵਿਰਦ** ਦੇਖੋ, ਬਿਰਦ.
**ਵਿਰਾਜ** ਦੇਖੋ, ਬਿਰਾਜ.
**ਵ੍ਯਾਲ** ਦੇਖੋ, ਦੋਹਰੇ ਦਾ ਰੂਪ 1.

——o——

### ਛੱਪਯ

ਪਿਖ ਭਾਰਤ ਕੋ ਦੀਨ ਹੀਨ ਵੀਰਤ੍ਵ ਸਤ ਬਿਨ,
ਗਹੀ ਹਾਥ ਸ਼ਮਸ਼ੇਰ ਦਿਯੋ ਸਰਵਸ੍ਵ ਵਾਰ ਜਿਨ,
ਲਖ ਅਵਿਦ੍ਯ ਨਿਜ ਦੇਸ਼ ਕਵੀ ਕੋਵਿਦ ਇਕਤ੍ਰ ਕਰ,
ਕਰਧਰ ਕਲਮ ਅਨੂਪ ਰਚ੍ਯੋ ਜਿੰਹ ਕਾਵ੍ਯ ਮਨੋਹਰ,
ਅਸ ਸ਼੍ਰੀਗੁਰੁ ਗੋਬਿੰਦ ਸਿੰਘ ਕੇ ਚਰਨਨ ਪੈ ਮਸਤਕ ਧਰਤ,
ਗੁਰੁਛੰਦ ਦਿਵਾਕਰ ਗ੍ਰੰਥ ਯਹਿ ਹਰਿ ਵ੍ਰਿਜੇਸ਼ ਭੇਟਾ ਕਰਤ.

## —:*ਇਤਿ*:—

*ਕਿਸੇ ਲਿਖਾਰੀ ਨੇ ਇਸ ਦਾ ਸਿਰਲੇਖ "ਕਬਿੱਤ" ਲਿਖ ਦਿੱਤਾ ਹੈ. ਜੇ "ਕਵਿਤ੍ਵ" ਸ਼ਬਦ ਦਾ ਅਰਥ ਦੇਖੀਏ ਤਦ ਹਰੇਕ ਛੰਦ ਨੂੰ ਕਬਿੱਤ ਕਹਿਆ ਜਾ ਸਕਦਾ ਹੈ.

†ਜਨਕਪੁਰੀ ਵਿੱਚ ਰਾਮ ਚੰਦ੍ਰ ਜੀ ਦੇ ਧਨੁਖ ਤੋੜਨ ਦਾ ਪ੍ਰਸੰਗ ਹੈ.

ਭਾਸ਼ਾ ਵਿਭਾਗ ਪੰਜਾਬ